# ਵਤਨ

15

ਵਤਨ
ਜਨਵਰੀ/ਫਰਵਰੀ/ਮਾਰਚ, 1993
Jan./Feb./Mar.,1993



ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

• ਹਿੰਦੁਸਤਾਨ ਦੇ ਸਿਆਸੀ ਹਾਲਤ ਜੋ ਹਮੇਸ਼ਾਂ ਹੀ ਨਿਗਾਰ ਵੱਲ ਜਾਂਦੇ ਪਰਤੀਤ ਹੁੰਦੇ ਹਨ, ਦਸੰਬਰ 1992 ਵਿਚ ਬਾਬਰੀ ਮਸਜਿਦ ਦੇ ਢਾਹੁਣ ਦੀ ਦੁਰਘਟਨਾ ਨਾਲ ਬਹੁਤ ਹੀ ਖਤਰਨਾਕ ਮੋੜ ਕੱਟ ਗਏ ਹਨ। ਬਾਬਰੀ ਮਸਜਦ ਦੇ ਢ਼ਾਹੇ ਜਾਣ ਨੇ ਹਿੰਦੁਸਤਾਨ ਨੂੰ ਅਜਿਹੇ ਮੋੜ ਤੇ ਲਿਆ ਖੜ੍ਹਾ ਕੀਤਾ ਹੈ ਜਿੱਥੋਂ ਅਗਾਂਹ ਵੱਲਾਂ ਪੁੱਟਿਆ ਇਕ ਵੀ ਕਦਮ ਤਬਾਹੀ ਦੀ ਖੱਡ ਵੱਲ ਨੂੰ ਪੁੱਟਿਆ ਆਖਰੀ ਕਦਮ ਹੋ ਸਕਦਾ ਹੈ। ਬਦਕਿਸਮਤੀ ਇਹ ਹੈ ਕਿ ਹਿੰਦੁਸਤਾਨ ਵਿਚ ਮੌਜੂਦ ਨਾਂਹ-ਪੱਖੀ ਤਾਕਤਾਂ ਅਜਿਹਾ ਕਰਨ ਲਈ ਬਜਿੱਦ ਹਨ। ਇਹਨਾਂ ਤਾਕਤਾਂ ਨੂੰ ਰੋਕਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਿੰਦੁਸਤਾਨ ਵਿਚਲੀਆਂ ਲੋਕਤੰਤਰਿਕ ਸ਼ਕਤੀਆਂ ਦੀ ਦੇਸ਼ ਭਰ ਵਿਚ ਲਾਮਬੰਦੀ ਹੋਵੇ। ਅਸੀ ਬਾਹਰ ਬੈਠੇ ਜਿੱਥੇ ਬਾਬਰੀ ਮਸਜਿਦ ਅਤੇ ਉਸਤੋਂ ਬਾਅਦ ਵਾਪਰੀਆਂ ਘਟਨਾਵਾਂ ਦੇ ਵਾਪਰਨ ਤੇ ਅਫਸੋਸ ਅਤੇ ਦੁੱਖ ਜਾਹਰ ਕਰਦੇ ਹਾਂ, ਉੱਥੇ ਲੋਕਤੰਤਰਤਾ ਅਤੇ ਸੈਕੂਲਰ ਪੱਧਰ ਤੇ ਲਾਮਬੰਦ ਹੋ, ਇਕ ਬਹੁਤ ਹੀ ਮੁਸ਼ਕਿਲ ਲੜਾਈ ਲੜ ਰਹੀਆਂ ਸ਼ਕਤੀਆਂ ਦੀ ਜਿੱਤ ਲਈ ਦੁਆ ਕਰਦੇ ਹਾਂ।

• • ਪੰਜਾਬ ਵਿਚੋਂ ਆ ਰਹੀਆਂ ਖਬਰਾਂ ਤੋਂ ਲੱਗਦਾ ਹੈ ਕਿ ਇਕ ਦਹਾਕੇ ਬਾਅਦ ਪੰਜਾਬ ਦੇ ਹਾਲਤਾਂ ਨੇ ਇਕ ਨਵਾਂ ਮੋੜ ਕੱਟਿਆ ਹੈ। ਲੱਗਦਾ ਹੈ ਕਿ ਪੰਜਾਬ ਵਿਚ ਸ਼ਾਂਤੀ ਦਾ ਨਵਾਂ ਦੌਰ ਸ਼ੁਰੂ ਹੋਣ ਵਾਲਾ ਹੈ। ਜਿੱਥੇ ਸਾਨੂੰ ਇਸ ਸ਼ਾਂਤੀ ਨੂੰ ਜੀਅ ਆਇਆਂ ਕਹਿਣਾ ਬਣਦਾ ਹੈ ਉੱਥੇ ਇਸ ਸ਼ਾਂਤੀ ਦੀ ਤਹਿ ਹੇਠ ਵੀ ਦੇਖਣਾ ਬਣਦਾ ਹੈ। ਪਿਛਲੇ 10-12 ਸਾਲਾਂ ਦੌਰਾਨ ਵੱਖ ਵੱਖ ਹਲਕਿਆਂ ਵੱਲੋਂ ਇਹ ਗੱਲ ਵਾਰ ਵਾਰ ਕਹੀ ਜਾਂਦੀ ਰਹੀ ਹੈ ਕਿ ਪੰਜਾਬ ਦੇ ਹਾਲਾਤ ਸਿਆਸੀ ਹੱਲ ਦੀ ਮੰਗ ਕਰਦੇ ਹਨ ਫੌਜੀ ਹੱਲ ਦੀ ਨਹੀਂ। ਜੇ ਪੰਜਾਬ ਵਿਚ ਸਦੀਵੀ ਸ਼ਾਂਤੀ ਆਉਣੀ ਹੈ ਤਾਂ ਪੰਜਾਬ ਮਸਲੇ ਦੇ ਸਿਆਸੀ ਹੱਲ ਕਾਰਨ ਹੀ ਆਉਣੀ ਹੈ। ਪਰ ਪੰਜਾਬ ਵਿਚ ਹੁਣ ਆਈ ਸ਼ਾਂਤੀ ਸਿਆਸੀ ਹੱਲ ਕਾਰਨ ਨਹੀਂ ਸਗੋਂ ਸਰਕਾਰ ਦੀਆਂ ਫੋਜਾਂ/ਪੁਲਿਸ ਵਲੋਂ ਵਰਤੀ ਤਾਕਤ ਨਾਲ ਆਈ ਹੈ। ਕੀ ਇਹ ਸ਼ਾਂਤੀ ਸਦੀਵੀ ਰਹਿ ਸਕੇਗੀ? ਇਸ ਬਾਰੇ ਪੂਰੇ ਭਰੋਸੇ ਨਾਲ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਸਦੀਵੀ ਸ਼ਾਂਤੀ ਦਾ ਭਰੋਸਾ ਤਾਂ ਹੀ ਬੱਝ ਸਕਦਾ ਹੈ ਜੇ ਸਰਕਾਰ ਪੰਜਾਬ ਮਸਲੇ ਦਾ ਸਿਆਸੀ ਹੱਲ ਕਰਨ ਬਾਰੇ ਸੋਚੇ। ਪਰ ਸਰਕਾਰ ਦੇ ਹੁਣ ਤੱਕ ਦੇ ਵਰਤਾਅ ਤੋਂ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਉਸਨੇ ਅਜਿਹਾ ਕੁੱਝ ਨਹੀਂ ਕਰਨਾ ਜਿੰਨਾ ਚਿਰ ਉਸਤੇ ਸਾਰੇ ਲੋਕਾਂ ਵੱਲੋਂ ਦਬਾਅ ਨਾ ਪਾਇਆ ਜਾਵੇ। ਇਸ ਲਈ ਅਸੀਂ ਇਸ ਅਹਿਮ ਪੜਾ 'ਤੇ ਪੰਜਾਬ ਮਸਲੇ ਦੇ ਹੱਲ ਲਈ ਸਰਗਰਮ ਸੈਕੂਲਰ ਸ਼ਕਤੀਆਂ ਦੀ ਕਾਮਯਾਬੀ ਲਈ ਸ਼ੁੱਭਇਛਾਵਾਂ ਭੇਜਦੇ ਹਾਂ।

---


## ANKUR

Subscribe to **Ankur**

Ankur is quarterly magazine about art, literature, culture, social and political issues of concern to the Indo-Canadian Community.

**Annual Subscription: $12.00**

**ANKUR,** P.O. Box 67681, Stn 'O'
Vancouver, B.C. V5W 3V2

## ਵਤਨ

* ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਾਉ।
* ਵਤਨ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਗੰਭੀਰਤਾ ਨਾਲ ਪੇਸ਼ ਕਰਦਾ ਹੈ।
* ਵਤਨ ਦੀ ਪ੍ਰਫੁਲਤਾ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਹੈ।
* ਅੱਜ ਹੀ ਵਤਨ ਦੇ ਆਪ ਪਾਠਕ ਬਣੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਸਦੇ ਪਾਠਕ ਬਣਾਉ।

**WATAN,** P.O. Box 67681, Stn 'O'
Vancouver, B.C. V5W 3V2

ਨੰ: 15 ਸਾਲ ਚੌਥਾ- ਅੰਕ ਤੀਜਾ
ਬਹਾਰ, 1993
ਜਨਵਰੀ/ਫਰਵਰੀ/ਮਾਰਚ


# ਵਤਨ


**S.N.15 Vol.4, No.3**
**Spring, 1993**
**Jan./Feb./Mar.**
**WATAN**
**P.O.Box 67681 Stn.'O'**
**Vancouver, B. C.**
**Canada, V5W 3V2**

**2nd Class Reg. No.**

**8753**



ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਿੰਗ ਸੰਪਾਦਕ:
ਅਮਨਪਾਲ ਸਾਰਾ 435-1236
ਸਰਕੁਲੇਸ਼ਨ ਸੰਪਾਦਕ:
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ:
ਰਿਚਮੰਡ:
ਪਾਲ ਬਿਨਿੰਗ 279-9081
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 440-3256
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236
**Circulation Editors:**
Harjinder Sangra
Anju Hundal 581-3211

**Associates:**
**Richmond:**
Paul Binning 279-9081
**Surrey:**
Gurmel Rai 583-7512
**Edmonton:**
Satwant Deepak 440-3256
Laat Bhinder 435-7469



| ਇਸ ਅੰਕ ਵਿਚ | ਲੇਖਕ | ਸਫਾ |
|---|---|---|
| ਕਵਿਤਾ | ਗੁਰਚਰਨ ਰਾਮਪੁਰੀ | 5 |
| | ਦੇਵ | 5 |
| | ਸ਼ਸ਼ੀ ਸਮੁੰਦਰਾ | 5 |
| | ਇਕਬਾਲ ਰਾਮੂਵਾਲੀਆ | 6 |
| | ਸੁਖਵਿੰਦਰ ਕੰਬੋਜ | 7 |
| | ਮੁਹਿੰਦਰ ਸੂਮਲ | 7 |
| | ਪ੍ਰੇਮ ਕੁਮਾਰ | 8 |
| | ਇਕਬਾਲ ਖਾਨ | 8 |
| | ਸੁਰਿੰਦਰ ਸੀਰਤ | 8 |
| | ਹਰਜਿੰਦਰ ਕੰਗ | 8 |
| | ਸੁਖਦਰਸ਼ਨ ਧਾਲੀਵਾਲ | 35 |
| ਲੇਖ | ਬਲਰਾਜ ਚੀਮਾ | 9 |
| | ਸੁਰਜਨ ਜ਼ੀਰਵੀ | 15 |
| | ਸੁਖਵੰਤ ਹੁੰਦਲ | 31 |
| ਕਹਾਣੀ | ਹਰਪ੍ਰੀਤ ਸੇਖਾ | 13 |
| | ਚਰਨਪ੍ਰੀਤ ਕੌਰ ਰੰਧਾਵਾ | 17 |
| | ਸਾਧੂ | 21 |
| ਸਥਾਈ ਕਾਲਮ | ਪਰਦਾ ਜੋ ਉਠ ਗਿਆ | 19 |
| | ਦੇਸ ਤੋਂ ਚਿੱਠੀ | 29 |
| | ਪੁਸਤਕ ਪਰਿਚੈ | 37 |
| | ਤੇ ਤੁਸੀਂ ਲਿਖਿਆ | 39 |
| | ਸਰਗਰਮੀਆਂ | 43 |



**ਇਸ ਅੰਕ ਦੀ ਤਿਆਰੀ ਲਈ ਮਾਨਤਾ (ਕਰੈਡਿਟ) ਤੇ ਸਹਿਯੋਗ:**
ਟਾਈਪਿੰਗ: ਅੰਜੂ ਹੁੰਦਲ, ਸਾਧੂ ਤੇ ਸੁਖਵੰਤ ਹੁੰਦਲ।
ਡੀਜ਼ਾਈਨ ਅਤੇ ਲੇ ਆਊਟ: ਸਾਧੂ, ਸੁਖਵੰਤ ਹੁੰਦਲ
ਤਸਵੀਰਾਂ: ਸਾਧੂ, ਗੁਰਮੇਲ ਰਾਏ, ਅਮਰ ਬਾਜਵਾ ਤੇ ਗੁਰਵਿੰਦਰ।



Price: $3.00
**Annual Subscription:**
Canada & USA
Individual: $12.00
Institutions: $18.00
Other Countries: $18.00



ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan
All office holders and members of Watan Publication past and present, have been and are honorary associates of Watan.

## MINT AUTO BODY

**AT NEW MORE CONVENIENT LOCATION**

- Complete professional auto-body repairs and refinishing on all makes and models.
- Complete frame work
- Free estimates
- All work conditionally guaranteed
- ICBC claims handed promptly
- Uni-body repairs
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

## ਭੁਪਿੰਦਰ (ਬੌਬ) ਸਹੋਤਾ

**ਫੋਨ: 433-1207**

**6957 Waltham Ave., Burnaby, V5J 4V4**



ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

## ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ



ਦਲਜੀਤ ਸਿੰਘ ਸਿੱਧੂ

**S &S INSURANCE**
(Associated Professional Insurance Services Inc.)
**6656 Main St. (2nd Floor)**
**Vancouver, B.C.**
**Ph: 324 - 5711**

**Auto - Home - Commercial Insurance**

ਅਸੀਂ ਵਿਜ਼ਟਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।



## SIKANDER

HAIR STYLING (UNISEX)

**6605 FRASER ST. VANCOUVER**

**ਫਰੇਜ਼ਰ ਅਤੇ 50 ਐਵੀਨਿਊ ਉੱਪਰ**

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

- Colour
- Perms
- Facials Threadings
- Eyebrows Arching
- Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ



**Specializing in the finest**

East Indian Cuisine

## Natraj Restaurant

&

## Catering Services

Contact your famous Chef



TARLOK SACHDEVA
**5656 Fraser St.,**
(Between 40 & 41 Ave.)
**Ph: 327-6141**
**Now Open For Lunch**
**12 to 2:30 pm**
**Dinner Served**
**5 to 11 pm**

# ਇੰਦਰ ਕਾਹਤੋਂ ਰਹੇ ਕੁਲੀਨ

## ਗੁਰਚਰਨ ਰਾਮਪੁਰੀ

ਮੇਰੇ ਦੇਵਤਿਆਂ ਦੇ ਅੰਦਰ
ਮੇਰੇ ਵਰਗੇ ਲੋਭ ਲਾਲਸਾ
ਮੇਰੇ ਵਰਗੀਆਂ ਭੁੱਖਾਂ।

ਬੰਦੇ ਵਾਂਗੂ ਭੇਸ ਵਟਾ ਕੇ, ਸੱਚ ਲੁਕਾ ਕੇ
ਸੁੰਦਰ ਪਰ-ਨਾਰੀ ਦੀ ਸੇਜ ਹੰਢਾਦੇ
ਪਾਕ ਪਵਿੱਤਰ ਪੱਲੂ ਪਾਪੀ ਦਾਗ਼ ਲਗਾਂਦੇ
ਕਰੋਧੀ ਰਿਸ਼ੀ ਸ਼ਿਕਾਰ ਸੁੰਦਰਤਾ ਬਲੀ ਚੜ੍ਹਾਂਦੇ

ਸਿਲ-ਪੱਥਰ ਕਰਕੇ ਛੱਡ ਜਾਂਦੇ;
ਪਰ ਇਹ ਪ੍ਰਸ਼ਨ ਨਿਰੁਤਰ ਅੱਜ ਵੀ
ਦੇਵਰਾਜ ਨੂੰ ਸਿੰਘਾਸਣ ਤੋਂ ਹੇਠ ਨਹੀਂ - ਕਾਹਤੋਂ ਪਟਕਾਂਦੇ?
ਅਦਲੀ ਪਕੜ 'ਚ ਨਹੀਂ ਲਿਆਂਦੇ।

ਮੋਹ ਮੱਖਣ ਦੇ ਲੋਭੀ ਗਿਆਨੀ
ਚੁੰਮਣ ਤੇ ਚਿੱਤ ਚੋਰੀ ਕਰਦੇ
ਗਊਆਂ ਨਾਲ ਗੋਰੀਆਂ ਚਾਰਨ।

ਮਿਰਾ ਰਾਮ ਅਬਲਾ ਸੀਤਾ ਨੂੰ
ਲੰਮੇਂ ਬਣਵਾਸੋਂ ਲੰਕਾ ਦੇ ਨਰਕੋਂ
ਰਘੂ ਕੁਲ ਦੇ ਮਹਿਲੀਂ ਆਵਣ ਤੇ
ਦੰਦ ਕਥਾ ਦੇ ਬੋਲਾਂ ਕਾਰਨ
ਮੁੜ ਕੇ ਸਜਾ ਸੁਣਾਵੇ?
ਅਰ ਜੰਗਲ ਛੱਡ ਆਵੇ।
ਪਰਮ ਪੁਰਖ ਘਟ ਘਟ ਦਾ ਜਾਣੂ
'ਅਦਲ' ਕਮਾਵੇ।

ਬ੍ਰਹਮਾ ਦੀ ਅੱਖ ਪੁੱਤਰੀ ਉੱਤੇ ਮੈਲੀ ਹੋਵੇ।
ਧੀ-ਸਮਾਨ ਲੂਣਾ ਨੂੰ ਰਾਜਾ
ਸੇਹਰੇ ਬੰਨ੍ਹ ਲਿਆਵੇ।
ਮੋਹ ਮਾਸ ਅਰ ਅੱਥਰੇ ਸੁੰਦਰ ਤਨ ਦੀਆਂ ਲੋੜਾਂ
ਮਰਯਾਦਾ ਦੀਆਂ ਸ਼ਾਹੀ ਤੰਦਾਂ
ਮਕੜ-ਜਾਲ ਉਲਝੇ ਪੂਰਨ ਨੂੰ
ਅੰਗ ਹੀਨ ਕਰ
ਖੂਹੇ ਪਾਵੇ।

ਮਰਯਾਦਾ ਦੇ ਭੰਗ ਹੋਣ 'ਤੇ
ਮਾਨਵ ਦੀਨ ਤੇ ਨਾਰੀ ਅਬਲਾ
ਕੁਲ-ਕਲੰਕ ਕੁਲਹੀਨ
ਇੰਦਰ ਕਾਹਤੋਂ ਰਹੇ ਕੁਲੀਨ?

ਮੇਰੇ ਦੇਵਤਿਆਂ ਦਾ ਅਦਭੁਤ
ਮਕੜ-ਜਾਲ ਇਤਿਹਾਸ ਲੁਭਾਉਣਾ
ਕੇਹੀ ਕਥਾ ਕਰੂਪ ਸੁਣਾਵੇ।
ਮੈਨੂੰ ਆਪਣੇ ਹੀ ਪ੍ਰਸ਼ਨਾਂ ਦੇ ਸਾਹਵੇਂ
ਨਿਰਉੱਤਰ ਨੰਗਾ ਛੱਡ ਜਾਵੇ। ❐

# ਵਤਨ

## ਦੇਵ

ਕੀ ਵਤਨ "ਿ" ਦੀ ਅੰਦਰਲੀ ਸੀਮਾਂ ਦਾ
                    ਬੰਦ ਬੂਹਾ ਹੈ
ਕੀ ਵਤਨ "ੀ" ਤੋਂ ਪਾਰ ਨੀਲੇ ਅਕਾਸ਼ ਦੀ
                    ਸੁਪਨੇਆਂ ਦੀ ਬਰੀ
ਵਤਨ ਤਨ ਦੀ ਕਿਸੇ ਨੁਕਰ ਜੁੜੇਆ
                    ਯਾਦਾਂ ਦਾ ਜਸ਼ਨ
ਸੋਗ ਨਾਲ ਭਰੀਆਂ
        ਸੁਨ-ਸਰਾਵਾਂ 'ਚ
            ਕੰਬਦੀ ਸੁਰ ਦਾ ਵਿਰਲਾਪ
ਵਤਨ
    ਪਤਝੜ ਦੀ ਭੂਰੀ ਚੁਪ ਨਾਲ ਘੁਲ ਕੇ
                ਅਖਾਂ 'ਚ ਕਤਰਾ ਕਤਰਾ ਪਿਗਲਦਾ
ਨੀਂਦ ਦੀਆਂ ਪੈੜਾਂ ਤੇ
            ਦੀਵੇ ਤੇ ਅਰਦਾਸਾਂ
ਹਰ ਮਥਾ ਵਤਨ ਦਾ ਵਖਰਾ ਤਸੱਵਰ
ਨਕਸ਼ਾ ਹੈ..........ਨਾਂ ਹੈ
ਜੋ ਪਿਛੇ ਰਹਿ ਗਿਆ ਜ਼ਮੀਨ ਦਾ ਟੁਕੜਾ
                ਕੀ ਉਹ ਵਤਨ ਸੀ?
ਜੋ ਅਪਨਾ ਲਿਐ ਅਜਨਬੀ ਮਿਟੀਆਂ ਤੇ
            ਨਵਾਂ ਦਸਖਤ
                ਕੀ ਉਹ ਵਤਨ ਹੋਵੇਗਾ?
ਹਾਜ਼ਰੀ ਤੇ ਅਭਾਵ ਦੇ ਵਿਚਕਾਰ ਮੁਸੱਲਸਲ ਸੰਵਾਦ
        ਮੇਰੀ ਹੋਂਦ
ਮੇਰੇ ਵਤਨ ਦਾ ਨਾਂ ਹੈ। ❐

---

# ਯਕੀਨ

## ਸ਼ਸ਼ੀ ਸਮੁੰਦਰਾ

ਯਕੀਨ ਕਿੱਡੀ ਬੇ-ਪੈਰੀ ਚੀਜ਼ ਹੈ
ਨਿੱਕੀ ਜਿਹੀ ਕਿਸੇ ਘਟਣਾਂ ਤੋਂ
ਇਹ ਉਂਗਲਾਂ 'ਚੋਂ
ਰੇਤ ਵਾਂਗ ਕਿਰ ਜਾਂਦੀ ਹੈ
ਤਾਹੀਓਂ ਤਾਂ ਮੈਂ ਨਹੀਂ ਚਾਹਿਆ
ਕਿ ਤੈਨੂੰ ਕੋਈ ਯਕੀਨ ਦਿਲਾਵਾਂ
ਜਾਂ ਵਫ਼ਾ ਦੀਆਂ ਸੌਹਾਂ ਖਾਵਾਂ
ਪਰ ਫ਼ੇਰ ਵੀ ਚਾਹਾਂ ਮੈਂ
ਕਿ ਤੂੰ ਮੇਰਾ ਯਕੀਨ ਕਰੇਂ
ਕਿ ਤੂੰ ਮੇਰਾ ਯਕੀਨ ਕਰੇਂ। ❐

ਦੋ ਨਜ਼ਮਾਂ

## ਇਕਬਾਲ ਰਾਮੂਵਾਲੀਆ

# 1 ਕਵਿਤਾ ਮੈਨੂੰ ਲਿਖਦੀ ਹੈ

ਮੈਂ ਅੱਜ ਕੱਲ ਕਵਿਤਾ ਨਹੀਂ ਲਿਖਦਾ
ਕਿਉਂਕਿ ਕਵਿਤਾ ਅੱਜ ਕੱਲ
ਮੈਨੂੰ ਲਿਖਣ ਲੱਗ ਪਈ ਹੈ
ਉਂਝ ਹੀ
ਜਿਵੇਂ ਮਸ਼ੀਨਾਂ ਹੁਣ ਮਨੁੱਖਾਂ ਨੂੰ ਚਲਾਉਂਦੀਆਂ ਨੇ
ਘਰਾਂ ਦੇ ਖਰੀਦਦਾਰਾਂ ਨੂੰ ਘਰਾਂ ਨੇ ਖ਼ਰੀਦ ਲਿਆ ਹੈ
ਵਰਦੀਆਂ, ਮਨੁੱਖਾਂ ਨੂੰ ਪਹਿਨਣ ਲੱਗ ਪਈਆਂ ਨੇ
ਤੇ ਹਥਿਆਰ ਚੁੱਕੀ ਫਿਰਦੇ ਲੋਕਾਂ ਨੂੰ
ਅਸਲ ਵਿਚ ਹਥਿਆਰਾਂ ਨੇ ਚੁੱਕਿਆ ਹੋਇਆ ਹੈ
ਇੰਝ ਹੀ
ਕਵਿਤਾ ਅੱਜ ਕੱਲ ਮੈਨੂੰ ਲਿਖਣ ਲੱਗ ਪਈ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੈਂ ਉਹਨਾਂ ਰੁੱਖਾਂ ਦੇ ਪੈਰ ਪਕੜਨ ਲਗਦਾ ਹਾਂ
ਜਿੰਨ੍ਹਾਂ ਨੇ ਆਉਣ ਵਾਲੇ ਵਰ੍ਹਿਆਂ 'ਚ
ਮੇਰੀ ਪਿੱਠ ਉਤੇ ਉੱਗਣਾ ਹੈ
ਤੇ ਜਿੰਨ੍ਹਾਂ ਦੀ ਕੰਡੇਦਾਰ ਛਾਂ 'ਚ ਬੈਠਕੇ
ਮੈਂ ਅਖਬਾਰਾਂ 'ਚੋਂ ਗ਼ੈਰਹਾਜ਼ਰ ਖਬਰਾਂ ਨਾਲ ਬਹਿਸਣਾ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੈਂ ਉਸ ਬਰਫ਼ ਉਤੇ ਤਿਲਕਣ ਲਗਦਾ ਹਾਂ
ਜੀਹਨੇ ਅਗਲੇ ਵਰ੍ਹੇ ਦੀਆਂ ਤਪਦੀਆਂ ਧੁੱਪਾਂ 'ਚ ਵੀ
ਮੇਰੇ ਅੰਦਰ ਚੁੱਪਚਾਪ ਬਰਸਣਾ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੇਰੀ ਨਵੀਂ ਨਕੋਰ ਕਾਰ
ਮੇਰੇ ਗੰਜ ਉਤੇ ਦੌੜਨ ਲੱਗ ਪੈਂਦੀ ਹੈ
ਤੇ ਸਜਿਆ ਹੋਇਆ ਘਰ ਕੈਂਸਰੀ ਫੋੜਾ ਬਣ ਜਾਂਦਾ ਹੈ
ਜਿਸ ਦੀਆਂ ਜੜ੍ਹਾਂ
ਮਸੂਮ ਚਾਕਲੇਟ ਤੋਂ ਲੈਕੇ
ਬੀਵੀ ਦੀ ਐਨਾਸੀਨ ਤੀਕ ਫੈਲ ਗਈਆਂ ਨੇ

ਜਦੋਂ ਕਵਿਤਾ ਮੈਨੂੰ ਲਿਖਣ ਲਗਦੀ ਹੈ
ਤਾਂ ਅੰਗਰੇਜ਼ੀ ਮੈਂ ਜੀਭ ਉਤੇ ਨਿਰੋਧ ਪਹਿਨਕੇ ਬੋਲਦਾ ਹਾਂ
ਸੈਂਡਵਿਚ ਅੰਦਰ ਚਿਟੇ ਸਲਾਦ ਦੇ ਨਾਲ ਨਾਲ
ਮੈਂ ਆਪਣੀ ਜੀਭ ਵੀ ਖਾਂਦਾ ਹਾਂ
ਤੇ ਸਕਾਚ ਦੀ ਬੋਤਲ
ਸੀ. ਐਨ. ਟਾਵਰ1 'ਚ ਬਦਲ ਜਾਂਦੀ ਹੈ
ਜਿਸਦੀ ਖੂਬਸੂਰਤ ਵਰਤੋਂ
ਸਿਰਫ਼ ਖੁਦਕਸ਼ੀ ਕਰਨ ਲਈ ਹੀ ਹੋ ਸਕਦੀ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੇਰਾ ਲਿਸ਼ਕਿਆ ਹੋਇਆ ਦਫ਼ਤਰ
ਇੱਕ ਕੋਠਾ ਬਣ ਜਾਂਦਾ ਹੈ
ਤੇ ਵੇਸਵਾ ਵਰਗੀਆਂ ਫ਼ਾਈਲਾਂ 'ਤੇ ਦਸਤਖ਼ਤ ਕਰਦਿਆਂ
ਮੈਂ ਏਡਜ਼ ਦੇ ਇਸ਼ਤਿਹਾਰਾਂ ਵੱਲ ਵਧ ਰਿਹਾ ਹੁੰਦਾ ਹਾਂ

ਮੈਂ ਉਨੀਂਦਰੀਆਂ ਜੇਬਾਂ ਵਿਚ
ਦੇਸੋਂ ਆਈ ਚਿੱਠੀ ਦੀ ਬੇਚੈਨੀ ਹਾਂ
ਅਨਪੜ੍ਹ ਪਾਸਪੋਰਟਾਂ ਨਾਲ ਵਿਆਹੀਆਂ
ਦੇਸੀ ਡਿਗਰੀਆਂ ਦੀ ਨਿਮੋਸ਼ੀ ਹਾਂ
ਨਿਆਣਿਆਂ ਅਤੇ ਟੀ ਵੀ ਵਿਚਕਾਰ
ਭੁਰ ਰਹੀ ਮਾਂ ਦਾ ਪਰਛਾਂਵਾਂ ਹਾਂ

ਮੈਂ ਅੱਜ ਕੱਲ ਕਵਿਤਾ ਨਹੀਂ ਲਿਖਦਾ ❐

# 2 ਘਰਾਂ ਦੇ ਉਸਰਨ ਤੋਂ ਪਹਿਲਾਂ

ਘਰਾਂ ਦੇ ਉਸਰਨ ਤੋਂ ਪਹਿਲਾਂ
ਉਸਰ ਪੈਂਦੇ ਨੇ ਜਿੰਦਰੇ
ਗੱਡੀਆਂ ਦੇ ਤੁਰਨ ਤੋਂ ਪਹਿਲਾਂ
ਹਾਦਸੇ ਤੁਰ ਪੈਂਦੇ ਨੇ
ਚੂਹਿਆਂ ਦੇ ਨਿਕਲਣ ਤੋਂ ਪਹਿਲਾਂ
ਛੁਰੀਆਂ ਨਿਕਲ ਪੈਂਦੀਆਂ ਨੇ
ਬੱਚਿਆਂ ਦੇ ਜੰਮਣ ਤੋਂ ਪਹਿਲਾਂ
ਜੰਮ ਪੈਂਦੀਆਂ ਨੇ ਸੰਗਲੀਆਂ

ਰੋਟੀ ਦੀ ਬੁਰਕੀ ਤੋੜਦਾ ਹਾਂ
ਤਾਂ ਛੁਰੀ ਕਾਂਟਾ ਤੜਫ਼ਣ ਲੱਗ ਪੈਂਦੇ ਨੇ
ਪੈਨ ਚੁੱਕਾਂ
ਤਾਂ ਸਿਰਹਾਣੇ ਬੈਠਾ ਟੈਲੀਫ਼ੋਨ ਡੰਕ ਉਠਦਾ ਹੈ
ਬਿਸਤਰੇ ਉਤੇ ਜ਼ੁਰਾਬਕਤਰ ਉਤਾਰਾਂ
ਤਾਂ ਮੌਰਗੇਜ ਹਿਣਕਣ ਲਗਦੀ ਹੈ

ਮੌਰਗੇਜ ਰਖੇਲ ਹੈ
ਕੋਕਾ ਕੋਲਾ ਦੇ ਲੇਬਲ ਦੀ
ਤੇ ਧਰਤੀ ਅੱਜ ਕੱਲ ਮੌਰਗੇਜ ਦੇ ਉਦਾਲੇ ਹੀ ਘੁੰਮਦੀ ਹੈ
ਚੰਦ, ਮੈਕਡਾਨਲਡ2 ਦੇ ਹੈਮਬਰਗਰ ਤੋਂ
ਚਿਟ ਲੈਕੇ ਚੜ੍ਹਦਾ ਹੈ
ਤਾਰੇ, ਟਰਾਂਟੋ-ਸਟਾਰ3 ਦੇ ਕਾਲਮਾਂ 'ਚ ਲੁਕੇ ਕੀੜੇ ਨੇ
ਜੋ ਤੋਤਲੇ ਸੁਪਨਿਆਂ ਤੋਂ ਲੈਕੇ
ਬਣਾਉਟੀ ਦੰਦਾਂ ਦੀ ਪੀੜ ਤੀਕ ਰੀਂਗਦੇ ਨੇ
ਤੇ ਸੂਰਜ ਸਿਰਫ਼ ਬੀਮਾ ਕੰਪਨੀਆਂ ਦੇ
ਕੰਪਿਊਟਰਾਂ 'ਚ ਹੀ ਉਦੇ ਹੁੰਦਾ ਹੈ
ਜੇਬ ਤਰਾਸ਼ੀ ਲਈ ਸਿਰਜੇ ਜਾ ਰਹੇ ਹਥਿਆਰਾਂ ਨੂੰ
ਥਾਪੜਾ ਦੇਣ ਲਈ

ਅਸਲ ਵਿਚ ਆਪਾਂ ਨਿੱਕੇ ਨਿੱਕੇ ਜ਼ਖਮ ਹਾਂ
ਜੋ ਤੁਪਕਾ ਤੁਪਕਾ ਸਿੰਮਕੇ
ਖਾਲੀਆਂ ਤੋਂ ਨਾਲੇ
ਤੇ ਨਾਲਿਆਂ ਤੋਂ ਦਰਿਆ ਬਣਦੇ ਹਾਂ
ਵੱਡੇ ਵੱਡੇ ਸਮੁੰਦਰਾਂ 'ਚ ਹਜ਼ਮ ਹੋਣ ਲਈ

ਵੱਡੇ ਵੱਡੇ ਸਮੁੰਦਰ

ਬੇ ਤੇ ਕਿੰਗ4 ਦੇ ਚੌਬਾਰਿਆਂ 'ਚੋ ਆਰਾਮ ਫਰਮਾਉਂਦੇ ਨੇ
ਜਿੱਥੇ ਉਹਨਾਂ ਦੇ ਪਾਸਾ ਪਰਤਦਿਆਂ
ਸਾਰੇ ਮੁਲਕ ਦੀਆਂ ਕੰਧਾਂ ਤੋਂ
ਤਸਵੀਰਾਂ ਡਿੱਗ ਪੈਂਦੀਆਂ ਨੇ
ਤੇ ਸਟੋਰਾਂ 'ਚ ਪਈਆਂ ਚੀਜ਼ਾਂ
ਇਕ ਇਕ ਸ਼ੈਲਫ਼ ਉਤਾਂਹਾਂ ਹੋ ਜਾਂਦੀਆਂ ਨੇ
ਜਿੰਨ੍ਹਾਂ ਨੂੰ ਲਾਹੁਣ ਲਈ ਅੱਡੀਆਂ ਚੁਕਦਿਆਂ
ਸਾਰਾ ਮੁਲਕ ਹੀ ਤਿਲਕਣ ਲੱਗ ਪੈਂਦਾ ਹੈ ❐

****

1ਸੀ ਐਨ ਟਾਵਰ ਟਰਾਂਟੋ ਵਿਚ ਦੁਨੀਆਂ ਦਾ ਸਭ ਤੋਂ ਉੱਚਾ ਟਾਵਰ ਹੈ
2ਮੈਕਡਾਨਲਡ ਹੈਮਬਰਗਰ ਵੇਚਣ ਵਾਲੀ ਬਹੁ-ਕੌਮੀ ਕੰਪਨੀ ਹੈ ਜਿਸ ਦੀਆਂ ਬਰਾਂਚਾਂ ਥਾਂ ਥਾਂ ਹਨ
3ਟਰਾਂਟੋ ਸਟਾਰ ਇਕ ਵੱਡਾ ਰੋਜ਼ਾਨਾ ਅਖਬਾਰ
4ਬੇ ਤੇ ਕਿੰਗ ਟਰਾਂਟੋ ਦੇ ਡਾਊਨ ਟਾਊਨ ਦੀਆਂ ਸੜਕਾਂ ਦਾ ਚੌਰਸਤਾ ਹੈ ਜਿਸਦੇ ਆਲੇ ਦੁਆਲੇ ਦੀਆਂ ਸੈਂਕੜੇ ਮੰਜ਼ਲੀਆਂ ਇਮਾਰਤਾਂ ਵਿਚ ਵੱਡੀਆਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਹਨ।

## ਗਜ਼ਲ

### ਮਹਿੰਦਰ ਸੁਮਲ

ਸ਼ੋਰ ਸ਼ਰਾਬਾ ਤਾਂ ਇਹ ਇੱਥੇ ਰਹਿਣਾ ਹੈ
ਕਹਿ ਲੈ ਜਲਦੀ ਤੂੰ ਵੀ ਜੋ ਕੁੱਝ ਕਹਿਣਾ ਹੈ

ਟੋਟੇ ਟੋਟੇ ਹੋਇਆ ਕੁੱਝ ਨਹੀ ਜੁੜ ਸਕਦਾ
ਸਾਹ ਵਿਚ ਪਈ ਲਕੀਰ ਰੜਕਦੇ ਰਹਿਣਾ ਹੈ

ਨਾ ਕਰ ਫਿਕਰ ਕਿ ਟੁਟਕੇ ਬਾਹਵਾਂ ਖਿੰਡ ਗਈਆਂ
ਮੇਹਨਤ ਨੇ ਸਰਮਾਏ ਦੇ ਗਲ ਪੈਣਾ ਹੈ।

ਸੌ ਸ਼ਹਿਰਾਂ ਦਾ ਗੰਦ ਦਰਿਆ ਵਿਚ ਰੁੜ ਜਾਵੇ
ਗੰਗਾ ਨੇ ਤਾਂ ਸਦਾ ਪਵਿਤਰ ਰਹਿਣਾ ਹੈ

ਮੈਂ ਤਾਂ ਕਹਿੰਦਾ ਤੂੰ ਵੀ ਰੋ ਲੈ ਚੁਪ ਕਰਕੇ
ਦਰਦ ਜ਼ਿਗਰ ਦਾ ਕਦ ਤੱਕ ਸਹਿੰਦੇ ਰਹਿਣਾ ਹੈ

ਮਨ ਦੀ ਮਿੱਟੀ ਜੇ ਕਰ ਰੇਤ ਬਰੇਤੀ ਏ
ਫਿਰ ਖਾਬਾਂ ਦਾ ਮਹਿਲ ਵੀ ਇਕ ਦਿਨ ਢਹਿਣਾ ਹੈ। ❐

## ਸੁਖਵਿੰਦਰ ਕੰਬੋਜ

ਡਾ. ਰਵੀ ਤੇ ਪਾਸ਼ ਨੂੰ ਚਿੱਤਵਿਦਿਆਂ

### 1 – ਗੀਤ

ਬੂਹੇ ਜਦ ਤੀਕ ਬਨ੍ਹੇਰੇ ਤੋਂ ਡਰੇ ਰਹਿਣਗੇ
ਨ੍ਹੇਰੇ ਤਦ ਤੀਕ ਮਾਲਕ ਬਣੇ ਰਹਿਣਗੇ

ਨੇਰ੍ਹਾ ਆਇਆ ਲੈ ਕੇ ਹਥਿਆਰ, ਚਲੋ ਛੇੜੋ ਕੋਈ ਸਾਜ਼
ਆਪਾਂ ਹੋ ਜਾਈਏ ਤਿਆਰ, ਲੈ ਕੇ ਕਲਮਾਂ ਤੇ ਆਵਾਜ਼
ਗੀਤ ਕਦ ਤੀਕ ਨ੍ਹੇਰੇ ਤੋਂ ਡਰੇ ਰਹਿਣਗੇ........ਬੂਹੇ ਜਦ...

ਦੇਖੋ ਪੌਣਾਂ ਪਈਆਂ ਰੋਣ, ਦੁੱਖ ਜਿੰਦਗੀ ਦੇ ਪਾਉਣ
ਲੈ ਕੇ ਹਰਫ਼ ਸੱਚਾ ਆਵੋ, ਬੂਹੇ ਜਿੰਦਗੀ ਦੇ ਪੌਣ
ਬਿੰਬਾਂ, ਚਿੰਨ੍ਹਾਂ 'ਚ ਨਾ ਸੱਚ ਹੀ ਦੜੇ ਰਹਿਣਗੇ......ਬੂਹੇ ਜਦ...

ਦੇਖੋ ਹਵਾ ਹੈ ਠਰੀ, ਚਾਨਣੀ ਡਰੀ ਜਹੀ ਡਰੀ
ਵੈਣ ਪੈਣ ਵਿਚ ਸੱਥਾਂ, ਅਣਖ ਪੰਜਾਬ ਦੀ ਮਰੀ
ਸਾਡੇ ਰਾਹਾਂ 'ਚ ਸੰਨਾਟੇ ਕੀ ਖੜੇ ਰਹਿਣਗੇ.....ਬੂਹੇ ਜਦ...

ਅਸੀ ਹਰ ਯੁਗ 'ਚ ਲੜੇ, ਸਾਡੇ ਸਿਦਕ ਨਾ ਡਰੇ
ਤੂੰ ਸਾਡੇ ਰਵੀ ਪਾਸ਼ ਮਾਰੇ, ਅਸੀਂ ਪਰ ਸਿੱਖ ਹਾਂ ਖਰੇ,
ਲਹੂ ਰੰਗੇ ਇਤਿਹਾਸ, ਸਾਡੇ ਰਿਣੀ ਰਹਿਣਗੇ........ਬੂਹੇ ਜਦ...

ਤੈਨੂੰ ਧਰਮ ਦਾ ਗੁਮਾਨ, ਸਾਨੂੰ ਲੋਕਾਂ ਦਾ ਪਿਆਰ
ਤੂੰ ਔਰੰਗੇ ਦੀ ਔਲਾਦ, ਅਸੀ ਬੰਦੇ ਦੇ ਪੈਰੋਕਾਰ
ਸਾਡੇ ਕੰਮ ਝੂਠ ਸੱਚ ਦੇ ਨਿਤਾਰੇ ਰਹਿਣਗੇ......ਬੂਹੇ ਜਦ...

ਨਾ ਤੂੰ ਏਨਾ ਕੁਰਲਾ, ਗੀਤ ਆਸ ਦੇ ਕੋਈ ਗਾ
ਦੇਵੇ ਦਸਤਕ ਪਈ ਸਵੇਰ, ਨ੍ਹੇਰੇ ਨੂੰ ਲੱਭੇ ਨਾ ਕੋਈ ਰਾਹ
ਸੂਰਜ ਸੱਚ ਦੇ ਹਮੇਸ਼ਾਂ ਹੀ ਚੜ੍ਹੇ ਰਹਿਣਗੇ....ਬੂਹੇ ਜਦ.....❐

### 2 – ਨਜ਼ਮ ਨੁਮਾ ਗ਼ਜ਼ਲ

ਮੇਰੇ ਲੋਕ ਚਾਹੁੰਦੇ ਨੇ ਵੱਢਣਾ ਹਨ੍ਹੇਰਾ, ਇਕ ਅੰਧ ਦੀਵਾ ਤਾਂ ਚਾਹੀਦਾ ਹੈ ਬਲਦਾ
ਤੁਸੀ ਲੈ ਕੇ ਆਵੋ ਜੇ ਏਕੇ ਦਾ ਚਾਨਣ, ਹਨ੍ਹੇਰਾ ਫਿਰ ਕਿਸਦੇ ਸਹਾਰੇ ਤੇ ਫਲਦਾ

ਇਹ ਜਿਸਮਾਂ ਦੇ ਨ੍ਹੇਰੇ ਤੇ ਰੂਹਾਂ ਵੀ ਬੁਝੀਆਂ, ਰਿਹਾ ਏਦਾ ਮੇਰਾ ਕਬੀਲਾ ਹੈ ਗਲਦਾ
ਇਹ ਧਰਤੀ ਹੈ ਬੰਜਰ ਤੇ ਚਿੰਤਾਵਾਂ ਘੇਰੀ, ਮੇਰਾ ਬੀਜ ਕਿਸਦੇ ਸਹਾਰੇ ਤੇ ਫਲਦਾ

ਭੱਖੜੇ ਦੇ ਫੁੱਲ ਜਾਂ ਨਜ਼ਰ ਦਾ ਹੈ ਧੋਖਾ, ਜਾਂ ਫਿਰ ਨੇ ਇਹੋ ਸਵੇਰਾ ਹੀ ਕੱਲਦਾ
ਕਿਤੇ ਜੇ ਸਵੇਰਾ ਹੈ ਇਨਾ ਹੀ ਨੇਰ੍ਹਾ, ਤਾਂ ਚੰਗਾ ਸੀ ਫੁੱਲ ਇਹ ਕਦੇ ਵੀ ਨਾ ਖਿਲਦਾ

ਜਵਾਨੀ ਦੇ ਦਿਨ ਇਹ ਅੱਥਰੇ ਜਹੇ ਘੋੜੇ, ਨਾ ਜਾਨਣ ਇਹ ਮੰਜਿਲ ਨਾ ਸਾਧਨ ਹੀ ਵੱਲ ਦਾ
ਮੇਰਾ ਮਨ ਜੋ ਮਰਿਆ ਤੇ ਕਾਇਆ ਹੈ ਜੀਂਦੀ, ਕਦੇ ਇਹਦੇ ਅੰਦਰ ਵੀ ਸੂਰਜ ਸੀ ਦੱਗਦਾ

ਹੈ ਭੁੱਬਲ ਨਹੀਂ ਇਹ ਨੇ ਜਗਦੇ ਅੰਗਾਰੇ, ਜਰਾ ਫੋਲ ਵੇਖੋ ਰਿਹਾ ਕਿੰਦਾਂ ਜਲਦਾ
ਮੇਰੇ ਇਹ ਸਵੇਰੇ ਜੋ ਧੁੰਦਾਂ 'ਚ ਸੁੱਤੇ, ਹੈ ਰਹਿੰਦਾ ਇਨ੍ਹਾਂ ਦਾ ਸਿਵਾ ਏਦਾਂ ਬਲਦਾ

ਇਹ ਰਾਤਾਂ ਦੀ ਭਟਕਣ ਇਹ ਸੁੰਨੇ ਸਵੇਰੇ, ਇਹ ਪਹਿਚਾਣ ਪੱਤਰ ਨੇ ਮੇਰੇ ਹੀ ਦਲ ਦਾ
ਹਵਾ 'ਚ ਜੋ ਗੁੰਮੇ ਖਿਲਾਅ 'ਚ ਜੋ ਅਟਕੇ, ਹੈ ਉਸਦੇ ਸੁਨੇਹਾ ਜੋ ਰਹਿੰਦਾ ਸੀ ਘਲਦਾ

ਇਹ ਕਬਰਾਂ ਜੇ ਪੁੱਟੋ ਤੇ ਸੰਨਾਟੇ ਚੀਰੋ, ਤਾਂ ਲੱਭੋਗੇ ਦਿਲ ਇਕ ਜੋ ਰਹਿੰਦਾ ਸੀ ਬਲਦਾ
ਮੰਨਿਆ ਕਿ ਨ੍ਹੇਰੇ ਕੋਲ ਹਥਿਆਰ ਬੜੇ ਨੇ, ਜਥੇ ਬੰਦ ਲੋਕਾਂ ਤੋਂ ਬਚ ਨਹੀਂ ਹੈ ਸਕਦਾ

ਰਵੀ, ਪਾਸ਼ ਜੀਂਦੇ ਨੇ ਘਰ ਘਰ ਹੀ ਲੋਕੋ, ਹਨ੍ਹੇਰਾ ਇਨ੍ਹਾਂ ਨੂੰ ਮਾਰ ਨਹੀਂ ਸਕਦਾ
ਜੋ ਸੋਚਾਂ ਨੂੰ ਵੱਜੇ ਉਹ ਗੋਲੀ ਬਣੀ ਨਾ, ਐਵੇਂ ਨੇਰ੍ਹਾ ਵਕਤੀ ਤੌਰ ਤੇ ਚਾਂਭਲਦਾ

ਮੇਰੇ ਲੋਕ ਚਾਹੁੰਦੇ ਨੇ ਵੱਢਣਾ ਹਨ੍ਹੇਰਾ, ਇਕ ਅੰਧ ਦੀਵਾਂ ਤਾਂ ਚਾਹੀਦਾ ਹੈ ਬਲਦਾ
ਤੁਸੀ ਲੈ ਕੇ ਆਵੋ ਜੇ ਏਕੇ ਦਾ ਚਾਨਣ, ਹਨੇਰ੍ਹਾ ਫਿਰ ਕਿਸਦੇ ਸਹਾਰੇ ਤੇ ਫਲਦਾ। ❐

## ਸਵਾਲ

### ਪ੍ਰੇਮ ਕੁਮਾਰ

ਕਿਹੜੇ ਰੁੱਖਾਂ ਦੀ ਛਾਵੇਂ ਬੈਠਾਂਗੇ ਹੁਣ
ਇਸ ਤਰ੍ਹਾਂ ਜੇ ਪੱਤੇ ਝੜਦੇ ਰਹੇ?
ਕੀ ਕਰਾਂਗੇ ਸਿਆਲਾਂ 'ਚ ਨਿੱਘੀਆਂ ਧੁੱਪਾਂ
ਜੇ ਆਪਣੀ ਹੀ ਅੱਗ ਵਿਚ ਸੜਦੇ ਰਹੇ?

ਇਸ ਮਿੱਟੀ 'ਚ ਜੇ ਨਾਂ ਚਿਣਗਾਂ ਬੀਜਦੇ
ਇਸ ਧਰਤੀ ਚੋਂ ਝਾਂਬੜ ਨਾਂ ਉਗਦੇ ਕਦੀ
ਇਨ੍ਹਾਂ ਗਲੀਆਂ 'ਚ ਜੇ ਨਾਂ ਲਹੂ ਡੋਲ੍ਹਦੇ
ਅਸੀਂ ਆਪਣੇ ਹੀ ਵਿਹੜੇ ਨਾਂ ਡੁੱਬਦੇ ਕਦੀ
ਕਿਹੜੀ ਮਹਿਕ ਹੰਢਾਵਾਂਗੇ ਪਲ ਦੋ ਪਲ
ਹਰ ਮੌਸਮ ਦੇ ਨਾਲ ਜੇ ਲੜਦੇ ਰਹੇ?

ਜੋ ਕਾਗਜ ਤੇ ਖਿੱਚੀਆਂ ਸੀ ਲੀਕਾਂ ਕਿਸੇ
ਬਣ ਗਈਆਂ ਪੱਥਰਾਂ ਤੇ ਲਕੀਰਾਂ ਕਿਵੇਂ?
ਇਹ ਪਾਣੀ ਤਾਂ ਪਹਿਲਾਂ ਹੀ ਵੰਡੇ ਗਏ
ਇਹ ਹਵਾ ਹੋ ਗਈ ਲੀਰਾਂ ਲੀਰਾਂ ਕਿਵੇਂ?
ਕਿੱਥੇ ਜਾਵਾਂਗੇ ਲੱਭਦੇ ਲੋਰੀ ਦੇ ਬੋਲ
ਦਿਨ ਰਾਤ ਜੇ ਮਰਸੀਏ ਪੜ੍ਹਦੇ ਰਹੇ?

ਜੋ ਬੇਦਰ ਹੋ ਗਏ ਇਕ ਸੁਪਨੇ ਲਈ
ਉਹ ਮਹਫਿਲ ਉਜਾੜਨ ਦੇ ਦੋਸ਼ੀ ਕਿਉਂ?
ਇਹ ਭਟਕਣ ਜੇ ਜਨਮੋਂ ਹੀ ਵਿਰਸੇ ਮਿਲੀ
ਫਿਰ ਸਮੁੰਦਰਾਂ ਦੀ ਦੂਰੀ ਨਮੋਸ਼ੀ ਕਿਉਂ?
ਕੀ ਕਰੇ ਉਹ ਕਿਰਨ ਕਿ ਸੂਰਜ ਜਿਹਦੇ
ਦਿਨੇ ਡੁਬਦੇ ਰਹੇ, ਰਾਤੀਂ ਚੜ੍ਹਦੇ ਰਹੇ?

ਜਦ ਮੁੜਾਂਗੇ ਘਰੀਂ ਲੰਮੇ ਸਫਰਾਂ ਦੇ ਬਾਦ
ਕਿਸੇ ਸਰਦਲ ਤੇ ਤੇਲ ਚੋਣਾ ਨਹੀਂ
ਮਿਟ ਗਏ ਜੋ ਬੇਨਾਮ ਪਤੰਗਿਆਂ ਦੇ ਵਾਂਗ
ਬੰਦ ਬੂਹੇ ਪਿੱਛੇ ਕਿਸੇ ਰੋਣਾ ਨਹੀਂ
ਕਿਵੇਂ ਆਪਣੇ ਹੀ ਸਾਏ ਹੋਏ ਅਜਨਬੀ
ਉਮਰ ਭਰ ਪਰਛਾਵੇਂ ਫੜ੍ਹਦੇ ਰਹੇ?

ਕਿਹੜੇ ਰੁੱਖਾਂ ਦੀ ਛਾਵੇਂ ਬੈਠਾਂਗੇ ਹੁਣ
ਇਸ ਤਰ੍ਹਾਂ ਜੇ ਪੱਤੇ ਝੜਦੇ ਰਹੇ?
ਕੀ ਕਰਾਂਗੇ ਸਿਆਲਾਂ 'ਚ ਨਿੱਘੀਆਂ ਧੁੱਪਾਂ
ਜੇ ਆਪਣੀ ਹੀ ਅੱਗ ਵਿਚ ਸੜਦੇ ਰਹੇ? □

## ਇਕਬਾਲ ਖਾਨ

### 1– ਸਾਂਝ

ਮੈਂ ਹਮੇਸ਼ਾਂ--
ਹਰ ਜਲਸੇ ਜਲੂਸ ਵਿਚ
ਕੰਢਿਆਂ ਦੇ ਵਿਰੁਧ ਹੀ ਬੋਲਦਾ ਹਾਂ।
ਪਰ
ਫਿਰ ਕਿਸੇ ਕੰਢੇ ਦੇ
ਕੋਹ-ਕੋਹ ਕੇ ਮਸਲੇ ਜਾਣ ਦੀ
ਖ਼ਬਰ ਪੜ੍ਹ-ਸੁਣ ਕੇ
ਮੇਰੇ ਲੂੰ - ਕੰਢੇ ਕਿਉਂ?
ਖੜ੍ਹੇ ਹੋ ਜਾਂਦੇ ਹਨ।
ਇਕ ਚੀਸ ਜਿਹੀ ਉਠਦੀ ਹੈ
ਕਿਉਂ ਕਿਉਂ ਦਿਲ 'ਚੋਂ
ਨ੍ਹਿਕ ਬੋਝ - ਜਿਹਾ ਕਿਉਂ?
ਸ਼ਾਅ ਜਾਵੇ ਸੋਚ 'ਤੇ।
ਕਿਤੇ ਤਾਂ ਕੋਈ ਸਾਂਝ ਹੈ
ਸ਼ਾਇਦ! ਤਨ-ਮਨ 'ਤੇ ਹੰਢਾਏ
ਦਰਦ ਦੀ ਸਾਂਝ। □

### 2 – ਮਸਲੇ ਦਾ ਹੱਲ

ਕਿਉਂ? ਧਾਰੀ ਜਾਵਣ ਫੁੱਲ
ਕੰਢਿਆਂ ਦਾ ਰੂਪ
ਕਰੀ ਜਾਣ ਕਾਣੀਆਂ
ਆਪਣੀ ਹੀ ਫੁਲਵਾੜੀ
ਦੀਆਂ ਪੱਤੀਆਂ ਨੂੰ
ਨਾਸ ਕਰੀ ਜਾਣ
ਆਪਣੇ ਹੀ ਬੇਲ-ਬੂਟਿਆਂ
ਅਤੇ ਆਪਣੇ ਫੁੱਲ - ਭਰਾਵਾਂ ਦਾ
ਕੂਸਰੇ ਬੂੱਟੇ ਦੀ ਤਰ੍ਹਾਂ।

ਕਿਉਂ? ਬੇਲ-ਬੂਟੇ ਹੀ
ਖ਼ਾਕੀ ਚੋਗੇ ਪਾ
ਤੇ ਫ਼ੀਤੀਆ ਲਾ
ਬਣ ਜਾਣ ਕੌਡੀਆਂ ਵਾਲੇ
ਫਨੀਅਰ ਸੱਪ
ਫਿਰ ਡੰਗ-ਡੰਗ ਮਾਰੀ ਜਾਣ
ਕੰਢੇ ਬਣੇ, ਆਪਣੇ ਹੀ ਫੁਲ ਪੁਤੰਗ ਨੂੰ
ਲੈ ਆਪਣੀਆਂ ਕੁੰਡਲੀਆਂ ਦੇ
ਨਾਗ-ਵਲ ਵਿਚ
ਕੱਢੀ ਜਾਣ ਉਹਨਾਂ ਦੀ ਮਿੱਝ
ਕਿਉਂ? ਰਲ-ਮਿਲ ਕਰੀ ਜਾਣ
ਕਲੰਕਤ ਆਪਣਾ ਵਰਤਮਾਨ
ਅਤੇ ਹਨੇਰੀ - ਗ਼ਾਰ ਜਿਹਾ ਭਵਿੱਖ

ਫੁਲਵਾੜੀ ਦੇ ਜਰੇ ਜਰੇ ਨੂੰ
ਸਮਝਣ ਦੀ ਲੋੜ ਹੈ
ਕਿ ਇਹ ਸਭ ਮਾਲੀ ਦੀ
ਸ਼ਰਾਰਤ ਹੈ
ਜੋ ਫੁਲਵਾੜੀ ਦੀ ਧਰਤ ਵਿਚ
ਜਹਿਰ ਪਾਈ ਜਾ ਰਿਹਾ ਹੈ
ਤੇ ਜਿਉਂਦੇ-ਜੀ ਇਸ ਮਾਲੀ ਨੇ
ਫੁਲਵਾੜੀ ਦਾ ਪਿੱਛਾ ਵੀ
ਨਹੀਂ ਛੱਡਣਾ।
ਸੋ ਮਾਲੀ ਦੀ ਮੌਤ ਹੀ
ਮਸਲੇ ਦਾ ਹਲ ਹੈ। □

## ਗ਼ਜ਼ਲ

### ਸੁਰਿੰਦਰ ਸੀਰਤ

ਇਹ ਸਾਜ਼ਸ਼ਾਂ ਦੀ ਸਮਰ ਹੈ, ਕੁਈ ਬਚਾ ਤੱਕੋ
ਹਵਾ ਦਾ ਕਤਲ ਹੈ, ਸੂਰਜ ਦਾ ਨਾਂ ਲਗਾ ਤੱਕੋ

ਕਿਤੇ ਖ਼ਰਾਬ ਨਾ ਹੋਵੇ ਵਕਾਰ ਦੀ ਮਿੱਟੀ
ਵਫ਼ਾ ਤੇ ਉਨਸ ਦੇ ਫੁਲਾਂ ਦੀ ਫ਼ਸਲ ਲਾ ਤੱਕੋ

ਮਿਰਾ ਨਗਰ ਸੀ ਕਿ ਇਕ ਰੌਸ਼ਨੀ ਦਾ ਪੈਕਰ ਸੀ
ਚਿਰਾਗ ਘਰ ਦੇ ਹੀ ਨ੍ਹੇਰਾ ਰਹੇ ਫਲਾ ਤੱਕੋ

ਉਤਰ ਵੀ ਜਾਉਂਗੇ ਰੂਹ ਤੀਕ ਮੇਰਾ ਦਾਅਵਾ ਹੈ
ਹਿਜਾਬ ਤੋੜੋ ਜੇ ਜਿਸਮਾਂ ਦੀ ਕੰਧ ਢਾ ਤੱਕੋ

ਤਿਰੇ ਮਿਲਨ 'ਚ ਨੇ ਅੰਬਰ ਉਡਾਨ ਦੇ ਰੰਗਲੇ
ਮਰਨ ਗੇ ਸ਼ੌਕ ਦੇ ਪੰਛੀ ਅਗਰ ਭੁਲਾ ਤੱਕੋ

ਕਰਾਂ ਮੈਂ ਕਿਉਂ ਨ ਗਿਲਾ ਇਸ ਬਿਮਾਰ ਮੌਸਮ ਦਾ
ਵਫ਼ਾ ਦੇ ਹਾਮੀਆਂ ਕੀਤੀ ਹੈ ਭਰ ਜਫ਼ਾ ਤੱਕੋ

ਅਜੋਕੇ ਦੌਰ 'ਚ ਸਾਕੀ ਸ਼ਰਾਬ ਤੋਂ ਸਖਣਾ
ਸਰੂਰ ਰਿੰਦ ਨੂੰ ਸੀਰਤ ਦੀ ਆਏ ਗਾ ਤੱਕੋ □

## ਗ਼ਜ਼ਲ

### ਹਰਜਿੰਦਰ ਕੰਗ

ਸਨਮ ਯਾਦ ਆਇਆ ਸਵੇਰੇ ਸਵੇਰੇ।
ਇਹ ਦਿਲ ਮੁਸਕਰਾਇਆ ਸਵੇਰੇ ਸਵੇਰੇ।

ਰਿਹਾ ਭਾਲ ਕਰਦਾ ਮੈਂ ਖ਼ਾਬਾਂ 'ਚ ਜਿਸਦੀ,
ਨਜ਼ਰ ਉਹ ਨਾ ਆਇਆ ਸਵੇਰੇ ਸਵੇਰੇ।

ਉਨ੍ਹਾਂ ਕਹਿ ਕੇ ਹਾਂ ਫੇਰ ਨਾਂਹ ਆਖ ਦਿੱਤੀ,
ਬੜਾ ਜ਼ੁਲਮ ਢਾਇਆ ਸਵੇਰੇ ਸਵੇਰੇ।

ਉਹ ਮੁੱਦਤ ਦੇ ਪਿੱਛੋਂ ਉਡੀਕਾਂ ਦੀ ਸਰਦਲ,
ਕਿਵੇਂ ਲੰਘ ਆਇਆ ਸਵੇਰੇ ਸਵੇਰੇ।

ਭੁਲੇਖਾ ਜਿਹ ਹੀ ਰਿਹਾ ਜਦ ਹਵਾ ਨੇ,
ਸੀ ਮੈਨੂੰ ਜਗਾਇਆ ਸਵੇਰੇ ਸਵੇਰੇ।

ਕਿਵੇਂ ਰਾਤ ਗੁਜ਼ਰੀ ਹੈ ਜਲਿਆ ਕਿਵੇਂ ਦਿਲ?
ਨ ਜਾਏ ਸੁਣਾਇਆ ਸਵੇਰੇ ਸਵੇਰੇ।

ਮੁੜੇ ਆ ਰਿਹੇ 'ਕੰਗ' ਫਿਰ ਮੈਕਦੇ ਵਲ,
ਜਫ਼ਾ ਦਾ ਸਤਾਇਆ ਸਵੇਰੇ। □

# ਸ਼ਬਦਾਂ ਦੀ ਸਕਰੀਨ ਪਿੱਛੇ

## ਬਲਰਾਜ ਚੀਮਾ

(ਸੁਖਵੰਤ ਹੁੰਦਲ ਵਲੋਂ ਮੀਡੀਏ ਸਬੰਧੀ ਅਰੰਭ ਕੀਤਾ ਲੇਖਾਂ ਦੇ ਸਿਲਸਿਲੇ ਦਾ ਕੰਮ ਨਿਰਸੰਦੇਹ ਸ਼ਲਾਘਾਯੋਗ ਹੈ। ਅਜਿਹੇ ਉੱਦਮ ਦਾ ਹੌਸਲਾ ਵਧਾਣਾ ਤੇ ਉਸ ਵਲੋਂ ਚਲਾਈ ਪ੍ਰਥਾ ਨੂੰ ਚਲਦਾ ਰੱਖਣ ਦੀ ਲੋੜ ਬਹੁਤ ਅਹਿਮ ਹੈ। ਜ਼ਿੰਮੇਵਾਰ ਪੱਤਰਕਾਰੀ, ਪੱਤਰਕਾਰਾਂ ਤੇ ਲੇਖਕਾਂ ਦਾ ਫਰਜ਼ ਬਣਦਾ ਹੈ ਕਿ ਉਹ ਹੁੰਦਲ ਦੀ ਲੀਹ ਨੂੰ ਅੱਗੇ ਤੋਰਨ। ਅੱਜ ਅਤੇ ਆਉਣ ਵਾਲੇ ਸਮੇਂ ਵਿਚ ਭਰਪੂਰ ਜੀਵਨ ਤੇ ਸਾਹਿਤ ਦੀ ਸਿਰਜਣਾ ਲਈ ਕਵਿਤਾ, ਕਹਾਣੀ, ਨਾਟਕ ਤੇ ਨਾਵਲ ਆਦਿ ਗਲਪ ਰੂਪਾਂ ਦੇ ਨਾਲ ਨਾਲ ਜਾਣਕਾਰੀ ਤੇ ਗਿਆਨ ਵਾਲੇ ਸਾਹਿਤ ਦੇ ਵਿਕਾਸ ਲਈ ਗੰਭੀਰ ਯਤਨ ਕਰਨ। -ਲੇਖਕ)

ਅੱਜ ਦੇ ਜੀਵਨ ਵਿਚ ਮੀਡੀਏ ਦੀ ਮਹਾਨਤਾ ਅਤੇ ਇਸ ਦਾ ਸਥਾਨ ਇਤਿਹਾਸਕ ਅਤੇ ਅਤਿ ਮਹੱਤਵਪੂਰਨ ਹੈ। ਮੀਡੀਏ ਵੱਲੋਂ ਸਮੁੱਚੇ ਜੀਵਨ ਨੂੰ ਪੇਸ਼ ਕਰਨ ਦੇ ਰੋਲ ਨੂੰ ਮੁੱਖ ਰੱਖਦਿਆਂ ਉਚਿਤ ਹੋਵੇਗਾ ਕਿ ਮੀਡੀਏ ਨਾਲ ਸਬੰਧਤ ਵਿਸ਼ਿਆਂ ਬਾਰੇ ਪਾਠਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ। ਅੱਜ ਦੇ ਯੁਗ ਵਿਚ ਜਾਣਕਾਰੀ ਜਾਂ ਸੂਚਨਾ ਦਾ ਵਿਸਫੋਟ ਵਾਪਰ ਰਿਹਾ ਹੈ। ਇਸ ਲਈ ਅੱਜ ਦੇ ਯੁਗ ਨੂੰ ਸੂਚਨਾ ਦਾ ਯੁਗ ਕਿਹਾ ਜਾਂਦਾ ਹੈ। ਅੱਜ ਹਰ ਪਾਸਿਉਂ ਤੇ ਹਰ ਘੜੀ ਸਾਡੇ ਦਿਮਾਗ ਉਤੇ ਸੂਚਨਾ ਦੀ ਬੰਬਾਰੀ ਕੀਤੀ ਜਾ ਰਹੀ ਹੈ ਅਤੇ ਬਿਨਾ ਸ਼ੱਕ ਅੱਜ ਦਾ ਮੀਡੀਆ ਇਸ ਸੂਚਨਾ-ਵਿਸਫੋਟ ਦਾ ਮਾਧਿਅਮ ਬਣ ਚੁੱਕਿਆ ਹੈ। ਲੋੜ ਹੈ ਕਿ ਇਸ ਭੇਦ ਭਰੇ ਖੇਤਰ ਅਤੇ ਇਸ ਦੀਆਂ ਲੁਕਵੀਆਂ ਤੈਹਾਂ ਉੱਤੇ ਪਾਠਕਾਂ ਦੀ ਝਾਤ ਪਵਾਈ ਜਾਏ।

> ਸਮਾਚਾਰ ਉਦਯੋਗ ਦੇ ਤਿੰਨ ਮੁੱਖ ਮੰਤਵ ਮੰਨੇ ਜਾ ਸਕਦੇ ਹਨ: ਪਹਿਲਾ ਤੇ ਪ੍ਰਮੁੱਖ ਮੁਨਾਫਾ ਕਮਾਉਣਾ, ਫਿਰ ਲੋਕਾਂ ਦਾ ਮਨਪਰਚਾਵਾ ਕਰਨਾ ਤੇ ਇਸ ਦੇ ਨਾਲ ਨਾਲ ਸਮਾਚਾਰ ਦੇਣਾ।

ਮੀਡੀਏ ਅਤੇ ਇਸ ਦੇ ਪ੍ਰਭਾਵ ਦਾ ਖੇਤਰ ਅੱਜ ਤਕ ਬਹੁ-ਗਿਣਤੀ ਸਾਧਾਰਣ ਮਨੁੱਖ ਪਾਸੋਂ ਅਕਾਸ਼ੀ ਸਿਤਾਰਿਆਂ ਵਾਲੇ ਰਹੱਸਮਯ ਵਰਗਾ ਸਤਿਕਾਰ ਤੇ ਸਨਮਾਣ ਪਰਾਪਤ ਕਰਦਾ ਰਿਹਾ ਹੈ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਵੀ ਬਹੁਤੇ ਲੋਕ ਸਮਾਚਾਰ ਪੱਤਰਾਂ ਵਿਚ ਛਪੇ ਸ਼ਬਦਾਂ, ਰੇਡੀਓ ਦੀ ਪ੍ਰਭਾਵੀ ਅਵਾਜ਼ ਅਤੇ ਟੀ. ਵੀ. ਦੇ ਲਗਭਗ ਅੱਖੀਂ ਵੇਖੇ ਸੱਚ ਵਰਗੇ ਜਾਦੂ ਨੂੰ ਨਿਰੋਲ ਅਤੇ ਸ਼ੁੱਧ ਸੱਚ ਮੰਨਣ ਦੇ ਭੁਲੇਖੇ ਵਿਚ ਪੈਣ ਦੀ ਸੰਭਾਵਨਾ ਰਖਦੇ ਹਨ। ਅਜੇ ਵੀ ਅਕਸਰ ਲੋਕ ਜ਼ੁਬਾਨੀ ਸੁਣੀ ਖਬਰ ਨੂੰ ਸੁਣੀ ਸੁਣਾਈ ਗੱਲ ਜਾਂ ਗੱਪ ਕਹਿ ਕੇ ਰੱਦ ਕਰਨ ਦੀ ਰੁਚੀ ਰਖਦੇ ਹਨ ਪਰ ਜਦੋਂ ਉਹੋ ਹੀ ਗੱਲ ਛਾਪੇ ਦੇ ਰੂਪ ਵਿਚ ਆ ਜਾਵੇ ਜਾਂ ਰੇਡੀਓ ਜਾਂ ਟੀ.ਵੀ. ਦੇ ਮਾਧਿਅਮ ਰਾਹੀਂ ਉਹਨਾਂ ਦੇ ਜ਼ਿਹਨ ਉੱਤੇ ਪੈ ਜਾਵੇ ਤਾਂ ਉਹਨਾਂ ਦੇ ਦਿਮਾਗ ਅਤੇ ਦਿਲ ਉੱਤੇ ਡੂੰਘੀ ਛਾਪ ਲੱਗ ਜਾਂਦੀ ਹੈ। ਇਥੇ ਹੀ ਬਸ ਨਹੀਂ ਸਗੋਂ ਇਹ ਇਕ ਅਟਭਿੱਜ, ਸ਼ੰਕਾ-ਰਹਿਤ ਤੇ ਵਾਸਤਵਿਕ ਸੱਚ ਬਣ ਕੇ ਉਸ ਦੀ ਵਿਸ਼ਵਾਸ ਪ੍ਰਣਾਲੀ ਦਾ ਸਥਾਈ ਹਿੱਸਾ ਬਣ ਜਾਂਦੀ ਹੈ ਤੇ ਬਾਅਦ ਵਿਚ ਉਸਦੀ ਮੱਤ ਜਾਂ ਕੁਮੱਤ ਨੂੰ ਸੀਮਿੰਟ ਕਰਨ ਵਿਚ ਬਹੁਤ ਤਿੱਖਾ ਹਥਿਆਰ ਬਣਦੀ ਹੈ। ਅਜਿਹੇ ਪ੍ਰਭਾਵਾਂ ਦੀ ਜਾਣਕਾਰੀ ਥੱਲੇ ਦੱਬੇ ਗਿਆਨ-ਸੰਤੁਸ਼ਟ ਵਿਅਕਤੀ ਨੂੰ ਜਦੋਂ ਵੀ ਸਬੰਧਤ ਵਿਸ਼ੇ ਬਾਰੇ ਰਸਮੀਂ ਜਾਂ ਗੈਰ ਰਸਮੀਂ ਵਾਦ ਵਿਵਾਦ ਜਾਂ ਆਮ ਗੱਲ ਬਾਤ ਵਿਚ ਹਿੱਸਾ ਲੈਣਾ ਪੈਂਦਾ ਹੈ ਜਾਂ ਉਸ ਨੂੰ ਅਜਿਹੀ ਸਥਿਤੀ ਵਿਚ ਆਪਣੇ ਮੱਤ ਬਾਰੇ ਰਾਏ ਦੇਣੀ ਜਾਂ ਰਾਏ ਦੀ ਪੁਸ਼ਟੀ ਵਿਚ ਹਵਾਲਾ ਤੇ ਪ੍ਰਮਾਣ ਦੇਣ ਦੀ ਲੋੜ ਪੈਂਦੀ ਹੈ ਜਾਂ ਆਪਣੇ ਵਿਚਾਰ ਨੂੰ ਠੋਸ ਸਿੱਧ ਕਰਨ ਦੀ ਲੋੜ ਪੈਂਦੀ ਹੈ ਤਾਂ ਉਹ ਝੱਟ ਹੀ ਆਪਣੇ ਪ੍ਰਭਾਵ-ਸ੍ਰੋਤ ਅਰਥਾਤ ਸਮਾਚਾਰ ਪੱਤਰ, ਰੇਡੀਓ ਜਾਂ ਟੀ.ਵੀ. ਦਾ ਹਵਾਲਾ ਪ੍ਰਮਾਣਿਕਤਾ ਅਤੇ ਅੰਤਮ ਸੱਚ ਦੇ ਤੌਰ ਤੇ ਪੇਸ਼ ਕਰ ਦਿੰਦਾ ਹੈ। ਸਪਸ਼ਟ ਹੈ ਕਿ ਅਜਿਹਾ ਸ੍ਰੋਤ ਉਸ ਲਈ ਅਟੱਲ ਸੱਚ ਤੇ ਸ੍ਰੋਤ ਦੀ ਪਦਵੀ ਪ੍ਰਾਪਤ ਕਰ ਚੁੱਕਿਆ ਹੁੰਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਸ੍ਰੋਤਾਂ ਤੋਂ ਉਗਲਿਆ ਸੱਚ ਸਦਾ ਮਿਲਾਵਟ ਰਹਿਤ ਮੂਕ ਸੱਚ ਨਹੀਂ ਹੁੰਦਾ। ਇਥੇ ਇਕ ਅਤਿ ਦਿਲਚਸਪ ਸਿਧਾਂਤ ਦਾ ਜ਼ਿਕਰ ਕਰਨਾ ਉਚਿਤ ਹੈ। ਇਸ ਨੂੰ ਦਰਬਾਨ ਸਿਧਾਂਤ ਦਾ ਨਾਂ ਦਿੱਤਾ ਜਾ ਸਕਦਾ ਹੈ ਕਿਉਂਕਿ ਮੀਡੀਏ ਦੇ ਕਰਤਾ ਧਰਤਾ ਆਪਣੇ ਆਪ ਨੂੰ ਪੱਖਪਾਤ ਦੇ ਦੋਸ਼ ਤੋਂ ਮੁਕਤ ਕਰਨ ਲਈ ਹਮੇਸ਼ਾਂ ਇਸ ਦਲੀਲ ਦਾ ਸਹਾਰਾ ਲੈਂਦੇ ਹਨ ਕਿ ਉਨ੍ਹਾਂ ਦਾ ਕੰਮ ਤਾਂ ਕੇਵਲ ਦਰਬਾਨ ਵਾਲਾ ਹੁੰਦਾ ਹੈ। ਇਸ ਸਿਧਾਂਤ ਅਧੀਨ ਉਹ ਸਫਾਈ ਵਜੋਂ ਇਹ ਪੇਸ਼ ਕਰਦੇ ਹਨ ਕਿ ਹਰ ਘੜੀ ਹਰ ਥਾਂ ਘਟਨਾਵਾਂ ਵਾਪਰ ਰਹੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਬੇਸ਼ੁਮਾਰ ਘਟਨਾਵਾਂ ਦੇ ਹੜ ਜਾਂ ਘੜਮੱਸ ਵਿਚੋਂ ਕੇਵਲ ਸੀਮਤ ਤੇ ਮਹੱਤਵਪੂਰਨ ਘਟਨਾਵਾਂ ਨੂੰ ਹੀ ਪ੍ਰਕਾਸ਼ਤ ਜਾਂ ਪਰਸਾਰਨ ਕੀਤਾ ਜਾ ਸਕਦਾ ਹੈ। ਇਸ ਮੰਤਵ ਲਈ ਨਿਰੋਲ ਮਹੱਤਵਪੂਰਨ ਤੇ ਲੋੜੀਂਦੀਆਂ ਘਟਨਾਵਾਂ ਨੂੰ ਪਾਠਕਾਂ/ਸਰੋਤਿਆਂ ਗੋਚਰ ਕਰਨ ਲਈ ਦਰਵਾਜ਼ੇ ਤੋਂ ਅੱਗੇ ਲੰਘਣ ਦਿੱਤਾ ਜਾਂਦਾ ਹੈ ਅਤੇ ਇਹ ਦਰਬਾਨ ਦਾ ਅਸੁਖਾਂਵਾਂ ਕੰਮ ਸਮਾਚਾਰ ਏਜੰਸੀਆਂ ਦੇ ਵੱਖ ਵੱਖ ਪੱਧਰ ਦੇ ਕਰਿੰਦਿਆਂ ਨੂੰ ਨਿਭਾਉਣਾ ਪੈਂਦਾ ਹੈ। ਪਰ ਦਰਬਾਨ ਦੀ ਇਹ ਤੁਲਨਾ ਪੂਰੀ ਤਰ੍ਹਾਂ ਢੁੱਕਦੀ ਨਹੀਂ ਕਿਉਂਕਿ ਸਮਾਚਾਰਾਂ ਦੀ ਭੀੜ ਵਿਚੋਂ ਚੋਣ ਕਰਨ ਦੀ ਕ੍ਰਿਆ ਏਨ੍ਹੀ ਸਾਦ ਮੁਰਾਦੀ ਨਹੀਂ। ਇਸ ਵਿਚ ਆਤਮਨਿਸ਼ਟਤਾ ਤੋਂ ਇਲਾਵਾ ਹੋਰ ਕਈ ਅੰਸ਼ ਇਸ ਨੂੰ ਵੱਖ ਦਿਸ਼ਾ ਵਲ ਮੋੜ ਸਕਦੇ ਹਨ। ਵਿਚਾਰ ਅਧੀਨ ਵਿਸ਼ੇ ਉਤੇ ਮੁੜਦਿਆਂ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੇ ਸੱਚ ਨੂੰ ਪੇਸ਼ ਕਰਨ ਦੀ ਕ੍ਰਿਆ ਪਿੱਛੇ ਕਈ ਵਿਅਕਤੀ ਜੁੱਟੇ ਹੁੰਦੇ ਹਨ ਜੋ ਸਾਡੇ-ਤੁਹਾਡੇ ਵਰਗੇ ਹੱਡ-ਮਾਸ ਦੇ ਮਨੁੱਖ ਹੁੰਦੇ ਹਨ। ਉਨ੍ਹਾਂ ਨੂੰ ਵੀ ਸਾਡੇ ਵਰਗੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਵਿਚ ਵੀ ਸਾਡੇ ਜਿਹੇ ਸਾਧਾਰਣ ਵਿਅਕਤੀਆਂ ਦੀਆਂ ਕਮਜ਼ੋਰੀਆਂ ਹੁੰਦੀਆਂ ਹਨ। ਉਹ ਵੀ ਨਿੱਕੀਆਂ ਨਿੱਕੀਆਂ ਤੇ ਤੁੱਛ ਭੁੱਲਾਂ ਤੇ ਕਈ ਵੱਡੀਆਂ ਵੱਡੀਆਂ ਗਲਤੀਆਂ ਕਰਨ ਦੇ ਭਾਗੀ ਹੁੰਦੇ ਹਨ। ਅਜਿਹੇ ਵਿਅਕਤੀ ਕਥਿੱਤ ਸੱਚ ਜਾਂ ਤੱਥ ਜਾਂ ਕਹੋ ਇਨ੍ਹਾਂ ਤੱਥਾਂ ਤੇ ਸੱਚ ਟੁਕੜੀਆਂ ਨੂੰ ਲੱਭਣ, ਚੁਨਣ, ਤਰਾਸ਼ਣ, ਮਾਂਜਣ ਤੇ ਸੁਆਰਣ ਅਤੇ ਉਨ੍ਹਾਂ ਨੂੰ ਭਾਸ਼ਾ ਤੇ ਰੂਪ ਦੇ ਪੱਖ ਤੋਂ ਵੱਧ ਤੋਂ ਵੱਧ ਮਾਨਣਯੋਗ ਤੇ ਪੇਸ਼ ਕਰਨ ਯੋਗ ਬਨਾਉਣ ਲਈ ਕਰੜੀ ਮੁਸ਼ੱਕਤ ਕਰ ਰਹੇ ਹੁੰਦੇ ਹਨ। ਇਨ੍ਹਾਂ ਸਾਰਿਆਂ ਅੰਸ਼ਾਂ ਤੋਂ ਇਲਾਵਾ ਉਨ੍ਹਾਂ ਨੂੰ ਵੀ ਰੋਜ਼ੀ ਤੇ ਰੋਟੀ, ਸਗੋਂ ਵਧੀਆ ਰੋਜ਼ੀ ਤੇ ਰੋਟੀ, ਤੇ ਆਰਾਮਦਾਇਕ ਹਾਲਤਾਂ ਤੇ ਸ਼ੁਹਰਤ ਤੇ ਉੱਚਾ ਨਾਂ ਕਮਾਉਣ

ਦੀ ਭੁੱਖ ਹੁੰਦੀ ਹੈ। ਇਥੇ ਹੀ ਬੱਸ ਨਹੀਂ ਕਈ ਹੋਰ ਅੰਸ਼ ਜਿਵੇਂ ਕਿ ਉਨ੍ਹਾਂ ਦੀ ਮਾਨਸਿਕ ਬਣਤਰ, ਉਨ੍ਹਾਂ ਦੀ ਵਿਸ਼ਵਾਸ ਪ੍ਰਣਾਲੀ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ, ਸਮਾਜੀ ਤੇ ਸਿਆਸੀ ਸਥਾਨ, ਰੁਝਾਅ, ਝੁਕਾਅ, ਪਸੰਦ, ਰੁਚੀ, ਨਿੱਜੀ ਅਨੁਭਵ ਅਤੇ ਉਨ੍ਹਾਂ ਦੇ ਪੂਰਵ ਨਿਰਨੇ ਆਦਿ ਅਨਗਿਣਤ ਪ੍ਰਤੱਖ ਤੇ ਅਪ੍ਰਤੱਖ ਤੱਤ ਸ਼ਾਮਲ ਹੁੰਦੇ ਹਨ ਜੋ ਕਥਿਤ ਸੱਚ ਜਾਂ ਤੱਥ ਦੇ ਰੂਪ ਅਤੇ ਅਰਥ ਨੂੰ ਨਿਰੰਤਰ ਤੇ ਅਵਸ਼ਕ ਤੌਰ ਤੇ ਪ੍ਰਭਾਵਿਤ ਕਰ ਰਹੇ ਹੁੰਦੇ ਹਨ। ਜਦੋਂ 'ਤੱਥ' ਇਸ ਪ੍ਰਕਿਰਿਆ ਵਿਚੋਂ ਗੁਜਰ ਕੇ ਸਾਡੇ ਸਾਹਮਣੇ ਆਉਂਦਾ ਹੈ ਤਾਂ ਸੁਭਾਵਕ ਹੀ ਅਜਿਹਾ ਤੱਥ ਬੁਨਿਆਦੀ ਤੌਰ ਤੇ ਕਾਇਆ ਪਲਟ ਚੁੱਕਿਆ ਹੁੰਦਾ ਹੈ।

> ਅੱਜ ਬਹੁਤੇ ਲੋਕ ਸਮਾਚਾਰ ਪੱਤਰਾਂ ਵਿਚ ਛਪੇ ਸ਼ਬਦਾਂ, ਰੇਡੀਓ ਦੀ ਪ੍ਰਭਾਵੀ ਅਵਾਜ਼ ਅਤੇ ਟੀ. ਵੀ. ਦੇ ਲਗਭਗ ਅੱਖੀਂ ਵੇਖੇ ਸੱਚ ਵਰਗੇ ਜਾਦੂ ਨੂੰ ਨਿਰੋਲ ਅਤੇ ਸ਼ੁੱਧ ਸੱਚ ਮੰਨਣ ਦੇ ਭੁਲੇਖੇ ਵਿਚ ਪੈਣ ਦੀ ਸੰਭਾਵਨਾ ਰਖਦੇ ਹਨ।

ਅਵੱਸ਼ ਹੀ ਹੁਣ ਉਹ ਅਛੂਤਾ, ਨਵਾਂ ਨਕੋਰ, ਨਿਰਲੇਪ ਤੇ ਸੱਚਾ-ਸੁੱਚਾ ਤੱਥ ਨਹੀਂ ਰਹਿ ਜਾਂਦਾ ਸਗੋਂ ਸ਼ਬਦ-ਘਾੜਿਆਂ ਅਤੇ ਸ਼ਬਦਾਂ ਦੇ ਮਾਹਿਰਾਂ ਤੇ ਪ੍ਰੈਕਟੀਸ਼ਨਰਾਂ ਹੱਥੋਂ ਬਿਲਕੁਲ ਨਵਾਂ ਰੂਪ ਤੇ ਨਵੇਂ ਅਰਥ ਅਖਤਿਆਰ ਕਰ ਚੁੱਕਿਆ ਹੁੰਦਾ ਹੈ।

ਪਰ ਇਸ ਦਾ ਅਰਥ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਸੱਚ ਜਾਂ ਤੱਥ ਬਦਲ ਕੇ ਕੁੱਝ ਹੋਰ ਹੀ ਬਣ ਨਿਬੜਦਾ ਹੈ। ਇਸ ਕਾਇਆ ਪਲਟਣ ਜਾਂ ਰੂਪ ਬਦਲਣ ਦੀ ਪਰਕ੍ਰਿਆ ਦਾ ਸੁਭਾਅ ਹੀ ਐਸਾ ਹੈ ਕਿ ਸਾਧਾਰਨ ਅਸਿੱਖਿਅਤ ਅੱਖ ਇਸ ਦੀਆਂ ਡੂੰਘੀਆਂ ਅਤੇ ਸੂਖਮ ਤੈਹਾਂ ਤੱਕ ਪਹੁੰਚ ਹੀ ਨਹੀਂ ਸਕਦੀ। ਨਤੀਜੇ ਵਜੋਂ ਸੱਚ ਦੇ ਤੱਥ ਦਾ ਝਾਉਲਾ ਹੋਰ ਵੀ ਪੇਚੀਦਾ ਹੋ ਜਾਂਦਾ ਹੈ ਤੇ ਅਸੀਂ ਅਚੇਤ ਹੀ ਸੱਚ ਵਰਗੇ ਤੱਥ ਨੂੰ ਯਕੀਨੀ ਸੱਚ ਮੰਨ੍ਹਣ ਦਾ ਤੌਖਲਾ ਖਾਣ ਲਈ ਤਿਆਰ ਹੋ ਜਾਂਦੇ ਹਾਂ। ਲੋੜ ਇਸ ਗੱਲ ਦੀ ਹੈ ਕਿ ਇਸ ਰਹਸਯ-ਪੂਰਨ ਅਮਲ ਦੇ ਲੁਕਵੇਂ ਅਰਥਾਂ ਨੂੰ ਵੱਧ ਤੋਂ ਵੱਧ ਸਪਸ਼ਟ ਤੇ ਪ੍ਰਤੱਖ ਦ੍ਰਿਸ਼ਟੀ ਨਾਲ ਘੋਖ, ਪੜ੍ਹ ਅਤੇ ਪੜਤਾਲ ਕੇ ਪ੍ਰਵਾਨਿਆ ਜਾਵੇ।

ਹੁਣ ਤੱਕ ਪਾਠਕਾਂ, ਸਰੋਤਿਆਂ ਜਾਂ ਦਰਸ਼ਕਾਂ ਦੀ ਪਹੁੰਚ ਛਪੇ ਹੋਏ ਸ਼ਬਦ ਜਾਂ ਬਰਾਡਕਾਸਟ ਹੋਈ ਅਵਾਜ਼ ਜਾਂ ਤਸਵੀਰ ਦੇ ਮੁਹਾਂਦਰੇ ਤਕ ਹੀ ਸੀਮਤ ਰਹੀ ਹੈ ਅਤੇ ਇਨ੍ਹਾਂ ਸ਼ਬਦਾਂ ਤੇ ਤਸਵੀਰਾਂ ਦਾ ਜਾਦੂ ਮੁਕੰਮਲ ਤੇ ਪ੍ਰਸ਼ਨ-ਰਹਿਤ ਰਿਹਾ ਹੈ। ਇਸ ਪਰਕ੍ਰਿਆ ਵਿਚ ਜੀਵਨ ਅਤੇ ਇਸ ਵਿਚ ਘੁਲਦੇ, ਸੰਘਰਸ਼ ਕਰਦੇ ਅਣਗਿਣਤ ਹਿਤਾਂ ਅਤੇ ਪ੍ਰਭਾਵਾਂ ਦੀ ਹੋਂਦ ਜਾਂ ਅਣਹੋਂਦ ਬਾਰੇ ਆਮ ਜਾਣਕਾਰੀ ਨਾਮ ਮਾਤਰ ਹੀ ਰਹੀ ਹੈ। ਫਲਸਰੂਪ ਮੀਡੀਏ ਵਰਗੇ ਸਨਮਾਨਿਤ ਅਦਾਰੇ ਵਲ ਉਂਗਲੀ ਕਰਨੀ ਜਾਂ ਇਸ ਦੀ ਕਾਰਜ ਵਿਧੀ, ਉਦੇਸ਼ਾਂ ਜਾਂ ਨੀਤੀ ਬਾਰੇ ਕਿੰਤੂ ਕਰਨਾ ਫਤਵੇ ਨੂੰ ਬੁਲਾਵਾ ਦੇਣ ਬਰਾਬਰ ਹੁੰਦਾ ਸੀ। ਇਹ ਕੁੱਝ ਪ੍ਰਸ਼ਨ ਹਨ ਜਿਨ੍ਹਾਂ ਉੱਤੇ ਰੋਸ਼ਨੀ ਪਾ ਕੇ ਮੀਡੀਏ ਨੂੰ ਬਿਨਾਂ ਪ੍ਰਸ਼ਨ ਹਜ਼ਮ ਕਰਨ ਵਾਲੇ ਉਪਭੋਗੀ ਨੂੰ ਚੇਤੰਨ, ਸੁਚੇਤ ਅਤੇ ਜਾਣੂ ਕਰਾਉਣ ਦੀ ਸਖਤ ਲੋੜ ਹੈ।

ਇਸ ਵਿਸ਼ੇ ਉਤੇ ਵਿਚਾਰ ਕਰਦਿਆਂ ਭਾਸ਼ਾ ਅਤੇ ਮੀਡੀਏ ਅਤੇ ਭਾਸ਼ਾ ਦੇ ਆਂਤਰਿਕ ਤੇ ਦਿਲਚਸਪ ਸਬੰਧਾਂ ਬਾਰੇ ਭਾਸ਼ਾ-ਵਿਦਿਆ ਦੇ ਮਾਹਿਰਾਂ ਤੇ ਵਿਗਿਆਨੀਆਂ ਦੇ ਕੁੱਝ ਵਿਚਾਰ ਧਿਆਨ ਗੋਚਰੇ ਕਰਨੇ ਬਣਦੇ ਹਨ। ਮਨੁੱਖ ਦਾ ਭਾਸ਼ਾ ਨਾਲ ਪਰਿਚੈ ਜਾਂ ਇਹ ਕਿਹਾ ਜਾਵੇ ਕਿ ਭਾਸ਼ਾ ਦਾ ਮਨੁੱਖ ਨਾਲ ਪਰਿਚੈ ਹੋਣ ਸਮੇਂ ਸ਼ਬਦ ਅਤੇ ਵਸਤ (ਅਰਥਾਤ ਉਹ ਵਸਤ ਜਿਸ ਨਾਲ ਉਹ ਵਿਸ਼ੇਸ਼ ਸ਼ਬਦ ਜੁੜਿਆ ਹੋਇਆ ਹੈ ਜਾਂ ਜਿਸ ਵਸਤ ਲਈ ਵਿਸ਼ੇਸ਼ ਸ਼ਬਦ ਵਰਤਿਆ ਜਾਂਦਾ ਹੈ) ਵਿਚਕਾਰ ਕੋਈ ਅੰਤਰ ਨਹੀਂ ਸੀ ਹੁੰਦਾ। ਸੁਭਾਵਕ ਹੀ ਸਿੱਧ-ਪੱਧਰਾ ਮਨੁੱਖ ਜੋ ਕੁਝ ਵੇਖਦਾ ਸੀ ਉਹੋ ਕਹਿੰਦਾ ਸੀ। ਸ਼ਬਦ ਤੋਂ ਭਾਵ ਹੂਬਹੂ ਇਕੋ ਹੀ ਅਤੇ ਉਹੋ ਹੀ ਵਸਤ ਹੁੰਦੀ ਸੀ ਜਿਸ ਦਾ ਨਾਂ ਲਿਆ ਜਾਂਦਾ ਸੀ ਜਾਂ ਜਿਸ ਲਈ ਉਹ ਸ਼ਬਦ ਵਰਤਿਆ ਜਾਂਦਾ ਸੀ, ਵਸਤ ਜਾਂ ਚੀਜ਼ ਅਤੇ ਉਸ ਲਈ ਵਰਤੇ ਜਾਂਦੇ ਨਾਂ ਵਿਚ ਕੋਈ ਵੀ ਭੇਦ ਨਹੀਂ ਸੀ ਹੁੰਦਾ। ਮਨੁੱਖੀ ਭਾਸ਼ਾ ਦੇ ਉਸ ਪੜਾਅ ਤੇ ਦਿਸਦੇ ਪੱਥਰ ਨੂੰ ਪੱਥਰ ਅਤੇ ਰੁੱਖ ਨੂੰ ਰੁੱਖ ਜਾਂ ਸਿਰ ਨੂੰ ਸਿਰ ਹੀ ਕਿਹਾ ਜਾਂਦਾ ਸੀ। ਸਮੇਂ ਅਤੇ ਮਨੁੱਖੀ ਸਭਿਅਤਾ ਦੇ ਸਫਰ ਨਾਲ ਨਾਲ ਮਨੁੱਖੀ ਜੀਵਨ ਪੇਚੀਦਾ ਤੇ ਗੁੰਝਲਦਾਰ ਹੁੰਦਾ ਗਿਆ ਜਾਂ ਅਕਸਰ ਇਹ ਕਿਹਾ ਤੇ ਸਮਝਿਆ ਜਾਂਦਾ ਹੈ ਕਿ ਮਨੁੱਖ ਸੀਮਤ ਅਰਥਾਂ ਵਿਚ ਤਰੱਕੀ ਕਰਦਾ ਗਿਆ ਅਤੇ ਇਸ ਕਥਿਤ ਤਰੱਕੀ ਨਾਲ ਵਧਦੀ ਪੇਚੀਦਗੀ ਦੀ ਅਭਿਵਿਅਕਤੀ ਲਈ ਤੇ ਪ੍ਰਗਟਾ ਲਈ ਉਸੇ ਮਿਕਦਾਰ ਵਿਚ ਭਾਸ਼ਾ ਵੀ ਸੂਖਮ ਅਤੇ ਵੱਧ-ਪੇਚੀਦਾ ਤੇ ਗੁੰਝਲਦਾਰ ਹੁੰਦੀ ਗਈ। ਬਿਲਕੁਲ ਉਨ੍ਹਾਂ ਹੀ ਲੀਹਾਂ ਉੱਤੇ ਜਿਨ੍ਹਾਂ ਉੱਤੇ ਮਨੁੱਖੀ ਜੀਵਨ ਗੁੰਝਲਦਾਰ ਤੇ ਜਟਿਲ ਹੁੰਦਾ ਗਿਆ। ਜੀਵਨ ਤੇ ਭਾਸ਼ਾ ਦੇ ਸਦੀਆਂ ਦੇ ਸਫਰ ਉਪਰੰਤ ਅੱਜ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਇਸ ਕੌਮ ਦਾ ਸਿਰ ਜਾਂ ਇਸ ਕੌਮ ਦਾ ਦਿਲ ਤਾਂ ਸਾਡਾ ਭਾਵ ਮੂਲ ਸ਼ਬਦਾਰਥ ਅਨੁਸਾਰ ਸਿਰ ਜਾਂ ਦਿਲ ਤੋਂ ਨਹੀਂ ਹੁੰਦਾ, ਸਗੋਂ ਇਨ੍ਹਾਂ ਸ਼ਬਦਾਂ ਨੂੰ ਅਸੀਂ ਨਵੇਂ ਤੇ ਵਖ ਅਰਥਾਂ ਵਿਚ ਵਰਤਦੇ ਹਾਂ। ਜਦੋਂ ਅੱਜ ਦਾ ਮਨੁੱਖ ਗਾਲ੍ਹ ਕੱਢਣ ਲਈ ਸੂਰ ਦਾ ਬੱਚਾ ਕਹਿੰਦਾ ਹੈ ਤਾਂ ਉਸ ਦਾ ਮੰਤਵ ਸੱਚੀ-ਮੁੱਚੀ ਸੂਰ ਦਾ ਬੱਚਾ ਨਹੀਂ ਹੁੰਦਾ ਸਗੋਂ ਉਸ ਵਲੋਂ ਰੂਪਾਂਤਰਣ ਜਾਂ ਅਲੰਕਿਤ ਅਰਥਾਂ ਵਿਚ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹੁਣ ਦੇ ਮਨੁੱਖ ਨੇ ਸਹੂਲਤ, ਸਫਾਈ ਅਤੇ ਸਾਹਿਤਕ ਪ੍ਰਭਾਵਾਂ ਲਈ ਸ਼ਬਦਾਂ ਦੇ ਅਰਥਾਂ ਨੂੰ ਕਿਤੇ ਪਹੁੰਚਾ ਦਿੱਤਾ ਹੈ, ਸ਼ਬਦਾਂ ਨੂੰ ਬਨਾਉਟੀ ਤੇ ਅਲੰਕ੍ਰਿਤ ਰੰਗਤ ਚਾੜ੍ਹ ਦਿੱਤੀ ਹੈ, ਕੌੜੇ ਬਚਨਾਂ ਦੀ ਥਾਂ ਕੋਮਲ ਬਚਨ ਵਰਤਣ ਦੀ ਕ੍ਰਿਆ ਤੇ ਅੰਤਰੀਵ ਸਦੀਵੀ ਕਲਾਤਮਿਕ ਭੁੱਖ ਨੇ ਸ਼ਬਦਾਂ ਦੇ ਅਡੰਬਰ ਜਾਂ ਜਾਲ ਦੀ ਰਚਣਾ ਕਰ ਲਈ ਹੈ ਜਿਸ ਕਾਰਨ ਮੂਲ ਵਸਤ ਤੇ ਮੂਲ ਸ਼ਬਦ ਵਿਚਕਾਰ ਵੱਡਾ ਖਿਲਾਅ ਪੈਦਾ ਹੋ ਗਿਆ ਹੈ। ਵਰਤਮਾਨ ਸਮੇਂ ਦੇ ਮਨੁੱਖ ਦੀ ਖੰਡਿਤ ਤੇ ਖਿੰਡਰੀ-ਪੁੰਡਰੀ ਅਥਾਹ ਸੋਚ ਤੇ ਸੂਝ ਦੀਆਂ ਅਣਗਿਣਤ ਪਰਤਾਂ ਅੰਦਰ ਸ਼ਬਦ ਦੇ ਮੂਲ ਭਾਵ ਲਗਭਗ ਰੇਤ ਦੇ ਕਿਣਕਿਆਂ ਵਾਂਗ ਅਰਥਾਂ ਦੇ ਪਾਣੀਆਂ ਦੀ ਤਹਿ ਤੇ ਜਾ ਬੈਠੇ ਹਨ। ਇਥੇ ਭਾਸ਼ਾ ਤੇ ਅਰਥਾਂ ਦੇ ਰਿਸ਼ਤੇ ਬਾਰੇ ਲਿਖਣ ਦੀ ਲੋੜ ਪਈ ਹੈ ਕਿਉਂਕਿ ਹੁਣ ਸ਼ਬਦਾਂ ਨੂੰ ਉਨ੍ਹਾਂ ਦੇ ਪ੍ਰਤੱਖ ਤੇ ਦਿਸਦੇ ਰੂਪ ਤੇ ਅਰਥਾਂ ਵਿਚ ਨਹੀਂ ਪੜ੍ਹਿਆ ਜਾ ਸਕਦਾ, ਸਗੋਂ ਸੁਚੇਤ ਅਤੇ ਗੰਭੀਰ ਪਾਠਕ ਨੂੰ ਅਕਸਰ ਦਿਸਦੇ ਸ਼ਬਦਾਂ ਦੇ ਪਰਦੇ ਪਿੱਛੇ ਜਾ ਕੇ ਉਨ੍ਹਾਂ ਦੇ ਵਾਸਤਵਿਕ ਅਰਥਾਂ ਨੂੰ ਪੜ੍ਹਨ ਤੇ ਜਾਨਣ ਦੀ ਲੋੜ ਪੈਂਦੀ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਕਰ ਪਾਠਕ ਜਾਂ ਸਰੋਤੇ ਸ਼ਬਦਾਂ ਦੇ ਲੁਕਵੇਂ ਅਰਥਾਂ ਨੂੰ ਪੜ੍ਹਣ ਤੇ ਸਮਝਣ ਦੀ ਕਲਾ ਜਾਂ ਹੁਨਰ ਤੋਂ ਭਲੀ ਭਾਂਤ ਜਾਣੂ ਹੋਣ ਜਾਂ ਇਸ ਖੇਤਰ ਵਿਚ ਉਨ੍ਹਾਂ ਦਾ ਅਭਿਆਸ ਹੋਵੇ। ਇਸੇ


> ਮੀਡੀਏ ਵਰਗੇ ਸਨਮਾਨਿਤ ਅਦਾਰੇ ਵਲ ਉਂਗਲੀ ਕਰਨੀ ਜਾਂ ਇਸ ਦੀ ਕਾਰਜ ਵਿਧੀ, ਉਦੇਸ਼ਾਂ ਜਾਂ ਨੀਤੀ ਬਾਰੇ ਕਿੰਤੂ ਕਰਨਾ ਫਤਵੇ ਨੂੰ ਬੁਲਾਵਾ ਦੇਣ ਬਰਾਬਰ ਹੁੰਦਾ ਸੀ।


ਲਈ ਲੋੜ ਮਹਿਸੂਸ ਹੁੰਦੀ ਹੈ ਕਿ ਪਾਠਕਾਂ ਤੇ ਸਰੋਤਿਆਂ ਨੂੰ ਇਸ ਕਲਾ ਜਾਂ ਕਾਰੀਗਰੀ ਨਾਲ ਜਾਣ ਪਹਿਚਾਣ ਕਰਵਾਈ ਜਾਵੇ ਤੇ ਉਨ੍ਹਾਂ ਵਿਚ ਦਿਸਦੇ ਸ਼ਬਦਾਂ ਦੀ ਸਕਰੀਨ ਪਿੱਛੇ ਲੁਕੇ ਅਰਥਾਂ ਨੂੰ ਪੜ੍ਹਣ ਦੀ ਪਿਰਤ ਪਾਈ ਜਾਵੇ। ਇਹ ਅਮਲ ਬਹੁਤ ਕਠਿਨ ਤੇ ਲੰਮਾ ਹੀ ਨਹੀਂ ਸਗੋਂ ਘੋਰ ਸਿਰੜ ਤੇ ਸਾਧਨਾਂ

ਦੀ ਮੰਗ ਕਰਦਾ ਹੈ।

ਭਾਸ਼ਾ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਇਲਾਵਾ ਮੀਡੀਏ ਦੇ ਇਤਿਹਾਸਕ ਪੱਖ ਤੋਂ ਇਹ ਪਰਿਵਰਤਣ ਹੋਰ ਵੀ ਵਰਨਣਯੋਗ ਹੈ। ਬਰਾਡਕਾਸਟ ਰੂਪ ਤੋਂ ਪਹਿਲਾਂ, ਸਦੀ ਦੇ ਆਰੰਭ ਵਿਚ, ਪੱਤਰਕਾਰੀ ਦੇ ਮੁੱਢ ਵਿਚ ਵਿਤੀ ਤੌਰ ਤੇ ਸਮਰਥ ਵਿਅਕਤੀ ਜਾਂ ਕੁਝ ਵਿਅਕਤੀ ਮਿਲ ਕੇ ਆਪਣੀ ਵਿਚਾਰਧਾਰਾ ਜਾਂ ਫਲਾਸਫੀ ਨੂੰ ਲੋਕਾਂ ਤੱਕ ਪਹੁਚਾਉਣ ਦੇ ਮੰਤਵ ਨਾਲ ਕੁਝ ਕੁ ਸਾਧਨ ਇਕੱਤਰ ਕਰ ਕੇ ਪੱਤਰ/ਪਰਚਾ ਕੱਢ ਲੈਂਦੇ ਸਨ ਤੇ ਆਪਣੀ ਭੜਾਸ ਕੱਢ ਲੈਂਦੇ ਜਾਂ ਕਹੋ ਆਪਣੇ ਵਿਚਾਰਾਂ ਨੂੰ ਪਾਠਕਾਂ ਸਾਹਮਣੇ ਰੱਖ ਕੇ ਪਰਚਾਰ ਤੇ ਪਰਸਾਰ ਕਰ ਸਕਦੇ ਸਨ। ਉਦੋਂ ਸੱਚੇ ਅਰਥਾਂ ਵਿਚ ਵਿਚਾਰਾਂ ਦੀ ਖੁੱਲ੍ਹੀ ਮੰਡੀ ਵਿਚ ਵਿਚਾਰਾਂ ਦਾ ਆਦਾਨ ਪ੍ਰਦਾਨ ਸੰਭਵ ਹੁੰਦਾ ਸੀ। ਪਰ ਵਰਤਮਾਨ ਯੁੱਗ ਵਿਚ ਇਸ਼ਤਿਹਾਰ ਦੇਣ ਵਾਲੀ ਸਨਅਤ (ਐਡਵਰਟਾਈਜ਼ਿੰਗ ਇੰਡਸਟਰੀ) ਅਤੇ ਕੌਮੀ ਪੱਧਰ ਦੇ ਸਮਾਚਾਰ ਪਤਰਾਂ ਦੀ ਆਮਦ ਨਾਲ ਪਤਰਕਾਰੀ ਦੇ ਉਦੇਸ਼, ਟੀਚੇ ਤੇ ਸੇਧ ਵਿਚ ਪਹਿਲਾਂ ਵਾਲੀ ਖੁੱਲ੍ਹ ਤੇ ਸੁਤੰਤਰਤਾ ਨਹੀਂ ਰਹੀ। ਸ਼ੁਰੂ ਵਿਚ ਜਦੋਂ ਪੱਤਰਕਾਰੀ ਵਿਚਾਰਾਂ ਦੇ ਸਹੀ ਟਕਰਾਅ ਰਾਹੀਂ ਖੁੱਲ੍ਹਾ ਤੇ ਸੁਆਸਥ ਪਲੇਟਫਾਰਮ ਮੁਹੱਈਆ ਕਰਦੀ ਸੀ ਜਿਸ ਨੂੰ ਕਈ ਵਾਰੀ ਰਿਆਇਤ ਕਰ ਕੇ ਇਸ ਦਾ ਸੁਨਹਿਰੀ ਯੁੱਗ ਵੀ ਕਹਿ ਲਿਆ ਜਾ ਸਕਦਾ ਹੈ, ਉਸ ਵਾਤਾਵਰਣ ਵਿਚ ਪੱਤਰਕਾਰਾਂ ਤੇ ਪਾਠਕਾਂ ਦਾ ਖੁੱਲ੍ਹਾ ਸੰਵਾਦ ਸੰਭਵ ਹੁੰਦਾ ਸੀ। ਪਰ ਅਜੋਕੀ ਹਾਲਤ ਵਿਚ ਤਾਂ ਸਮਾਚਾਰ ਪੱਤਰ ਦਾ ਮਾਲਕ ਸਮੁੰਦਰ ਪਾਰ ਕਿਸੇ ਹੋਰ ਦੇਸ਼ ਵਿਚ ਹੁੰਦਾ ਹੈ ਤੇ ਸੈਂਕੜੇ ਮੀਲ ਦੂਰ ਬੈਠੀਆਂ ਇਸ਼ਤਿਹਾਰ ਏਜੰਸੀਆਂ ਸਮਾਚਾਰ ਪੱਤਰਾਂ ਦੀਆਂ ਤਾਰਾਂ ਖਿੱਚ ਰਹੀਆਂ ਹੁੰਦੀਆਂ ਹਨ। ਹੁਣ ਪਾਠਕ ਦੀ ਆਵਾਜ਼ ਦੂਰ-ਦਰਾਡੇ ਸਥਿਤ ਹਿਤਾਂ ਦੇ ਤਰਸ ਉਤੇ ਨਿਰਭਰ ਹੁੰਦੀ ਹੈ। ਅੰਦਾਜਾ ਲਾਉ ਕਿ ਧਨਾਢ ਆਪਣੀ ਠੀਕ ਜਾਂ ਗਲਤ ਦਲੀਲ ਜਾਂ ਵਿਚਾਰ ਨੂੰ ਮੀਡੀਏ ਦੀ ਸਹੂਲਤ ਰਾਹੀਂ ਲੋਕਾਂ ਦੀ ਵਿਚਾਰਧਾਰਾ ਨੂੰ ਪ੍ਰਭਾਵਤ ਕਰ ਸਕਦਾ ਹੈ ਪਰ ਸੁਸਾਇਟੀ ਦਾ ਵਡੇਰਾ ਭਾਗ ਇਹਨਾਂ ਸੁਵਿਧਾਵਾਂ ਤੋਂ ਵਾਂਝਾ ਹੋਣ ਕਰਕੇ ਅਵਾਜ਼ ਬਿਨਾਂ ਰਹਿ ਜਾਂਦਾ ਹੈ ਕਿਉਂਕਿ ਅੱਜ ਸਮਾਚਾਰ ਪੱਤਰ ਕੱਢਣ ਲਈ ਤੇ ਫਿਰ ਚਲਦਾ ਰੱਖਣ ਲਈ ਨਾਂ ਸਿਰਫ ਲੱਖਾਂ ਡਾਲਰਾਂ ਦੀ ਲੋੜ ਹੁੰਦੀ ਹੈ ਸਗੋਂ ਇਸ਼ਤਿਹਾਰ ਦੇਣ ਵਾਲੀਆਂ ਏਜੰਸੀਆਂ ਦੇ ਇਸ਼ਾਰਿਆਂ ਉਤੇ ਨੱਚਣਾ ਪੈਂਦਾ ਹੈ।

> ਹੁਣ ਸ਼ਬਦਾਂ ਨੂੰ ਉਨ੍ਹਾਂ ਦੇ ਪ੍ਰਤੱਖ ਤੇ ਦਿਸਦੇ ਰੂਪ ਤੇ ਅਰਥਾਂ ਵਿਚ ਨਹੀਂ ਪੜ੍ਹਿਆ ਜਾ ਸਕਦਾ, ਸਗੋਂ ਸੁਚੇਤ ਅਤੇ ਗੰਭੀਰ ਪਾਠਕ ਨੂੰ ਅਕਸਰ ਦਿਸਦੇ ਸ਼ਬਦਾਂ ਦੇ ਪਰਦੇ ਪਿੱਛੇ ਜਾ ਕੇ ਉਨ੍ਹਾਂ ਦੇ ਵਾਸਤਵਿਕ ਅਰਥਾਂ ਨੂੰ ਪੜ੍ਹਨ ਤੇ ਜਾਨਣ ਦੀ ਲੋੜ ਪੈਂਦੀ ਹੈ।

ਪਰ ਦੂਜੇ ਪਾਸੇ ਤਸਵੀਰ ਦਾ ਰੁਖ ਅਸਹਿਣਯੋਗ ਹੈ। ਉਪਰ ਪੈਰ੍ਹਿਆਂ ਰਾਹੀਂ ਸੰਖੇਪ ਸ਼ਬਦਾਂ ਵਿਚ ਸੁਝਾਈ ਸੇਧ ਦੀ ਅਣਹੋਂਦ ਦੀ ਸੂਰਤ ਵਿਚ ਸਾਡੀ ਹਾਲਤ ਉੱਤਰੀ ਅਮਰੀਕਾ ਦੀ ਉਸ ਬਹੁ-ਗਿਣਤੀ ਵਰਗੀ ਹੋ ਜਾਂਦੀ ਹੈ ਜੋ ਟੀ.ਵੀ. ਦੀਆਂ ਤਸਵੀਰਾਂ ਤੇ ਬਿੰਬਾਂ ਅਤੇ ਸਮਾਚਾਰਾਂ ਦੇ ਦੂਜੇ ਸਰੋਤਿਆਂ ਰਾਹੀਂ ਪ੍ਰਸਤੁਤ ਹੁੰਦੀ ਸੂਚਨਾ ਤੇ ਕਥਣਾਂ ਨੂੰ ਰੱਬੀ ਸੱਚ ਮੰਨ, ਬਿਨਾਂ ਪ੍ਰਸ਼ਣ ਕੀਤੇ ਹੀ ਸਵੀਕਾਰ ਕਰ ਲੈਂਦੀ ਹੈ ਅਤੇ ਇਨ੍ਹਾਂ ਚੈਨਲਾਂ ਦੁਆਰਾ ਮਿਲਦੀ ਸੂਚਨਾ ਤੇ ਸ਼ਬਦਾਂ ਨੂੰ ਇਸ ਤਰ੍ਹਾਂ ਮਾਣਤਾ ਦਿੰਦੀ ਹੈ ਜਿਵੇਂ ਸੂਚਨਾ ਦੇ ਉਹ ਸ਼ਬਦ ਸੱਚ ਦੀ ਅਗਣੀ ਪਰੀਖਿਆ ਵਿਚੋਂ ਲੰਘ ਚੁੱਕੇ ਹੋਣ ਜਾਂ ਕਹੋ ਉਹ ਸੱਚ ਦਾ ਅੰਤਿਮ ਰੂਪ ਹੋਣ। ਜਿਸ ਨੇ ਉਤਰੀ ਅਮਰੀਕਾ ਦੇ ਜੀਵਨ ਦਾ ਸਰਸਰੀ ਅਧਿਐਨ ਕੀਤਾ ਹੋਵੇ ਉਸ ਤੋਂ ਇਹ ਗੱਲ ਲੁਕੀ ਨਹੀਂ ਕਿ ਆਮ ਉਤਰੀ ਅਮਰੀਕਨ ਦਾ ਮਨ ਪਰਚਾਵਾ 8/10 ਘੰਟਿਆਂ ਦੀ ਪਸ਼ੂਆਂ ਵਰਗੀ ਸਖ਼ਤ ਮੁਸ਼ੱਕਤ ਪਿਛੋਂ ਬੀਅਰ, ਵਿਸਕੀ ਜਾਂ ਟੀ.ਵੀ. ਜਾਂ ਸਮਾਚਾਰ ਪੱਤਰਾਂ ਦੀਆਂ ਸੁਰਖੀਆਂ ਅਤੇ ਖੇਡਾਂ ਦੇ ਨਤੀਜਿਆਂ (ਸਕੋਰਾਂ) ਤੱਕ ਹੀ ਸੀਮਤ ਰਹਿ ਜਾਂਦਾ ਹੈ। ਜਿਥੇ ਘਟੀਆ ਪੱਧਰ ਦੇ ਸ਼ੋਅ ਕੇਵਲ ਬਕਾਵਟ ਲਾਹੁਣ ਜਾਂ ਮੂਲ ਤੌਰ ਤੇ ਕੇਵਲ ਮਨਪਰਚਾਵੇ ਦੇ ਨਜ਼ਰੀਏ ਤੋਂ ਹੀ ਪੇਸ਼ ਕੀਤੇ ਜਾਂਦੇ ਹਨ ਅਤੇ ਮਨਪਰਚਾਵੇ ਦੇ ਮੰਤਵ ਨੂੰ ਪਹਿਲ ਪ੍ਰਾਪਤ ਹੁੰਦੀ ਹੋਵੇ (ਭਾਵੇਂ ਅਸਿੱਧੇ ਤੇ ਪਰੋਖ ਰੂਪ ਵਿਚ ਪ੍ਰਥਮ ਸਥਾਣ ਮੁਨਾਫੇ ਨੂੰ ਦਿੱਤੀ ਜਾਂਦੀ ਹੈ), ਉਥੇ ਮੀਡੀਏ ਰਾਹੀਂ ਪੇਸ਼ ਕੀਤੇ ਸਮਾਚਾਰ ਆਦਿ ਵੀ ਮਨਪਰਚਾਵੇ ਦੇ ਨਜ਼ਰੀਏ ਤੋਂ ਮੁਕਤ ਨਹੀਂ ਰਹਿੰਦੇ। ਧਰਤੀ ਦੇ ਇਸ ਹਿੱਸੇ ਅੰਦਰ ਵਸਦੇ ਕੰਮਾਂ ਤੇ ਰੁਝੇਵਿਆਂ ਵਿਚ ਗੁਆਚੇ ਮਨੁੱਖ ਵੱਲੋਂ ਮਨਪਰਚਾਵੇ ਦੇ ਮੰਦਰ ਨੂੰ ਹੀ ਪੂਜਿਆ ਜਾਂਦਾ ਹੈ। ਮਨਪਰਚਾਵੇ ਦੇ ਨਸ਼ੇ ਦੀ ਪੂਰਤੀ ਲਈ ਬੇਸ਼ੁਮਾਰ ਖਰਚਾ ਕੀਤਾ ਜਾਂਦਾ ਹੈ ਤੇ ਕਰੋੜਾਂ ਡਾਲਰਾਂ ਦੀ ਇੰਡਸਟਰੀ ਇਸ ਉਦੇਸ਼ ਦੀ ਸੰਤੁਸ਼ਟੀ ਵਿਚ ਜੁਟੀ ਰਹਿੰਦੀ ਹੈ। ਸਮਾਚਾਰ ਉਦਯੋਗ ਦੇ ਤਿੰਨ ਮੁੱਖ ਮੰਤਵ ਮੰਨੇ ਜਾ ਸਕਦੇ ਹਨ: ਪਹਿਲਾ ਤੇ ਪ੍ਰਮੁੱਖ ਮੁਨਾਫਾ ਕਮਾਉਣਾ, ਫਿਰ ਲੋਕਾਂ ਦਾ ਮਨਪਰਚਾਵਾ ਕਰਨਾ ਤੇ ਇਸ ਦੇ ਨਾਲ ਨਾਲ ਸਮਾਚਾਰ ਦੇਣਾ ਹੈ। ਬਾਕੀ ਦੇ ਉਦੇਸ਼ਾਂ ਨੂੰ ਕਿਸੇ ਵੀ ਤਰਤੀਬ ਵਿਚ ਰੱਖਿਆ ਜਾ ਸਕਦਾ ਪਰ ਮੁਨਾਫਾ ਹਰ ਸੂਰਤ ਵਿਚ ਤੇ ਹਰ ਕੀਮਤ ਤੇ ਸਦਾ ਪਹਿਲੀ ਥਾਂ ਲੈਂਦਾ ਹੈ। ਆਮਦਨ ਜਾਂ ਮੁਨਾਫੇ ਦੀ ਇਸ ਅਟੱਲ ਖੇਡ ਵਿਚ ਸੱਚ, ਅਸੂਲ, ਧਰਮ, ਮਨੁੱਖ ਆਦਿ ਕਦੇ ਵੀ ਪ੍ਰਧਾਨ ਵਿਸ਼ੇ ਨਹੀਂ ਬਣਦੇ। ਇਕ ਵਿਸ਼ੇਸ਼ ਆਰਥਿਕ ਢਾਂਚੇ ਦੀ ਉਪਜ ਹੋਣ ਦੇ ਨਾਤੇ ਮੀਡੀਏ ਦਾ ਅਦਾਰਾ ਉਸ ਢਾਂਚੇ ਦੇ ਅੰਦਰ ਲਾਗੂ ਤੇ ਸਵੈ-ਲਾਗੂ ਬੰਦਸ਼ਾਂ ਤੇ ਸੀਮਾਵਾਂ ਨੂੰ ਭੰਗ ਨਹੀਂ ਕਰ ਸਕਦਾ। ਲਗਾਤਾਰ ਕਾਫੀ ਸਮੇਂ ਤੋਂ ਇਸ ਸੰਸਥਾ ਦਾ ਸਤਿਕਾਰ ਤੇ ਸਨਮਾਨ ਸਥਾਈ ਤੌਰ ਤੇ ਸਥਾਪਤ ਹੋ ਚੁੱਕਿਆ ਹੈ ਤੇ ਇਸ ਨੂੰ ਸ਼ੱਕੇ ਨਾਲ ਵੇਖਣਾ ਵਗਦੀ ਰੌਅ ਦੇ ਉਲਟ ਚੱਲਣ ਬਰਾਬਰ ਸਮਝਿਆ ਜਾਂਦਾ ਹੈ।

ਇਸ ਅਹਿਮ ਸੰਸਥਾ ਬਾਰੇ ਵਿਚਾਰ ਕਰਦਿਆਂ ਏਥੇ ਇਸ ਨੁਕਤੇ ਉੱਤੇ ਧਿਆਨ ਦਵਾਉਣਾ ਜ਼ਰੂਰੀ ਬਣ ਜਾਂਦਾ ਹੈ ਕਿ ਬੇਸ਼ਕ ਮੀਡੀਏ ਦੇ ਚਿੱਤਰ ਤੇ ਬਿੰਬ, ਭਾਵੇਂ ਉਹ ਪੇਸ਼ਾਵਾਰਾਨਾਂ ਟੀ.ਵੀ. ਸਕਰੀਨ ਉਤੇ ਹੋਣ ਜਾਂ ਛਾਪੇ ਦੇ ਪੰਨਿਆਂ ਉਤੇ, ਪਾਲਿਸ਼ ਕਰ ਕੇ, ਚਮਕਾ ਕੇ, ਸਜਾ ਕੇ, ਉਨ੍ਹਾਂ ਦੀ ਅਪੀਲ ਵਧਾ ਕੇ ਇਸ ਢੰਗ ਨਾਲ ਪੇਸ਼ ਕੀਤੇ ਜਾਂਦੇ ਹਨ ਕਿ ਉਹ ਅਕਸਰ ਸੱਚ ਨਾਲੋਂ ਵੀ ਵੱਧ ਸਚਾਈ ਦੇ ਪ੍ਰਭਾਵ ਪਾਉਣ ਦੀ ਸੰਭਾਵਨਾਂ ਦੇ ਸਮਰਥ ਬਣ ਨਿਬੜਦੇ ਹਨ। ਨਤੀਜੇ ਵਜੋਂ ਉਨ੍ਹਾਂ ਦੁਆਰਾ ਪੇਸ਼ ਕੀਤੀ ਜਾਂਦੀ ਜਾਣਕਾਰੀ ਦੀ ਸਵਿਕਰਿਤੀ ਉਨ੍ਹੀ ਹੀ ਡੂੰਘੀ ਤੇ ਆਵਸ਼ਕ ਹੁੰਦੀ ਹੈ। ਜਿਵੇਂ ਪਹਿਲਾਂ ਇਸ਼ਾਰਤਣ ਦੱਸਿਆ ਗਿਆ ਹੈ ਕਿ ਮੀਡੀਏ ਦੀ ਪੇਸ਼ਕਸ਼ ਦਾ ਇਹ ਸੁੰਦਰ ਸਜਿਆ ਫੁੱਲਾਂ ਦਾ ਗੁਲਦਸਤਾ ਕੁੱਝ ਕੁ ਅਦ੍ਰਿਸ਼ਟ ਤੇ ਸਵੈ-ਲਾਗੂ ਬੰਦਸ਼ਾਂ ਦੀ ਵਲਗਣ ਤੋਂ ਬਾਹਰ ਨਹੀਂ ਵਿਚਰ ਸਕਦਾ ਅਤੇ ਅਜਿਹਾ ਕਰਨਾ ਇਸ ਲਈ ਘਾਤਕ ਵੀ ਹੋ ਸਕਦਾ ਹੈ। ਇਹ ਅਦਾਰਾ ਸਮੁੱਚੇ ਤੌਰ ਤੇ ਮਾਲਕਾਂ, ਹਿੱਸੇਦਾਰਾਂ (ਸ਼ੇਅਰਹੋਲਡਰਾਂ), ਪਰੋਡੀਊਸਰਾਂ, ਪੇਸ਼ਕਾਰਾਂ ਤੇ ਇਸ਼ਤਿਹਾਰ ਦੇਣ ਵਾਲਿਆਂ (ਐਡਵਰਟਾਈਜ਼ਰਾਂ) ਤੇ ਹੋਰ ਕਈ ਅਪਰਤੱਖ ਹਿਤਾਂ ਦੀਆਂ ਮੰਗਾਂ, ਆਸਾਂ ਤੇ ਮੁਰਾਦਾਂ ਨੂੰ ਕਦੇ ਅੱਖੋਂ ਉਹਲੇ ਨਹੀਂ ਕਰ ਸਕਦਾ। ਉਨ੍ਹਾਂ ਦੇ ਹਿਤ ਪਾਲਣ ਦੀ ਸ਼ਰਤ ਇਸ ਖੇਤਰ ਦੀਆਂ ਮੂਲ ਸੰਭਾਵਨਾਵਾਂ ਦਾ ਗਲਾ ਘੁੱਟ ਕੇ ਰੱਖਦੀ ਹੈ। ਕਈ ਵਾਰੀ ਇਕ ਦੂਜੇ ਵਿਰੁੱਧ ਟਕਰਾਂਦੇ ਟੀਚੇ ਤੇ ਮੰਤਵ ਤੇ ਮੁਤਜ਼ਾਦ ਹਿਤ ਇਸ ਦੇ ਪੱਧਰੇ ਪਥ ਵਿਚ ਰੋੜੇ ਖਲੇਰ ਦਿੰਦੇ ਹਨ। ਸੰਖੇਪ ਵਿਚ ਇਕ ਤਰ੍ਹਾਂ ਮਹਾਨ ਸੰਭਾਵਨਾਵਾਂ ਰੱਖਣ ਵਾਲੀ ਸੰਸਥਾ ਪਰਸਪਰ ਵਿਰੋਧੀ ਮਨੋਰਥਾਂ ਦੇ ਘੋਲ ਦਾ ਅਖਾੜਾ ਬਣ ਕੇ ਰਹਿ ਜਾਂਦੀ ਹੈ। ਇਸ ਨੂੰ ਸੀਮਤ ਅਤੇ ਤੰਗ ਲੀਹਾਂ ਦੀ ਤਲਵਾਰ ਦੀ ਧਾਰ ਉੱਤੇ ਅਤਿ ਦੀ ਸਾਵਧਾਨੀ ਨਾਲ ਚੱਲਣਾਂ ਪੈਂਦਾ ਹੈ ਤੇ ਇਸ ਦੀ ਹਸਤੀ ਨਿੱਕੇ ਨਿੱਕੇ ਦਾਇਰਿਆਂ ਦੀ ਕੈਦ ਵਿਚ ਬੱਝੀ ਰਹਿੰਦੀ ਹੈ। ਜਿਸ ਜੀਵਨ ਨੂੰ ਪੇਸ਼ ਕਰਨ ਦਾ ਦਾਅਵਾ

ਇਹ ਸੰਸਥਾ ਕਰਦੀ ਹੈ ਉਹ ਜੀਵਨ ਏਨਾ ਵਿਸ਼ਾਲ, ਬਹੁ-ਪੱਖੀ ਤੇ ਬਹੁ-ਮੁਖੀ ਹੈ ਕਿ ਤੰਗ ਲਕੀਰਾਂ ਉਸ ਦੀ ਸਹੀ ਲੰਬਾਈ ਤੇ ਚੌੜਾਈ ਨੂੰ ਕਦੇ ਵੀ ਆਪਣੇ ਕਲਾਵੇ ਵਿਚ ਨਹੀਂ ਲੈ ਸਕਦੀਆਂ। ਜੀਵਨ ਦੇ ਅਣਗਿਣਤ ਪਹਿਲੂਆਂ ਨੂੰ ਪਕੜ ਵਿਚ ਲਿਆਉਣ ਵਾਲੀ ਅਜੇਹੀ ਹਰ ਸੀਮਾਬੱਧ ਕੋਸ਼ਿਸ਼ ਵੱਧ ਤੋਂ ਵੱਧ ਅਧੂਰੀ ਰਹਿੰਦੀ ਹੈ। ਮੀਡੀਏ ਦੀ ਸਰਸਰੀ ਅਤੇ ਸਰਲ ਸਾਧਾਰਣ ਪਹੁੰਚ ਜੀਵਨ ਦੇ ਰਾਜਨੀਤੀ, ਸਮਾਜ, ਧਰਮ, ਯੁੱਧ ਤੇ ਸ਼ਾਂਤੀ, ਨਿਆਂ, ਆਰਥਿਕ, ਵਾਤਾਵਰਣ, ਲੋਕ ਭਲਾਈ ਆਦਿ ਅਨੇਕ ਮਹਾਂ ਕਾਵਿਕ ਵਿਸ਼ਾਲਤਾ ਤੇ ਮਹਾਨਤਾ ਦੀ ਤੁਲਨਾ ਵਾਲੇ ਅਹਿਮ ਪ੍ਰਸ਼ਨਾਂ ਨਾਲ ਉਚਿਤ ਨਿਆਂ ਨਹੀ ਕਰ ਸਕਦੀ। ਹੋਰ ਵੀ ਵਧ ਜਦੋਂ ਕਿ ਇਨ੍ਹਾਂ ਦਾ ਪ੍ਰਭਾਵ ਸੁਸਾਇਟੀ ਉਤੇ ਲੰਮਾਂ ਤੇ ਡੂੰਘਾ ਪੈਂਦਾ ਹੈ। ਜੀਵਨ ਦਾ ਸਮੁੱਚਾ ਵਿਸਥਾਰ ਤੰਗ ਹਿਤਾਂ ਦੀਆਂ ਸੀਮਾਵਾਂ ਵਿਚ ਕਦੇ ਵੀ ਪ੍ਰਚੂਲਤ ਨਹੀ ਹੋ ਸਕਦਾ। ਜੀਵਨ ਤੇ ਮੌਤ, ਯੁੱਧ ਤੇ ਸ਼ਾਂਤੀ ਦੇ ਮਸਲਿਆਂ ਦਾ ਨਿਭਾਅ ਤੇ ਨਿਪਟਾਰਾ ਮੀਡੀਏ ਦੀ ਮੁਨਾਫਾ-ਆਧਾਰਿਤ ਸਿਆਸਤ ਨੂੰ ਸੌਂਪਣ ਦੀ ਅਣਗਹਿਲੀ ਸੁਸਾਇਟੀ ਦੇ ਲੰਮੇ ਅਤੇ ਸਮੁੱਚੇ ਹਿਤਾਂ ਲਈ ਮਹਿੰਗੀ ਸਾਬਤ ਹੁੰਦੀ ਹੈ।

ਜੇ ਕਰ ਸਮਾਚਰ ਤਿਆਰ ਕਰਨਾ ਤੇ ਪੇਸ਼ ਕਰਨਾ ਇਕ ਇੰਡਸਟਰੀ ਹੈ ਤਾਂ ਸਮਾਚਾਰ ਇਸ ਦਾ ਪਰਾਡਕਟ ਜਾਂ ਉਪਜ ਹੈ ਅਤੇ ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਇਸ ਉਪਜ ਦੀ ਉਪਯੋਗੀ ਵਲੋਂ ਵਰਤੋਂ ਲਈ ਇਸ ਨੂੰ ਅੰਤਮ ਰੂਪ ਦੇਣ ਤੇ ਪੇਸ਼ ਕਰਨ ਵਿਚ ਮੁਨਾਫਾ ਤੇ ਮਨਪਰਚਾਵਾ ਦੋ ਬਲਵਾਨ ਨੈਤਿਕ ਸ਼ਕਤੀਆਂ ਦੀ ਹਾਜਰੀ ਭਾਰੀ ਰੋਲ ਅਦਾ ਕਰਦੀ ਹੈ। ਇਸ ਉਪਜ ਨੂੰ ਸਰੀਰਕ ਤੌਰ ਤੇ ਅਤੇ ਵਾਸਤਵਿਕ ਤੌਰ ਤੇ ਜਨਮ ਦੇਣ ਦੇ ਵੱਖ ਵੱਖ ਪੜਾਵਾਂ ਤੇ ਕੰਮ ਕਰਦੇ ਵੱਡੇ ਛੋਟੇ ਕਾਰਿੰਦੇ ਇਕ ਅਜਿਹਾ ਪ੍ਰਭਾਵੀ ਅਸਰ ਰਸੂਖ ਰਖਦੇ ਹਨ ਜਿਨ੍ਹਾਂ ਨੂੰ ਕਿਸੇ ਵੀ ਸੂਰਤ ਵਿਚ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸ ਸ਼੍ਰੇਣੀ ਵਿਚ ਸਮਾਚਾਰ ਖੋਜਣ, ਤਰਤੀਬ ਦੇਣ, ਮਾਂਜਣ-ਸੁਆਰਣ ਤੇ ਮੈਟਰ ਨੂੰ ਅੰਤਿਮ ਤੇ ਪੇਸ਼ ਕਰਨਯੋਗ ਪੂਰਨ ਸ਼ਕਲ ਦੇਣ ਵਾਲੇ ਵਿਅਕਤੀ ਸ਼ਾਮਲ ਹੁੰਦੇ ਹਨ। ਇਹ ਪੇਸ਼ਾਵਰ ਖੋਜੀ, ਪੱਤਰਕਾਰ, ਸੰਵਾਦਦਾਤਾ ਆਪਣੇ ਖੇਤਰ ਵਿਚ ਸਾਧਾਰਨ ਮਨੁੱਖ ਨਾਲੋਂ ਵੱਧ ਨਿਪੁੰਨ ਹੁੰਦੇ ਹਨ। ਰੇਡੀਓ ਤੇ ਟੀ.ਵੀ. ਤੇ ਬੋਲਣ ਵਾਲੇ ਪੋਚੀ-ਪਾਚੀ ਸੂਰਤ ਵਾਲੇ ਬਰਾਡਕਾਸਟਰ ਵੀ ਇਸੇ ਹੀ ਸੂਚੀ ਵਿਚ ਸ਼ਾਮਲ ਹੁੰਦੇ ਹਨ। ਅਜਿਹੇ ਵਿਸ਼ੇਸ਼ਗਯ ਵਿਅਕਤੀਆਂ ਦੀ ਨਿੱਜੀ ਸੋਚ ਪੱਧਰ, ਉਨ੍ਹਾਂ ਦੀਆਂ ਨਿਜੀ ਪਸੰਦਾਂ/ਨਾ-ਪਸੰਦਾਂ, ਮਾਨਸਿਕ ਬਣਤਰ ਤੇ ਝੁਕਾਅ, ਰੁਝਾਣ ਅਤੇ ਉਨ੍ਹਾਂ ਦੇ ਆਂਤਰਿਕ ਪੱਖ ਪਾਤ ਆਦਿ ਅਜਿਹੇ ਅੰਸ਼ ਹਨ ਜੋ ਸੁਚੇਤ ਤੇ ਅਚੇਤ ਤੌਰ ਤੇ ਉਨ੍ਹਾਂ ਦੇ ਕਾਰਜ ਤੇ ਉਪਜ ਉਤੇ ਨਿਰੰਤਰ ਪ੍ਰਭਾਵ ਪਾ ਰਹੇ ਹੁੰਦੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ, ਆਖਰਕਰ ਉਹ ਵੀ ਸਾਡੇ ਤੁਹਾਡੇ ਵਰਗੇ ਮਨੁੱਖ ਹੁੰਦੇ ਹਨ। ਉਨ੍ਹਾਂ ਵਿਚ ਵੀ ਅਕਸਰ ਔਸਤ ਦਰਜੇ ਤੇ ਮਧ ਦਰਜੇ ਦੇ ਵਿਅਕਤੀ ਹੁੰਦੇ ਹਨ ਜੋ ਮੀਡੀਏ ਵਰਗੇ ਪ੍ਰਭਾਵਸ਼ਾਲੀ ਅਦਾਰੇ ਦੇ ਮੁਹਰੀ ਤੇ ਮੁਹਾਂਦਰੇ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਉਹ ਸਾਡੇ ਸਮੁੱਚੇ ਹਿਤਾਂ ਦੇ ਪਹਿਰੇਦਾਰ ਅਤੇ ਪ੍ਰਤੀਨਿਧ ਹਨ। ਇਨ੍ਹਾਂ ਸੰਕੇਤਾਂ ਤੋਂ ਮੇਰਾ ਭਾਵ ਉਨ੍ਹਾਂ ਦੀ ਪੇਸ਼ਾਵਾਰਾਨਾਂ ਲਿਆਕਤ ਜਾਂ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਛੁਟਿਆਣਾ ਨਹੀਂ ਕਿਉਂਕਿ ਉਨ੍ਹਾਂ ਵਿਚ ਅਕਸਰ ਅਜਿਹੇ ਯੋਗਤਾ ਵਾਲੇ ਸੁਭਵਾਣ, ਨਿਪੁੰਨ ਅਤੇ ਕਿੱਤੇ ਦੀ ਕਾਬਲੀਅਤ ਵਾਲੇ ਹਰਫਨ ਮੌਲਾ ਸ਼ਖਸ ਸਾਹਮਣੇ ਆਉਂਦੇ ਹਨ ਜੋ ਜ਼ਿਆਦਾ ਕਰ ਕੇ ਇਹ ਪ੍ਰਭਾਵ ਛੱਡਦੇ ਹਨ ਕਿ ਉਹ ਨਾਂ ਕੇਵਲ ਵੇਖਣ ਵਿਚ ਹੀ ਜਾਂ ਚਿਹਰੇ ਮੁਹਰੇ ਦੇ ਪੱਖ ਤੋਂ ਫਬਦੇ ਤੇ ਚੁਸਤ ਫਰਤ ਦਿੱਖ ਅਤੇ ਪੁਸ਼ਾਕ ਪਹਿਰਾਵੇ ਤੋਂ ਪ੍ਰਚੰਡ ਪ੍ਰਤੀਤ ਹੁੰਦੇ ਹਨ ਸਗੋਂ ਉਨ੍ਹਾਂ ਦੀ ਵਿਸ਼ਾ ਵਸਤੂ ਪੇਸ਼ ਕਰਨ ਦੀ ਨਿਪੁੰਨਤਾ ਵੀ ਹੈਰਾਨ ਕਰਨ ਵਾਲੀ ਹੁੰਦੀ ਹੈ ਅਤੇ ਉਹ ਆਪਣੇ ਕਾਰਜ ਖੇਤਰ ਦੀ ਸੀਮਾ ਅੰਦਰ ਨਿਰਸੰਦੇਹ ਲਾਸਾਨੀ ਹੁੰਦੇ ਹਨ। ਪਰ ਇਹ ਸੱਭ ਕੁੱਝ ਉਨ੍ਹਾਂ ਦੀ ਸੰਪੂਰਨ ਮੂਰਤ, ਆਕਾਰ ਤੇ ਪ੍ਰਭਾਵ ਨੂੰ ਚਮਕਾਉਣ ਵਿਚ ਸਹਾਈ ਹੁੰਦਾ ਹੈ। ਉਹ ਆਏ ਦਿਨ ਵੱਖ ਵੱਖ ਖੇਤਰਾਂ ਜਿਵੇਂ ਕਿ ਸਿਆਸਤਦਾਨਾਂ, ਅਰਥਸ਼ਾਸਤਰ ਦੇ ਮਾਹਿਰਾਂ, ਧਰਮ, ਵਿਦਿਆ, ਸਿਹਤ, ਟੈਕਨੌਲੋਜੀ, ਸਮਾਜ ਆਦਿ ਹਰ ਸਬੰਧਤ ਖੇਤਰ ਦੇ ਪ੍ਰਤੀਨਿਧਾਂ ਨੂੰ ਮਹਿਮਾਨਾਂ ਦੇ ਤੌਰ ਤੇ ਸੱਦ ਕੇ ਇੰਟਰਵੀਊ ਵੀ ਕਰਵਾਉਂਦੇ ਹਨ ਅਤੇ ਇਸ ਭੁਲੇਖੇ ਦੀ ਮੂਰਤ ਨੂੰ ਹਰ ਪਾਸਿਓਂ ਵੇਖਣ ਵਿਚ ਸੰਪੂਰਨ ਮੂਰਤ ਦੇ ਤੌਰ ਤੇ ਪ੍ਰਸਤੁਤ ਕਰਦੇ ਹਨ। ਪਰ ਥੋੜ੍ਹਾ ਜਿਹਾ ਨੇੜਿਓਂ ਹੋ ਕੇ ਪੜਚੋਲ ਦੀ ਨਿਗਾਹ ਨਾਲ ਜਾਂਚਿਆ ਜਾਵੇ ਤਾਂ ਸਾਰੀ ਪੇਸ਼ਕਸ਼ ਪਿੱਛੇ ਸੂਖਮ ਪਰ ਯਕੀਨੀ ਲਾਈਨਾਂ ਤੇ ਬੰਦਸ਼ਾਂ ਦਿਸਦੀਆਂ ਹਨ। ਪ੍ਰਸ਼ਣਕਾਰੀ ਕਲਾ ਦੇ ਉਨ੍ਹਾਂ ਮਾਹਿਰਾਂ ਦੀ ਕਲਾਤਮਿਕ ਵਿਧੀ ਕਾਰਨ ਇਹ ਆਮ ਸਮਝ ਦੀ ਪਹੁੰਚ ਤੋਂ ਲੁਕੀਆਂ ਰਹਿੰਦੀਆਂ ਹਨ।

ਲੋਕਾਂ ਵਿਚ ਮੀਡੀਏ ਦਾ ਅਧਿਐਨ ਤੇ ਇਸ ਮਸ਼ੀਨ ਦੀ ਚਲਣ ਵਿਧੀ ਨੂੰ ਸਮਝਣ ਦਾ ਇਕ ਸੁਚੇਤ, ਜਾਗ੍ਰਿਤ ਤੇ ਚੇਤੰਨ ਰਵਈਆ ਪੈਦਾ ਕਰਨ ਦੀ ਲੋੜ ਅਤਿ ਜ਼ਰੂਰੀ ਹੈ। ਲੋੜ ਇਸ ਗਲ ਦੀ ਹੈ ਕਿ ਜਨ ਸਾਧਾਰਨ ਵਿਚ ਮੀਡੀਏ ਦੇ ਅਧਿਅਨ ਅਤੇ ਚਾਲਕ ਵਿਧੀ ਬਾਰੇ ਜਾਗ੍ਰਿਤ ਤੇ ਚੇਤੰਨ ਵ੍ਰਿਤੀ ਪੈਦਾ ਕੀਤੀ ਜਾਵੇ। ਜ਼ਿੰਮੇਦਾਰ ਪਤਰਕਾਰਾਂ ਤੇ ਲੇਖਕਾਂ ਦਾ ਫਰਜ ਬਣਦਾ ਹੈ ਕਿ ਉਹ ਮੀਡੀਏ ਦੇ ਅੰਦਰਲੇ ਭੇਦ ਨੂੰ ਖੋਲ੍ਹ ਕੇ ਜਨ-ਸਾਧਾਰਨ ਪਾਠਕ/ਸਰੋਤੇ ਨੂੰ ਇਸ ਦੀ ਕਾਰਿਜ ਵਿਧੀ ਤੋਂ ਜਾਣੂ ਕਰਵਾਉਣ ਅਤੇ ਇਸ ਉੱਤੋਂ ਰਹੱਸਯ ਦਾ ਪਰਦਾ ਚੁੱਕ ਕੇ ਅਸਲੀਅਤ ਦੇ ਦਰਸ਼ਨ ਕਰਵਾਉਣ ਤਾਂ ਜੋ ਉਹ ਪਾਠਕ/ਦਰਸ਼ਕ/ਸਰੋਤੇ ਇਸ ਸੰਸਥਾ ਦਾ ਸਹੀ ਤੇ ਲਾਭਵੰਦ ਪ੍ਰਯੋਗ ਕਰ ਸਕਣ। ਸਹੀ ਡੂੰਘਾਈ ਤੇ ਚੌੜਾਈ ਦੇ ਨੁਕਤੇ ਤੋਂ ਅਸਲੀਅਤ ਨੂੰ ਵੱਧ ਤੋਂ ਵੱਧ ਨੇੜਿਓਂ ਹੋ ਕੇ ਜਾਂਚ ਸਕਣ ਅਤੇ ਇਸ ਤਰ੍ਹਾਂ ਪ੍ਰਾਪਤ ਜਾਣਕਾਰੀ ਦੇ ਨਾਲ ਲੈਸ ਹੋ ਆਪਣੇ ਤੇ ਦੂਜਿਆਂ ਬਾਰੇ ਠੀਕ ਠੀਕ ਫੈਸਲੇ ਕਰ ਸਕਣ। ਪਹਿਲੀ ਨਜ਼ਰੇ ਇਹ ਸੱਭ ਕੁੱਝ ਦੁਰੇਡਾ ਤੇ ਅਪਹੁੰਚ ਆਦਰਸ਼ਵਾਦ ਲੱਗਦਾ ਹੈ ਅਤੇ ਅੰਸਭਵ ਵੀ। ਇਹ ਸਾਧਨਾਂ ਕਠਿਨ, ਲੰਮੀ ਹੈ ਤੇ ਅਥਾਹ ਸਬਰ ਦੀ ਮੰਗ ਕਰਦੀ ਹੈ ਪਰ ਇਸ ਦਾ ਬਦਲ ਕੋਈ ਨਹੀਂ। ਇਸ ਪਾਸੇ ਕਦਮ ਨਾ ਚੁੱਕਣ ਦੀ ਅਣਹੋਂਦ ਵਿਚ ਧੁੰਦ ਦੇ ਹਨੇਰੇ ਵਿਚ ਵਿਚਰਦੇ ਜਨ-ਸਾਧਾਰਨ ਨੂੰ ਸਦੀਵੀ ਤੌਰ ਤੇ ਅਗਿਆਨਤਾ ਅੰਦਰ ਰਖਣ ਦੇ ਭਾਈਵਾਲ ਹੋਣ ਦਾ ਕਲੰਕ ਲਾਉਣ ਬਰਾਬਰ ਹੋਵੇਗਾ। □


# ਕਰਤਾਰ ਫੋਟੋ ਸਟੂਡੀਓ

Kartar Photo Studio

6618 Fraser St.,
50th Ave.
Vancouver B.C.
V5X 3T5



**Ph: 327 - 1700**

**-We also do-**

**Passport, Citizenship & Wedding Photos**

Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਓ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ $ 8.00**

# ਵਿਚਕਾਰਲੀ ਸੜਕ

◎

ਹਰਪ੍ਰੀਤ ਸੇਖਾ

ਉਨ੍ਹਾਂ ਦਾ ਘਰ ਸਾਡੇ ਘਰ ਦੇ ਸਾਹਮਣੇ ਹੈ, ਵਿਚਕਾਰ ਇਕ ਸੜਕ ਹੈ। ਆਸੇ-ਪਾਸੇ ਸਿਰਫ਼ ਦੋ ਹੀ ਘਰ ਈਸਟ-ਇੰਡੀਅਨਾਂ ਦੇ ਹਨ। ਇਕ ਸਾਹਮਣਾ ਘਰ, ਇਕ ਸਾਡਾ ਘਰ। ਬਾਕੀ ਘਰ ਗੋਰਿਆਂ ਦੇ ਹਨ। ਗਰਮੀਆਂ ਦੇ ਦਿਨੀਂ ਗੋਰੇ ਸ਼ਾਮ ਨੂੰ ਘਰਾਂ 'ਚੋਂ ਬਾਹਰ ਨਿਕਲ, ਇਕੱਠੇ ਖੜ੍ਹਦੇ, ਗੱਲਾਂ ਕਰਦੇ, ਹਸਦੇ ਹਨ। ਮੈਂ ਕਈ ਵਾਰ ਉਨ੍ਹਾਂ ਵਿਚ ਜਾ ਕੇ ਖੜ੍ਹ ਜਾਂਦਾ ਹਾਂ। ਉਹ ਚੁਪ ਕਰ ਜਾਂਦੇ ਹਨ, ਉਨ੍ਹਾਂ ਦੀਆਂ ਗੱਲਾਂ ਮੁੱਕ ਜਾਂਦੀਆਂ ਹਨ, ਹਾਸੇ ਰੁੱਕ ਜਾਂਦੇ ਹਨ। ਸ਼ਾਇਦ ਮੇਰੀ ਭੂਰੀ ਚਮੜੀ ਉਨ੍ਹਾਂ ਦੇ ਦਿਮਾਗ਼ ਸੁੰਨ ਕਰ ਦਿੰਦੀ ਹੈ। ਮੈਂ ਕਦੇ ਸਾਹਮਣੇ ਘਰਵਾਲਿਆਂ ਨੂੰ ਵੀ ਉਨ੍ਹਾਂ ਵਿਚ ਖੜ੍ਹੇ ਨਹੀਂ ਦੇਖਿਆ।

ਆਸੇ-ਪਾਸੇ ਸਿਰਫ਼ ਦੋ ਹੀ ਈਸਟ-ਇੰਡੀਅਨਾਂ ਦੇ ਘਰ ਹਨ। ਸਾਡੇ ਘਰ ਪਹਿਲੀ ਵਾਰ ਮਿਲਣ ਆਉਣ ਵਾਲਾ ਤਕਰੀਬਨ ਹਰੇਕ ਸਾਕ-ਸਬੰਧੀ ਜ਼ਰੂਰ ਪੁੱਛਦਾ ਹੈ ਕਿ ਨੇੜੇ-ਤੇੜੇ 'ਆਪਣਿਆਂ' ਦਾ ਵੀ ਕੋਈ ਘਰ ਹੈ? ਅਸੀਂ ਝੱਟ ਸਾਹਮਣੇ ਘਰ ਵੱਲ ਇਸ਼ਾਰਾ ਕਰ ਦਿੰਦੇ ਹਾਂ, 'ਉਹ ਆਪਣਿਆਂ' ਦਾ ਹੀ ਘਰ ਹੈ ਤੇ ਉਹ ਆਖਦੇ ਹਨ ਕਿ ਇਹ ਬਹੁਤ ਚੰਗਾ ਹੈ 'ਆਪਣਿਆਂ' ਦੀ ਦੁੱਖ-ਸੁੱਖ ਵਿਚ ਸੌ ਸਹੂਲਤ। ਪਰ ਸਾਡੇ ਘਰਾਂ ਵਿਚਕਾਰ ਇਕ ਸੜਕ ਵੀ ਹੈ ਤੇ ਸੜਕ ਉਪਰ ਸੂਲਾਂ ਉੱਗੀਆਂ ਹੋਈਆਂ ਹਨ। ਉਹ ਸਾਡੇ ਨਹੀਂ ਆਉਂਦੇ, ਅਸੀਂ ਉਨ੍ਹਾਂ ਦੇ ਨਹੀਂ ਜਾਂਦੇ। ਪਹਿਲਾਂ ਤਾਂ ਇੰਝ ਨਹੀਂ ਸੀ। ਮਾਂ ਸਾਹਮਣੇ ਘਰਵਾਲੀ ਸੁਰਿੰਦਰ ਦੀ ਮੰਮੀ ਨਾਲ ਬੋਲਦੀ-ਚਲਦੀ ਸੀ। ਕਈ ਵਾਰ ਦੁਪਹਿਰ ਵੇਲੇ ਜਦ ਦੋਹਾਂ ਘਰਾਂ ਦੇ ਬਾਕੀ ਜੀਅ ਕੰਮ ਤੇ ਗਏ ਹੁੰਦੇ, ਉਹ ਇਕੱਠੀਆਂ ਇਕ ਘਰ ਬੈਠ ਕੋਟੀਆਂ ਬੁਣਦੀਆਂ। ਉਹ ਸਾਡੇ ਆ ਜਾਂਦੀ ਜਾਂ ਮਾਂ ਉਨ੍ਹਾਂ ਦੇ ਚਲੀ ਜਾਂਦੀ। ਸੁਰਿੰਦਰ ਦੇ ਡੈਡੀ ਨਾਲ ਵੀ 'ਹਾਏ-ਸ਼ਾਏ' ਹੁੰਦੀ ਰਹਿੰਦੀ। ਪਰ ਜਿਸ ਦਿਨ ਸੁਰਿੰਦਰ ਨੇ ਆਪਣੇ ਮੰਮੀ-ਡੈਡੀ ਨਾਲ ਅਤੇ ਮੈਂ ਆਪਣੇ ਮਾਂ-ਡੈਡੀ ਨਾਲ ਸਾਡੇ ਦੋਹਾਂ ਦੇ ਵਿਆਹ ਦੀ ਗੱਲ ਕੀਤੀ, ਸੜਕ ਉਪਰ ਸੂਲਾਂ ਉੱਗ ਖੜੋਤੀਆਂ। ਉਹ ਸਾਡੇ ਨਹੀਂ ਆਉਂਦੇ, ਅਸੀਂ ਉਨ੍ਹਾਂ ਦੇ ਨਹੀਂ ਜਾਂਦੇ।

ਸੁਰਿੰਦਰ ਦੀ ਫ਼ੈਕਟਰੀ ਮੇਰੇ ਦਫ਼ਤਰ ਵਾਲੀ ਬਿਲਡਿੰਗ ਵਿਚ ਹੀ ਹੈ। ਦੋਹਾਂ ਦੇ ਲੰਚ ਦਾ ਟਾਈਮ ਇਕ। ਕਈ ਵਾਰ ਧੁੱਪ ਵਾਲੇ ਦਿਨ ਉਸਦੀ ਫ਼ੈਕਟਰੀ ਵਿਚ ਕੰਮ ਕਰਨ ਵਾਲੇ ਲੰਚ-ਟਾਈਮ ਧੁੱਪ ਸੇਕਣ ਬਾਹਰ ਆ ਜਾਂਦੇ, ਮੇਰੇ ਦਫ਼ਤਰ ਵਾਲੇ ਵੀ ਬਾਹਰ ਨਿਕਲ ਜਾਂਦੇ। ਕੋਈ ਅੱਖਾਂ ਮੀਚ ਸੂਰਜ ਵੱਲ ਮੂੰਹ ਕਰ ਬੈਠ ਜਾਂਦਾ, ਕੋਈ ਧੁੱਪ 'ਚ ਬੈਠ ਕਿਤਾਬ ਪੜ੍ਹਨ ਲੱਗ ਜਾਂਦਾ। ਕਈ ਗੱਲੀਂ ਲੱਗ ਜਾਂਦੇ। ਗੁਆਂਢੀ ਹੋਣ ਦੇ ਨਾਤੇ ਮੈਂ ਕਈ ਵਾਰ ਸੁਰਿੰਦਰ ਕੋਲ ਜਾ ਖੜ੍ਹਦਾ, ਜਾਂ ਉਹ ਮੇਰੇ ਕੋਲ ਆ ਖੜ੍ਹਦੀ। ਗੱਲਾਂ ਕਰਦੇ। ਇੰਡੀਆ ਦੀਆਂ ਗੱਲਾਂ ਛਿੜ ਪੈਂਦੀਆਂ। ਇੰਡੀਆਂ ਦੇ ਫ਼ਿਰਕੂ-ਫ਼ਸਾਦਾਂ ਉਪਰ ਉਹ ਚਿੰਤਤ ਹੁੰਦੀ, ਸਮਾਜ ਵਿਚ ਜਾਤ-ਪਾਤ, ਉਚ-ਨੀਚ ਦੀਆਂ ਵੰਡੀਆਂ ਵਿਰੁੱਧ ਗਿਲ੍ਹਾ ਕਰਦੀ। ਸਾਡੇ ਵਿਚਾਰ ਰਲਦੇ। ਫਿਰ ਸਾਡੀ ਸਾਂਝ ਵਧਦੀ ਗਈ। ਲੰਚ ਟਾਈਮ ਉਹ ਮੇਰੇ ਦਫ਼ਤਰ ਆ ਜਾਂਦੀ, ਅਸੀਂ ਇਕੱਠੇ ਲੰਚ ਕਰਦੇ। 'ਮੇਰੇ ਵਾਂਗ ਉਸਨੂੰ ਵੀ ਇੰਡੀਆ ਤੋਂ ਆਇਆਂ ਹਾਲੇ ਚਾਰ-ਪੰਜ ਸਾਲ ਹੀ ਹੋਏ ਸਨ। ਬੀ. ਏ. ਕਰ ਰਹੀ ਸੀ ਜਦ ਮਾਂ-ਬਾਪ ਨਾਲ ਕੈਨੇਡਾ ਆ ਗਈ। ਕਪੜੇ ਸੀਣ ਦਾ ਕੋਰਸ ਕਰ, ਰਜਾਈਆਂ ਸਿਉਣ ਵਾਲੀ ਇਸ ਛੋਟੀ ਜਿਹੀ ਫ਼ੈਕਟਰੀ ਵਿਚ ਲੱਗ ਗਈ। ਆਪਣੇ ਘਰ ਦੀ ਪੂਰੀ ਜ਼ਿੰਮੇਵਾਰੀ ਸਮਝਦੀ। ਘਰ ਵਿਚ ਉਹ ਅਤੇ ਉਸਦੇ ਡੈਡੀ ਹੀ ਕੰਮ ਕਰਨ ਵਾਲੇ ਸਨ। ਮੰਮੀ ਨੂੰ ਉਹ ਕੰਮ ਤੇ ਨਾਂ ਲੱਗਣ ਦਿੰਦੀ। 'ਕਿੱਥੇ ਫ਼ਾਰਮਾਂ 'ਚ ਧੱਕੇ ਖਾਂਦੀ ਫਿਰੇਗੀ' ਉਹ ਆਖਦੀ। ਫ਼ਾਰਮਾਂ ਤੋਂ ਬਿਨਾਂ ਅਨਪੜ੍ਹ ਮਾਂ ਨੂੰ ਹੋਰ ਕਿੱਥੇ ਕੰਮ ਮਿਲਦਾ? ਛੋਟੇ ਭਰਾ ਨੂੰ ਉਹ ਆਖਦੀ ਕਿ ਪੜ੍ਹੇ। ਇੰਨੀ ਜ਼ਿੰਮੇਵਾਰ ਤੇ ਸਿਆਣੀ ਕੁੜੀ ਮੇਰੇ ਧੁਰ-ਅੰਦਰ ਤੱਕ ਆਪਣਾ ਥਾਂ ਬਣਾਉਂਦੀ ਗਈ। ਮੈਂ ਕਈ ਵਾਰ ਹਾਸੇ-ਹਾਸੇ 'ਚ ਉਸਨੂੰ ਆਖ ਦਿੰਦਾ, 'ਸੁਰਿੰਦਰ ਤੂੰ ਐਨੀ ਚੰਗੀ ਕਾਹਤੋਂ ਐਂ?

'ਕਿਉਂਕਿ ਚੰਗਾਂ ਬਨਣ ਲਈ ਮੈਨੂੰ ਤੁਹਾਡਾ ਸਾਥ ਮਿਲਿਆ ਹੋਇਐ', ਉਹ ਝੱਟ ਆਖ ਦਿੰਦੀ। ਤੇ ਇਕ ਦਿਨ ਅਸੀਂ ਜ਼ਿੰਦਗੀ ਭਰ ਲਈ ਇਕ ਦੂਜੇ ਦੇ ਸਾਥ ਦੀ ਗੱਲ ਤੋਰੀ। ਮਾਪਿਆਂ ਦੀ ਸਹਿਮਤੀ ਜ਼ਰੂਰੀ ਸੀ ਸਾਂਝੇ ਪਰਿਵਾਰ ਵਾਲੇ ਘਰਾਂ ਵਿਚ। ਉਹਦੇ ਲਈ ਵੀ ਤੇ ਮੇਰੇ ਲਈ ਵੀ। ਉਹ ਵੀ ਮਾਪਿਆਂ ਦੀ ਸਿਆਣੀ ਜ਼ਿੰਮੇਵਾਰ ਧੀ, ਮੈਂ ਵੀ ਸਲੱਗ ਪੁੱਤ।

ਪਰ ਉਸ ਦਿਨ ਮੈਨੂੰ ਮਹਿਸੂਸ ਕਰਾਇਆ ਜਾ ਰਿਹਾ ਸੀ ਜਿਵੇਂ ਮੈਂ ਮੁਜ਼ਰਿਮ ਹੋਵਾਂ। ਘਰਦਿਆਂ ਦੇ ਤੌਰ ਬਦਲ ਗਏ। 'ਸਾਨੂੰ ਇਹਤੋਂ ਇਹ ਉਮੀਦ ਨਹੀਂ ਸੀ, ਐਨਾਂ ਸਿਆਣਾਂ-ਬਿਆਣਾਂ', ਮਾਂ ਆਖ ਰਹੀ ਸੀ। ਵੱਡੀ ਭੈਣ ਆਈ, ਭਣਵਈਆ ਆਇਆ। ਮੈਨੂੰ ਵਿਚਕਾਰ ਬਿਠਾ ਲਿਆ। 'ਇਹ ਭਾਈ ਤੇਰਾ ਚੰਗਾ ਕੰਮ ਨਹੀਂ' ਉਨ੍ਹਾਂ ਦੇ ਵਿਚਾਰ ਸਨ। ਪਰ ਮੈਨੂੰ ਸੁਰਿੰਦਰ ਦੇ ਜੁਲਾਹਾ ਪਰਿਵਾਰ ਵਿਚ ਜਨਮ ਲੈਣ ਵਿਚ ਕੋਈ ਭੈੜ ਨਹੀਂ ਸੀ ਦਿਸ ਰਹੀ।

> ਸਿੱਧੂ-ਬਰਾੜਾਂ ਦੀਆਂ ਹੁਣ ਜੁਲਾਹੀਆਂ ਨੂੰਹਾਂ ਬਣਨਗੀਆਂ

'ਐਨੀਆਂ ਸੱਧਰਾਂ ਨਾਲ ਪਾਲਿਆ-ਪੋਸਿਆ ਇਕੋ-ਇਕ ਪੁੱਤ। ਸੋਚਿਆ ਸੀ ਇਹਦੇ ਵਿਆਹ 'ਚ ਚਾਅ ਪੂਰੇ ਕਰੂੰਗੀ।' ਮਾਂ ਨੇ ਹਉਕਾ ਲਿਆ।

'ਹੁਣ ਚਾਅ ਪੂਰੇ ਕਰ ਲਓ। ਸੁਰਿੰਦਰ 'ਚ ਨੁਕਸ ਤਾਂ ਦੱਸੋ'? ਮੈਂ ਪਤਾ ਨਹੀਂ ਕਿਵੇਂ ਮੂੰਹ-ਫੱਟ ਹੋ ਗਿਆ।

'ਜੁਲਾਹਿਆਂ ਦੀ ਕੁੜੀ ਘਰ ਲਿਆ ਕੇ ਚਾਅ ਪੂਰੇ ਕਰੀਏ, ਵੇਖ ਖਾਂ, ਇਹਦੀ ਮੱਤ ਨੂੰ ਪਤਾ ਨਹੀ ਕੀ ਹੋ ਗਿਆ। ਸਰੀਕੇ 'ਚ ਨੱਕ ਵਢਾਉਣੀ ਆਂ। ਲਾਗੀ ਜਾਤ ਦੀ ਕੁੜੀ। ਆਪਣੇ ਕੁੜੀਆਂ ਦਾ ਕਾਲ ਤਾਂ ਨੀਂ ਆ ਗਿਆ', ਮਾਂ ਨੇ ਨੱਕ ਪਲੋਸਿਆ।

'ਸਿੱਧੂ-ਬਰਾੜਾਂ ਦੀਆਂ ਹੁਣ ਜੁਲਾਹੀਆਂ ਨੂੰਹਾਂ ਬਨਣਗੀਆਂ'। ਡੈਡੀ ਸ਼ਾਇਦ ਜਵਾਨ ਪੁੱਤ ਨਾਲ ਟੱਕਰ ਨਹੀਂ ਸੀ ਲੈਣਾ ਚਾਹੁੰਦੇ ਪਰ ਉਨ੍ਹਾਂ ਦੇ ਜਬਤ ਕੀਤੇ ਗੁੱਸੇ ਵਿਚੋਂ ਵੀ ਵਿਅੰਗ ਦਾ ਤੀਰ ਛੱਡਿਆ ਗਿਆ।

'ਰਾਜੇ ਹਰੇਕ ਕੰਮ ਜ਼ਰੂਰੀ ਨਹੀਂ ਹੁੰਦਾ ਕਿ ਆਵਦੇ ਵਾਸਤੇ ਹੀ ਕੀਤਾ ਜਾਵੇ। ਸਾਨੂੰ ਇਹਨਾਂ ਵੱਡਿਆਂ ਦਾ ਵੀ ਖਿਆਲ ਕਰਨਾਂ ਪੈਣਾਂ ਜਿੰਨਾਂ ਨੇ ਸਾਨੂੰ ਪਾਲਿਆ ਪੋਸਿਆ। ਜੇ ਤੇਰੀ ਉਹ ਘਰਵਾਲੀ ਹੋਵੇਗੀ ਤਾਂ ਇਉਂ ਵੀ ਸੋਚ ਬਈ ਮਾਂ ਦੀ ਨੂੰਹ ਵੀ ਤਾਂ ਹੋਵੇਗੀ'। ਭੈਣ ਨੇ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

'ਸੁਰਿੰਦਰ ਇਕ ਸਮਝਦਾਰ ਕੁੜੀ ਹੈ। ਜੇ ਉਹ ਜ਼ਿੰਮੇਵਾਰ ਪਤਨੀ ਹੋਵੇਗੀ ਤਾਂ ਜ਼ਿੰਮੇਵਰ ਨੂੰਹ ਵੀ ਹੋਵੇਗੀ। ਮੈਨੂੰ ਇਉਂ ਨੀਂ ਸਮਝ ਆਉਂਦੀ ਕਿ ਅਸੀਂ ਜੱਟ ਉੱਚੇ ਕਿਉਂ ਹਾਂ ਅਤੇ ਜੁਲਾਹੇ ਨੀਵੇਂ ਕਿਉਂ?

ਪਰ ਘਰਦਿਆਂ ਮੇਰੀ ਸੁਣੀ ਹੀ ਨਾਂ ਤੇ ਆਖਰੀ ਸੁਣਾ ਦਿੱਤੀ ਕਿ ਜੇ ਜੁਲਾਹਿਆਂ ਦੀ ਕੁੜੀ ਨਾਲ ਵਿਆਹ ਕਰਵਾਉਗਾ ਤਾਂ ਉਹ ਵਾਪਸ ਇੰਡੀਆ ਚਲੇ ਜਾਣਗੇ। ਡਣਵਦੀਏ ਨੇ ਮੇਰੇ ਵੱਲ ਇਉਂ ਦੇਖਿਆ ਜਿਵੇਂ ਆਖ ਰਿਹਾ ਹੋਵੇ, 'ਫਿੱਟ ਲਾਹਨਤ ਆ ਤੇਰੇ, ਆਵਦੀਆਂ ਮਰਜੀਆਂ ਖਾਤਰ ਬੁਢੇਪੇ ਵੱਲ ਵਧਦੇ ਮਾਂ-ਬਾਪ ਦੀਆਂ ਸੱਧਰਾਂ ਦਾ ਖੂਨ ਕਰਕੇ ਰੋਲਨ ਲਈ ਘਰੋਂ ਕੱਢ ਰਿਹੈਂ'। ਭੈਣ ਨੇ ਤਾਂ ਮਲਵੀ ਜਿਹੀ ਜੀਭ ਨਾਲ ਆਖ ਵੀ ਦਿੱਤਾ, 'ਜੇ ਤੂੰ ਮਾਂ-ਬਾਪ ਦਾ ਨੀਂ ਕੁੱਝ ਲਗਦਾ, ਤਾਂ ਸਾਡਾ ਕਦੋਂ ਲਗਿਆਂ'।

ਦੂਜੇ ਦਿਨ ਮਿਲੀ ਸੁਰਿੰਦਰ ਵੀ ਬੁੱਕ-ਬੁੱਕ ਰੋਦੀ ਸੀ। ਉਸਦੇ ਮਾਪਿਆਂ ਉਸਨੂੰ ਪੂਰੀ ਫਿੱਟ ਲਾਹਨਤ ਦਿੱਤੀ। 'ਮੁੰਡੇ ਨਾਲ ਪਹਿਲਾਂ ਹੀ ਰਲੀ ਹੋਊ ਜਿਹੜੀ ਜੱਟਾਂ ਦੇ ਮੁੰਡੇ ਨਾਲ ਵਿਆਹੀ ਐਂ'। ਸ਼ਰੀਕੇ ਵਾਲਿਆਂ ਮੇਹਣੇ ਮਾਰਨੇ ਸਨ ਜੋ ਉਸਦੇ ਮਾਪਿਆਂ ਦੀ ਇੱਜ਼ਤ ਉਪਰ ਧੱਬਾ ਸਨ।

ਉਸ ਦਿਨ ਤੋਂ ਉਨ੍ਹਾਂ ਦਾ ਸਾਡੇ ਆਉਣਾ ਬੰਦ ਤੇ ਸਾਡਾ ਉਨ੍ਹਾਂ ਦੇ ਜਾਣਾ ਬੰਦ। ਕਈ ਵਾਰ ਮੈਂ ਆਪਣੇ ਘਰ ਦੇ ਲਿਵਿੰਗ ਰੂਮ ਵਿਚ ਖੜ੍ਹਾ ਦੇਖਦਾ ਹਾਂ ਕਿ ਸਾਹਮਣੇ ਘਰ ਦੇ ਲਿਵਿੰਗ ਰੂਮ ਵਿਚ ਲੱਗੀਆਂ ਤਸਵੀਰਾਂ ਤੱਕ ਸਾਡੇ ਘਰੋਂ ਦਿਸਦੀਆਂ ਹਨ, ਫਿਰ ਇਹ ਘਰ ਐਨੇ ਦੂਰ ਦੂਰ ਕਿਉਂ? ਤੇ ਮੈਨੂੰ

**ਮੈਨੂੰ ਸੁਰਿੰਦਰ ਦੇ ਜੁਲਾਹਾ ਪਰਿਵਾਰ ਵਿਚ ਜਨਮ ਲੈਣ ਵਿਚ ਕੋਈ ਭੈੜ ਨਹੀਂ ਸੀ ਦਿਸ ਰਹੀ।**

ਇਉਂ ਖੜ੍ਹਾ ਦੇਖ ਸੁਰਿੰਦਰ ਦੀ ਮੰਮੀ ਆਪਣੇ ਘਰ ਦੇ ਲਿਵਿੰਗ ਰੂਮ ਦੇ ਪਰਦੇ ਬੰਦ ਕਰ ਦਿੰਦੀ। ਉਨ੍ਹਾਂ ਦੇ ਘਰ ਲੱਗੀ ਗੁਰੂ ਨਾਨਕ ਦੇਵ ਦੀ ਤਸਵੀਰ ਪਰਦਿਆਂ ਪਿੱਛੇ ਲੁਕ ਜਾਂਦੀ। ਇਹੋ ਜਿਹੀ ਤਸਵੀਰ ਸਾਡੇ ਘਰ ਵੀ ਹੈ। ਕਮਾਲ ਹੈ ਦੋਹੀਂ ਘਰੀਂ ਇਕੋ ਜਿਹੀਆਂ ਤਸਵੀਰਾਂ। ਆਸੇ-ਪਾਸੇ ਸਿਰਫ਼ ਦੋ ਹੀ ਈਸਟ-ਇੰਡੀਅਨ ਦੇ ਘਰ ਹਨ। ਉਹ ਵੀ ਪੰਜਾਬੀ, ਅਸੀਂ ਵੀ ਪੰਜਾਬੀ। ਉਹ ਵੀ ਮਲਵਈ, ਅਸੀਂ ਵੀ ਮਲਵਈ। ਉਹ ਜੁਲਾਹੇ, ਅਸੀਂ ਜੱਟ। ਵਿਚਕਾਰ ਇਕ ਸੜਕ ਹੈ, ਤੇ ਸੜਕ ਉਪਰ ਸੂਲਾਂ ਉਗੀਆਂ ਹੋਈਆਂ ਹਨ।

ਰਾਤ ਕੋਈ ਸ਼ਰਾਰਤ ਕਰ ਗਿਆ। ਸ਼ੀਸ਼ੇ ਭੰਨ ਗਿਆ। ਉਨ੍ਹਾਂ ਦੀ ਕਾਰ ਦੇ ਤੇ ਸਾਡੇ ਘਰ ਦੇ। ਸੁਰਿੰਦਰ ਦੇ ਡੈਡੀ ਅਤੇ ਮੇਰੇ ਡੈਡੀ ਦੋਨੋਂ ਹੀ ਗੁੱਸੇ ਵਿਚ, ਦੋਨੋਂ ਹੀ ਸਹਿਮੇ-ਸਹਿਮੇ। ਦੋਨੋਂ ਸੜਕ ਉਪਰ ਆ ਜਾਂਦੇ ਹਨ। ਉਹ ਅਖਬਾਰ ਨੂੰ ਖ਼ਬਰ, ਪੁਲਿਸ ਨੂੰ ਇਤਲਾਹ, ਅਤੇ ਨਸਲੀ ਦੰਗਿਆਂ ਵਿਰੁੱਧ ਬਣੀ ਜਥੇਬੰਦੀ ਨੂੰ ਸੂਚਿਤ ਕਰਨ ਦੀਆਂ ਸਲਾਹਾਂ ਕਰਦੇ ਹਨ। ਮਾਂ ਅਤੇ ਸੁਰਿੰਦਰ ਦੀ ਮੰਮੀ ਵਿਚਕਾਰਲੀ ਸੜਕ ਉਪਰ ਇੱਕਠੀਆਂ ਖੜ੍ਹੀਆਂ ਸ਼ਰਾਰਤੀਆਂ ਨੂੰ ਕੋਸਦੀਆਂ ਹਨ।

'ਆਸੇ-ਪਾਸੇ ਹੋਰ ਕਿਸੇ ਦੇ ਘਰ ਨੂੰ ਨੁਕਸਾਨ ਨਹੀ ਕੀਤਾ। ਸਾਡੇ ਦੋਹਾਂ ਘਰਾਂ ਉਪਰ ਹੀ ਗਰਕ ਜਾਣਾ ਕੋਈ ਕਹਿਰਵਾਨ ਹੋਇਆ'।

'ਰੁੜ ਜਾਣੇ ਗੋਰੇ ਸਾਡੇ ਲੋਕਾਂ ਨੂੰ ਖਾਂਦਿਆਂ-ਪੀਂਦਿਆਂ ਦੇਖ ਨੀਂ ਜਰਦੇ। ਇੰਨ੍ਹਾਂ ਦੇ ਢਿੱਡ 'ਚ ਸੂਲ ਉਠਦੀ ਐ ਬਈ ਇਹ ਇਥੇ ਆ ਕੇ ਵੱਡੇ-ਵੱਡੇ ਘਰਾਂ 'ਚ ਰਹਿੰਦੇ ਆ'।

ਮੈਨੂੰ ਲਗਿਆ ਜਿਵੇਂ ਸੂਲਾਂ ਮਿੱਧੀਆਂ ਗਈਆਂ ਹੋਣ। ਹੁਣ ਮੈਂ ਅਤੇ ਸੁਰਿੰਦਰ ਵਿਚਕਾਰਲੀ ਸੜਕ ਉਪਰ ਤੁਰ ਮੰਜ਼ਿਲ ਵੱਲ ਵਧਾਂਗੇ। ਮੇਰਾ ਕੰਮ ਤੇ ਜਾਣ ਦਾ ਟਾਈਮ ਹੈ। ਸੁਰਿੰਦਰ ਨੇ ਵੀ ਕੰਮ ਤੇ ਜਾਣਾ ਹੈ, ਪਰ ਉਸਦੀ ਕਾਰ ਦੇ ਸ਼ੀਸ਼ੇ ਟੁੱਟੇ ਹੋਏ ਹਨ। ਮੈਂ ਸੁਰਿੰਦਰ ਦੇ ਡੈਡੀ ਕੋਲ ਸੁਰਿੰਦਰ ਨੂੰ ਰਾਈਡ ਦੇਣ ਦਾ ਪ੍ਰਸਤਾਵ ਰੱਖਦਾ ਹਾਂ ਪਰ ਉਸ ਦਾ ਖਰਵ੍ਹਾ ਜਵਾਬ ਹੈ, 'ਨਹੀਂ, ਮੈਂ ਆਪ ਹੀ ਛੱਡ ਆਊਂ'। ❑


MOGUL GARDEN RESTAURANT

**801 -Beach Ave., Vancouver, B.C.**
(Howe & Beach Ave. near Pacific St.)

EAT IN OR TAKE OUT
PH: (604) 684 - 5886

✡ ਤੁਸੀਂ ਸਾਡੇ ਰੈਸਟੋਰੈਂਟ ਵਿਚ ਬੈਠ ਕੇ ਗਰਮਾ ਗਰਮ ਤੰਦੂਰੀ ਚਿਕਨ, ਤੰਦੂਰੀ ਮੱਛੀ, ਮੱਛੀ ਦੇ ਪਕੌੜੇ, ਛੋਲੇ ਭਟੂਰੇ, ਸਮੋਸੇ ਆਦਿ ਬੈਠ ਕੇ ਖਾ ਸਕਦੇ ਹੋ ਜਾਂ ਘਰ ਲਿਜਾ ਸਕਦੇ ਹੋ।

✡ 300 ਬੰਦਿਆਂ ਤੱਕ ਪਾਰਟੀ ਵੀ ਰੈਸਟੋਰੈਂਟ ਵਿਚ ਹੋ ਸਕਦੀ ਹੈ।

✡ ਅਸੀਂ 100 ਤੋਂ 3000 ਤੱਕ ਲੋਕਾਂ ਦੀ ਪਾਰਟੀ ਦਾ ਇੰਤਜ਼ਾਮ ਕਰਨ ਦੇ ਸਮੱਰਥ ਹਾਂ।

✡ ਵਾਜਬ ਕੀਮਤਾਂ ਤੇ ਸੁਆਦ ਦੀ ਪੂਰੀ ਗਰੰਟੀ।

WANT TO SELL FASTER?
LOOKING FOR A GOOD DEAL?

List with well known Indo-Canadian Personality



***Darshan Bains***

**Res: 275-2533** **Pager: 667-0884**

MULTIPLE REALTY LTD

**Multiple Realty**
**2298 Kingsway**
**Vancouver**
**Ph: 434-1431**

# ਸਵਾਲ ਲਿਪੀ ਦਾ

ਸੁਰਜਨ ਜ਼ੀਰਵੀ

ਪਿੱਛੇ ਜਿਹੇ ਡਾ: ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਭਾਸ਼ਾ ਤੇ ਪੰਜਾਬੀ ਲਿਪੀ ਬਾਰੇ ਇਕ ਲੇਖ ਲਿਖਿਆ ਸੀ। ਇਸ ਲੇਖ ਵਿਚ ਉਨ੍ਹਾਂ ਜਿਹੜੇ ਸਿੱਟੇ ਕੱਢੇ ਸਨ, ਉਨ੍ਹਾਂ ਨਾਲ ਅਸਹਿਮਤੀ ਸੰਭਵ ਨਹੀਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਧੁਨੀ ਵਿਗਿਆਨ ਦੀ ਕਸਵੱਟੀ ਤੇ ਪਰਖਿਆਂ ਪੰਜਾਬੀ ਬੋਲੀ ਲਈ ਗੁਰਮੁਖੀ ਹੀ ਸੱਭ ਤੋਂ ਢੁੱਕਵੀਂ ਲਿਪੀ ਸਾਬਤ ਹੁੰਦੀ ਹੈ। ਜਿਸ ਤਰ੍ਹਾਂ ਪ੍ਰੇਮ ਪ੍ਰਕਾਸ਼ ਸਿੰਘ ਨੇ ਪ੍ਰਮਾਣਿਤ ਕੀਤਾ ਹੈ ਕਿ ਪੰਜਾਬੀ ਬੋਲੀ ਦੀਆਂ ਕੁਝ ਧੁਨੀਆਂ ਅਜਿਹੀਆਂ ਹਨ ਜਿਹੜੀਆਂ ਸਿਵਾਏ ਗੁਰਮੁਖੀ ਲਿਪੀ ਦੇ, ਹੋਰ ਕਿਸੇ ਲਿਪੀ ਵਿਚ ਉਚਾਰੀਆਂ ਹੀ ਨਹੀਂ ਜਾ ਸਕਦੀਆਂ, ਨਾ ਰੋਮਨ ਲਿਪੀ ਵਿਚ, ਨਾ ਉਰਦੂ ਹਰੂਫ ਵਿਚ ਤੇ ਨਾ ਹੀ ਦੇਵਨਾਗਰੀ ਅੱਖਰਾਂ ਵਿਚ। ਦਰਅਸਲ ਗੁਰਮੁਖੀ ਲਿਪੀ ਦਾ ਵਿਕਾਸ ਹੀ ਪੰਜਾਬੀ ਬੋਲੀ ਦੇ ਆਪਣੀ ਤਰ੍ਹਾਂ ਦੇ ਸੁਭਾਅ ਤੇ ਆਪਣੀ ਤਰ੍ਹਾਂ ਦੀਆਂ ਲੋੜਾਂ ਵਿਚੋਂ ਹੋਇਆ ਹੈ। ਇਹ ਲਿਪੀ ਬਾਹਰੋਂ ਨਹੀਂ ਆਈ ਸਗੋਂ ਪੰਜਾਬੀ ਬੋਲੀ ਦੀ ਕੁੱਖੋਂ ਪੈਦਾ ਹੋਈ ਹੈ।

ਤਾਂ ਵੀ, ਜੇ ਲਿਪੀ ਦਾ ਸਵਾਲ ਕੇਵਲ ਵਾਹਗਾ ਸਰਹੱਦ ਦੇ ਚੜ੍ਹਦੇ ਪਾਸੇ ਦੇ ਪੰਜਾਬ ਨੂੰ ਧਿਆਨ ਵਿਚ ਰੱਖਕੇ ਵਿਚਾਰਿਆ ਜਾ ਰਿਹਾ ਹੋਵੇ ਤਾਂ ਵੱਖਰੀ ਗੱਲ ਹੈ, ਪਰ ਜੇ ਇਸ ਵਿਚਾਰ ਚਰਚਾ ਦਾ ਮੰਤਵ ਲਹਿੰਦੇ ਪਾਸੇ ਦੇ ਪੰਜਾਬ ਨੂੰ ਮੁਖਾਤਿਬ ਹੋਣਾ ਵੀ ਹੈ ਤਾਂ ਨਿਰਾ ਧੁਨੀ ਵਿਗਿਆਨ ਦਾ ਹਵਾਲਾ ਕਾਫੀ ਨਹੀਂ ਹੋਵੇਗਾ। ਇਸ ਤੋਂ ਇਲਾਵਾ ਹੋਰਨਾਂ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਤੇ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਰਹਿੰਦੇ ਪੰਜਾਬੀਆਂ ਦੀ ਸਮੱਸਿਆ ਆਪਣੀ ਹੈ। ਲਿਪੀ ਦਾ ਸਵਾਲ ਇਹਨਾਂ ਸਾਰਿਆਂ ਲਈ ਵੱਖੋ ਵੱਖਰੀ ਹੈਸੀਅਤ ਰੱਖਦਾ ਹੈ।

ਬਦਕਿਸਮਤੀ ਨਾਲ ਪੰਜਾਬੀ ਹੀ ਇਕੋ ਇਕ ਭਾਸ਼ਾ ਹੈ, ਜਿਸਨੂੰ ਗੁਲਾਮੀ ਦੇ ਦਿਨਾਂ ਵਿਚ ਅੰਗ੍ਰੇਜ਼ ਹਕੂਮਤ ਵੱਲੋਂ ਚਮੇੜੇ ਗਏ ਭੈੜੀ ਸਿਆਸਤ ਤੇ ਫਿਰਕਾਪ੍ਰਸਤੀ ਦੇ ਜਿੰਨ ਅਜੇ ਤੱਕ ਇਸਦਾ ਖਹਿੜਾ ਨਹੀਂ ਛੱਡ ਰਹੇ।

ਠੀਕ ਹਾਲਤਾਂ ਵਿਚ ਬੋਲੀ ਤੇ ਲਿਪੀ ਨਾਲ ਸਬੰਧਤ ਸਵਾਲਾਂ ਤੇ ਬਹਿਸ ਦਾ ਆਧਾਰ ਸਿਵਾਏ ਭਾਸ਼ਾ ਵਿਗਿਆਨ ਜਾਂ ਧੁਨੀ ਵਿਗਿਆਨ ਦੇ ਹੋਰ ਕੋਈ ਨਹੀਂ ਹੋਣਾ ਚਾਹੀਦਾ, ਪਰ ਬਦਕਿਸਮਤੀ ਨਾਲ ਪੰਜਾਬੀ ਹੀ ਇਕੋ ਇਕ ਭਾਸ਼ਾ ਹੈ, ਜਿਸਨੂੰ ਗੁਲਾਮੀ ਦੇ ਦਿਨਾਂ ਵਿਚ ਅੰਗ੍ਰੇਜ਼ ਹਕੂਮਤ ਵੱਲੋਂ ਚਮੇੜੇ ਗਏ ਭੈੜੀ ਸਿਆਸਤ ਤੇ ਫਿਰਕਾਪ੍ਰਸਤੀ ਦੇ ਜਿੰਨ ਅਜੇ ਤੱਕ ਇਸਦਾ ਖਹਿੜਾ ਨਹੀਂ ਛੱਡ ਰਹੇ।

ਪਰ ਏਥੇ ਇਹ ਗੱਲ ਮੰਨ ਕੇ ਹੀ ਤੁਰਿਆ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਹੁਣ ਤੱਕ ਜਿਸ ਆਪੱਤੀ ਦਾ ਸ਼ਿਕਾਰ ਤੁਰੀ ਆ ਰਹੀ ਹੈ ਉਸਦੇ ਲਈ ਕੋਈ ਇਕ ਫਿਰਕਾ ਦੂਸਰੇ ਵੱਲ ਉਂਗਲ ਨਹੀਂ ਕਰ ਸਕਦਾ। ਜੇ ਇਕ ਫਿਰਕੇ ਦੇ ਆਗੂਆਂ ਨੇ ਧਰਮ ਦੇ ਆਧਾਰ ਦੇ ਉੱਤੇ ਪੰਜਾਬੀ ਨੂੰ ਗੁਰਮੁਖੀ ਲਿਪੀ ਤੋਂ ਬਿਨਾਂ ਵੀ ਆਪਣੀ ਬੋਲੀ ਮੰਨਣ ਤੋਂ ਇਨਕਾਰ ਕੀਤਾ ਤਾਂ ਦੂਸਰੇ ਫਿਰਕੇ ਦੇ ਆਗੂਆਂ ਨੇ 'ਬੋਲੀ ਤੇ ਭਾਸ਼ਾ' ਵਿਚ ਫਰਕ ਦੀ ਸ਼ਰਾਰਤ ਭਰੀ ਬਹਿਸ ਛੇੜਕੇ ਇਸ ਬੋਲੀ ਵਲੋਂ ਪਿੱਠ ਮੋੜ ਲਈ। ਉਧਰ ਤੀਜੇ ਫਿਰਕੇ ਦੇ ਆਗੂਆਂ ਨੇ ਗੁਰਮੁਖੀ ਲਿਪੀ ਉਤੇ ਧਾਰਮਿਕਤਾ ਦੀ ਮੁਹਰ ਲਾਕੇ ਪਹਿਲੇ ਦੋਹਾਂ ਫਿਰਕਿਆਂ ਦੇ ਆਗੂਆਂ ਦੇ ਇਸ ਝੂਠੇ ਪੈਤੜੇ ਲਈ ਰਾਹ ਪੱਧਰਾ ਕਰ ਦਿੱਤਾ ਕਿ ਬੋਲੀ ਮਾਂ ਤੇ ਮਿੱਟੀ ਦੀ ਦੇਣ ਨਹੀਂ ਹੁੰਦੀ ਸਗੋਂ ਫਿਰਕਿਆਂ ਦੀ ਤੜਾਗੀ ਨਾਲ ਬੱਝੀ ਹੋਈ ਹੁੰਦੀ ਹੈ।

ਦਰਅਸਲ ਪੰਜਾਬੀ ਬੋਲੀ ਨਾਲ ਇਨਸਾਫ ਉਸੇ ਦਿਨ ਹੋਵੇਗਾ ਜਦੋਂ ਇਸਨੂੰ ਬੋਲਣ ਵਾਲੇ ਸੱਭ ਤੋਂ ਪਹਿਲਾਂ ਅਪਣੇ ਆਪ ਨੂੰ ਪੰਜਾਬੀ ਤੇ ਫੇਰ ਕੁਝ ਹੋਰ ਸਮਝਣਗੇ ਅਤੇ ਜਦੋਂ ਪੰਜਾਬੀ ਅਪਣੀ ਬੋਲੀ ਨੂੰ ਅਪਣਾਅ ਲੈਣਗੇ ਤਾਂ ਲਿਪੀ ਦਾ ਮਸਲਾ ਹੱਲ ਤੋਂ ਵਿਹਰਿਆਂ ਨਹੀਂ ਰਹਿ ਜਾਏਗਾ। ਘੱਟੋ ਘੱਟ ਭਾਰਤੀ ਪੰਜਾਬ ਦਾ ਤਜ਼ਰਬਾ ਇਸ ਗੱਲ ਦੀ ਹਾਮੀ ਭਰਦਾ ਹੈ ਪਰ ਇਸ ਦਾ ਜ਼ਿਕਰ ਮੈਂ ਬਾਅਦ ਵਿਚ ਕਰਾਂਗਾ।

ਅੱਗੇ ਤੁਰਨ ਤੋਂ ਪਹਿਲਾਂ ਇਸ ਗੱਲ ਵਲ ਧਿਆਨ ਦੁਆ ਦੇਣਾ ਵੀ ਜ਼ਰੂਰੀ ਹੈ ਕਿ ਫਿਰਕੂ ਸਿਆਸਤ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਕਦੇ ਵੀ ਨਹੀਂ ਹੋਇਆ ਕਿ ਪੰਜਾਬੀ ਬੋਲੀ ਦੇ ਸ਼ੈਦਾਈਆਂ ਦੀਆਂ ਸਫਾਂ ਵਿਚੋਂ ਕਿਸੇ ਇਸ ਜਾਂ ਉਸ ਧਰਮ ਨੂੰ ਮੰਨਣ ਵਾਲੇ ਗੈਰਹਾਜ਼ਰ ਰਹੇ ਹੋਣ। ਇਸ ਬੋਲੀ ਨੂੰ ਅਪਣੀ ਕਲਮ, ਕਲਾ ਤੇ ਕਲਪਣਾ ਨਾਲ ਸਿੰਜਣ ਵਾਲਿਆਂ ਵਿਚ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਇਕੋ ਜਿਹੇ ਜੋਸ਼ ਤੇ ਜਜ਼ਬੇ ਨਾਲ ਸ਼ਾਮਲ ਰਹੇ ਹਨ। ਦਰਅਸਲ ਇਹ ਧਾਰਮਿਕ ਵਿਸ਼ਵਾਸ ਨਹੀਂ ਜਿਹੜੇ ਪੰਜਾਬੀ ਬੋਲੀ ਜਾਂ ਗੁਰਮੁਖੀ ਲਿਪੀ ਦੇ ਵੈਰੀ ਹਨ ਸਗੋਂ ਇਹ ਫਿਰਕੂ ਸਿਆਸਤ ਹੈ ਜਿਹੜੀ ਇਸ ਬੋਲੀ ਤੇ ਇਸ ਦੀ ਲਿਪੀ ਨਾਲ ਮਤਰੇਏ ਵਤੀਰੇ ਲਈ ਜ਼ਿੰਮੇਵਾਰ ਹੈ। ਇਹਨਾਂ ਦੋਹਾਂ ਵਿਚ ਫਰਕ ਪਾਉਣਾ ਜਰੂਰੀ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਬਹੁਤ ਸਾਰੇ ਪੰਜਾਬੀ ਕਵੀ ਤੇ ਸਾਹਿਤਕਾਰ ਉਰਦੂ ਹਰੂਫ ਵਿਚ ਵੀ ਲਿਖਦੇ ਰਹੇ ਹਨ ਪਰ ਉਦੋਂ ਪੰਜਾਬੀ ਬੋਲੀ ਲਾਹੌਰ ਯੂਨੀਵਰਸਿਟੀ ਤੇ ਕੁੱਝ ਇਕ ਕਾਲਜਾਂ ਵਿਚ ਇਕ ਅਖਤਿਆਰੀ ਵਿਸ਼ੇ ਵਜੋਂ ਹੀ ਪੜ੍ਹਾਈ ਜਾਂਦੀ ਸੀ। ਉਚ-ਵਿਦਿਆਲਿਆਂ ਤੋਂ ਬਾਹਰ ਗਿਆਨੀ ਦੀ ਪ੍ਰੀਖਿਆ ਇਸਦੀ ਪੜ੍ਹਾਈ ਦੀ ਹੱਦ ਹੁੰਦੀ ਸੀ। ਹੁਣ ਜਦੋਂ ਪੂਰਬੀ ਪੰਜਾਬ ਵਿਚ ਇਸਨੂੰ ਗਿਆਨ ਤੇ ਵਿਗਿਆਨ ਦੇ ਵੱਖ ਵੱਖ ਵਿਸ਼ਿਆਂ ਲਈ ਮਾਧਿਅਮ, ਪ੍ਰਸ਼ਾਸ਼ਨ ਤੇ ਪ੍ਰਬੰਧ ਲਈ ਇਕ ਲੜੀ ਤੇ ਕਾਨੂੰਨ ਤੇ ਵਿਗਿਆਨ ਦੀ ਲਿਖਤ ਬਣਨਾ ਪਿਆ ਹੈ ਤਾਂ ਇਸਦੇ ਲਈ ਇਕ ਤੋਂ ਵੱਧ ਲਿਪੀਆਂ ਦੀ ਵਰਤੋਂ ਦੀ ਖੁਲ੍ਹ ਨਹੀਂ ਰਹੀ। ਪੰਜਾਬੀ ਬੋਲੀ ਦੇ ਜ਼ਿੰਮੇ ਲੱਗੇ ਕਾਲਜਾਂ ਨੇ ਇਸਦੇ ਲਈ ਇਕ ਅਜੇਹੀ ਲਿਪੀ ਦੀ ਚੋਣ ਨੂੰ ਅਵਸ਼ਕ ਬਣਾ ਦਿੱਤਾ ਸੀ ਜਿਹੜੀ ਪੰਜਾਬੀ ਬੋਲੀ ਨੂੰ ਇੰਨ-ਬਿੰਨ ਅੰਕਿਤ ਕਰ ਸਕੇ ਅਤੇ ਇਸਨੂੰ ਨਜ਼ਰ ਵਿਚੋਂ ਲੰਘਾਉਂਦਿਆਂ ਨਾ ਤਾਂ ਕੋਈ ਅੜਿਚਣ ਜਾਂ ਔਖ ਪੈਦਾ ਹੋਵੇ ਅਤੇ ਨਾਂ ਹੀ ਕੋਈ ਟਪਲਾ ਜਾਂ ਗਲਤੀ ਲੱਗੇ। ਪ੍ਰਤੱਖ ਹੈ ਕਿ ਇਸਦੇ ਲਈ ਗੁਰਮੁਖੀ ਹੀ ਸੱਭ ਤੋਂ ਢੁੱਕਵੀਂ ਲਿਪੀ ਸੀ ਅਤੇ ਗੁਣਾ

ਵੀ ਏਸੇ ਉੱਤੇ ਹੀ ਪਿਆ। ਸਿੱਟੇ ਵਜੋਂ, ਉਥੇ ਲਿਪੀ ਬਾਰੇ ਬਹਿਸ ਅਪਣੇ ਆਪ ਠੰਡੀ ਪੈ ਗਈ ਹੈ।

ਪੂਰਬੀ ਪੰਜਾਬੀ ਵਿਚ ਇਹ ਗੱਲ ਅਮਲੀ ਤੌਰ ਤੇ ਸਵੀਕਾਰ ਹੋ ਚੁੱਕੀ ਹੈ ਕਿ ਉਥੋਂ ਦੀ ਬੋਲੀ ਪੰਜਾਬੀ ਹੈ ਅਤੇ ਉਸਦੀ ਲਿਪੀ ਗੁਰਮੁਖੀ। ਇਹ ਨਿਪਟਾਰਾ ਲੋਕ-ਮੱਤ ਦੀ ਪੱਧਰ ਉਤੇ ਅੱਜ ਤੋਂ ਡੇਢ੍ਹ ਦਹਾਕਾ ਪਹਿਲਾਂ ਹੋ ਗਿਆ ਸੀ ਜਦੋਂ ਪੰਜਾਬ ਦੀਆਂ ਦੋ ਸੱਭ ਤੋਂ ਵੱਡੀਆਂ ਪ੍ਰਕਾਸ਼ਕ ਸੰਸਥਾਵਾਂ 'ਟ੍ਰੀਬਿਊਨ' ਅਤੇ 'ਹਿੰਦ ਸਮਾਚਾਰ ਗਰੁੱਪ' ਨੇ ਪੰਜਾਬੀ ਵਿਚ ਦੈਨਿਕ ਅਖ਼ਬਾਰ ਸ਼ੁਰੂ ਕਰ ਦਿੱਤੇ ਸਨ। 'ਟ੍ਰੀਬਿਊਨ' ਦੇ ਪਾਠਕਾਂ ਵਿਚ ਪੰਜਾਬ ਦੇ ਉਹ ਵਰਗ ਸ਼ਾਮਲ

**ਪੰਜਾਬੀ ਬੋਲੀ ਨਾਲ ਇਨਸਾਫ ਉਸੇ ਦਿਨ ਹੋਵੇਗਾ ਜਦੋਂ ਇਸਨੂੰ ਬੋਲਣ ਵਾਲੇ ਸੱਭ ਤੋਂ ਪਹਿਲਾਂ ਅਪਣੇ ਆਪ ਨੂੰ ਪੰਜਾਬੀ ਤੇ ਫੇਰ ਕੁਝ ਹੋਰ ਸਮਝਣਗੇ।**

ਹਨ ਜਿਹੜੇ ਕਿਸੇ ਸਿਆਸੀ ਵਿਚਾਰਧਾਰਾ ਨਾਲ ਪੱਕੀ ਤਰ੍ਹਾਂ ਬੱਝੇ ਹੋਏ ਨਹੀਂ। 'ਹਿੰਦ ਸਮਾਚਾਰ ਗਰੁੱਪ' ਉਹਨਾਂ ਹਲਕਿਆਂ ਦੀ ਤਰਜਮਾਨੀ ਕਰਦਾ ਹੈ ਜਿਹੜੇ ਪਹਿਲਾਂ ਨਾ ਤਾਂ ਪੰਜਾਬੀ ਨੂੰ ਪਰਵਾਨ ਕਰਦੇ ਸਨ ਤੇ ਨਾ ਗੁਰਮੁਖੀ ਲਿਪੀ ਨੂੰ ਮਾਨਤਾ ਦਿੰਦੇ ਸਨ। ਜੇ ਇਸ ਦਲੀਲ ਨੂੰ ਘੜੀ ਦੀ ਘੜੀ ਮੰਨ ਵੀ ਲਿਆ ਜਾਏ ਕਿ ਇਹਨਾਂ ਅਦਾਰਿਆਂ ਨੇ ਪੰਜਾਬੀ ਵਿਚ ਅਖ਼ਬਾਰ ਕੇਵਲ ਕਾਰੋਬਾਰੀ ਦ੍ਰਿਸ਼ਟੀਕੋਣ ਨਾਲ ਹੀ ਸ਼ੁਰੂ ਕੀਤੇ ਹਨ, ਉਸ ਹਾਲਤ ਵਿਚ ਵੀ ਉਹ ਇਹ ਗੱਲ ਤਾਂ ਸਵੀਕਾਰ ਕਰਦੇ ਹੀ ਹਨ ਕਿ ਜੇ ਪੰਜਾਬ ਵਿਚ ਚੰਗਾ ਕਾਰੋਬਾਰ ਹੋ ਸਕਦਾ ਹੈ ਤਾਂ ਉਹ ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਪੰਜਾਬੀ ਬੋਲੀ ਵਿਚ ਹੀ ਹੋ ਸਕਦਾ ਹੈ। ਪਰ ਗੱਲ ਨਿਰੀ ਇਹਨਾਂ ਅਦਾਰਿਆਂ ਦੀ ਨਹੀਂ, ਇਹਨਾਂ ਅਖ਼ਬਾਰਾਂ ਨੂੰ ਪੜ੍ਹਨ ਵਾਲਿਆਂ ਦੀ ਵੀ ਹੈ। ਇਸ ਪੱਖੋਂ ਦੇਖਿਆਂ ਇਹੀ ਨਤੀਜਾ ਨਿਕਲਦਾ ਹੈ ਕਿ ਪੰਜਾਬੀ ਤੇ ਗੁਰਮੁਖੀ ਲਿਪੀ ਨੂੰ ਪੂਰਬੀ ਪੰਜਾਬ ਦੀ ਲੋਕ ਰਾਏ ਦੇ ਵੱਖ ਵੱਖ ਹਿੱਸਿਆਂ ਵੱਲੋਂ ਮਾਨਤਾ ਮਿਲ ਚੁੱਕੀ ਹੈ।

ਉਂਝ ਵੀ ਪੂਰਬੀ ਪੰਜਾਬ ਵਿਚ ਕਿਸੇ ਵੱਲੋਂ ਕੋਈ ਕਿਤਾਬ ਜਾਂ ਪਰਚਾ ਉਰਦੂ ਜਾਂ ਦੇਵਨਾਗਰੀ ਲਿਪੀ ਵਿਚ ਪ੍ਰਕਾਸ਼ਤ ਕਰਨ ਦੀ ਕਦੇ ਵੀ ਕੋਸ਼ਿਸ਼ ਨਹੀਂ ਹੋਈ। ਇੰਝ ਇਹ ਕਿਹਾ ਜਾ ਸਕਦਾ ਹੈ ਗੁਰਮੁਖੀ ਲਿਪੀ ਨੂੰ ਪੰਜਾਬ ਦੀ ਸਮੁੱਚੀ ਵਸੋਂ ਨੇ ਭਾਵੇਂ ਦੇਰ ਨਾਲ ਅਪਣਾਇਆ, ਪਰ ਉਸਨੇ ਇਸ ਤੋਂ ਇਲਾਵਾ ਕਿਸੇ ਹੋਰ ਲਿਪੀ ਨਾਲ ਹੇਜ ਵੀ ਨਹੀਂ ਜਤਾਇਆ। ਏਥੇ ਇਸ ਗੱਲ ਦਾ ਜ਼ਿਕਰ ਕਰ ਦੇਣਾ ਵੀ ਕੁਥਾਂਵਾਂ ਨਹੀਂ ਹੋਵੇਗਾ ਕਿ ਗੁਰਮੁਖੀ ਲਿਪੀ ਨਾਲ ਪੰਜਾਬੀ ਨੂੰ ਪੰਜਾਬ ਦੀ ਬੋਲੀ ਮੰਨਵਾਉਣ ਵਿਚ ਬਹੁਤ ਵੱਡਾ ਹਿੱਸਾ ਉਹਨਾਂ ਦਾਨਸ਼ਵਰਾਂ ਤੇ ਸੋਚਵਾਨਾਂ ਦਾ ਹੈ ਜਿਨ੍ਹਾਂ ਦੀਆਂ ਸੈਕੂਲਰ ਤੇ ਪ੍ਰਗਤੀਸ਼ੀਲ ਲਿਖਤਾਂ ਨੇ ਅਪਣੇ ਖਿਆਲਾਂ ਦੀ ਮੌਲਿਕਤਾ ਤੇ ਕਲਮ ਦੀ ਵਿਲੱਖਣਤਾ ਕਾਰਣ ਹਰ ਵਰਗ ਤੇ ਹਰ ਮੱਤ ਦੇ ਪਾਠਕਾਂ ਨੂੰ ਪੰਜਾਬੀ ਸਾਹਿਤ ਵੱਲ ਖਿੱਚਿਆ। ਇੰਝ ਉਹਨਾਂ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨਾਲ ਜੁੜੇ ਹੋਏ ਫਿਰਕੂ ਤੁਅਸਬਾਂ ਨੂੰ ਤੋੜਨ ਵਿਚ ਵਡਮੁੱਲਾ ਹਿੱਸਾ ਪਾਇਆ।

ਇਹ ਠੀਕ ਹੈ ਕਿ ਪੂਰਬੀ ਪੰਜਾਬ ਵਿਚ ਪੰਜਾਬੀ ਬੋਲੀ ਬਾਰੇ ਵਿਵਾਦ ਅਜੇ ਖਤਮ ਨਹੀਂ ਹੋਇਆ ਪਰ ਇਸ ਵਿਵਾਦ ਦੀ ਰੰਗਤ ਉਨੀ ਫਿਰਕੂ ਨਹੀਂ ਰਹੀ ਜਿੰਨੀਂ ਸ਼੍ਰੇਣਿਕ ਹੋ ਗਈ ਹੈ। ਪੰਜਾਬੀ ਨੂੰ ਅਪਨਾਉਣ ਵਿਚ ਸੱਭ ਤੋਂ ਵੱਧ ਅੜਿੱਕਾ ਉਹਨਾਂ ਕੱਦਰ ਤਬਕਿਆਂ ਵੱਲੋਂ ਡਾਹਿਆ ਜਾ ਰਿਹਾ ਹੈ ਜਿਹੜੇ ਅਪਣੇ ਆਪ ਨੂੰ ਸ੍ਰੇਸ਼ਠ ਸਮਝਦੇ ਹਨ। ਉਪਰਲੀ ਪੱਧਰ ਦੀ ਨੌਕਰਸ਼ਾਹੀ ਇਸ ਪੰਜਾਬੀ ਦੋਖੀ ਲਾਬੀ ਦਾ ਅਸਲ ਰੱਥ ਹੈ। ਇਹ ਤਬਕੇ ਆਪਣੇ ਆਪ ਨੂੰ ਜਨਸਾਧਾਰਨ ਨਾਲੋਂ ਵੱਖਰਾ ਤੇ ਵਿਸ਼ੇਸ਼ ਸਾਬਤ ਕਰਨ ਲਈ ਪੰਜਾਬੀ ਨੂੰ ਪੜ੍ਹਨ ਪੜ੍ਹਾਉਣ ਵਿਚ ਹੇਠੀ ਸਮਝਦੇ ਹਨ। ਅਜਿਹੀ ਜ਼ਹਿਨੀਅਤ ਵਾਲੇ ਤਬਕੇ ਕਿਸੇ ਖਾਸ ਫਿਰਕੇ ਜਾਂ ਜਾਤ ਨਾਲ ਸਬੰਧ ਨਹੀਂ ਰਖਦੇ। ਇਹਨਾਂ ਤਬਕਿਆਂ ਦਾ ਸਬੰਧ ਰੁਤਬਿਆਂ ਤੇ ਚੌਧਰਾਂ ਨਾਲ ਹੈ ਕਿਉਂਕਿ ਰਾਜਭਾਗ ਦੇ ਕਰਤਾ ਧਰਤਾ ਇਹੀ ਤਬਕੇ ਹਨ। ਇਸ ਲਈ ਇਹਨਾਂ ਦੀ ਮਰਜ਼ੀ ਤੋਂ ਬਿਨਾਂ ਕਿਸੇ ਵੀ ਰੰਗਤ ਦੀ ਕੋਈ ਸਰਕਾਰ ਇਕ ਕਦਮ ਨਹੀਂ ਪੁੱਟ ਸਕਦੀ। ਇਹੀ ਕਾਰਨ ਹੈ ਕਿ ਜਿਹੜੀਆਂ ਸਰਕਾਰਾਂ ਪੰਜਾਬੀ ਨੂੰ ਲਾਗੂ ਕਰਨ ਦੇ ਮੁੱਖ ਨਾਅਰੇ ਨਾਲ ਤਾਕਤ ਵਿਚ ਆਉਂਦੀਆਂ ਰਹੀਆਂ ਹਨ, ਉਹ ਵੀ ਪੰਜਾਬੀ ਨੂੰ ਲਾਗੂ ਨਾ ਕਰਵਾ ਸਕੀਆਂ।

ਲੋਕਾਂ ਦੀ ਬੋਲੀ ਵਿਚ ਪੜ੍ਹਾਈ ਲਿਖਾਈ ਤੇ ਕਾਰ-ਵਿਹਾਰ ਲੋਕਤੰਤਰੀ ਜੀਵਨ ਢੰਗ ਦੀ ਮੁੱਢਲੀ ਸ਼ਰਤ ਹੋਣੀ ਚਾਹੀਦੀ ਹੈ ਪਰ ਸਾਡੀ ਨੌਕਰਸ਼ਾਹੀ ਅਜੇ ਬਸਤੀਵਾਦੀ ਖ਼ਸਲਤ ਛੱਡਕੇ ਲੋਕਤੰਤਰ ਦਾ ਹਿੱਸਾ ਨਹੀਂ ਬਣੀ। ਇਸ ਲਈ ਉਹ ਲੋਕਾਂ ਦੀ ਬੋਲੀ ਨੂੰ ਵੀ ਕਬੂਲ ਕਰਨ ਤੋਂ ਇਨਕਾਰ ਕਰ ਰਹੀ ਹੈ। ਜੇ ਉਚੇ ਅਫਸਰ ਤੇ ਅਧਿਕਾਰੀ ਲੋਕਾਂ ਤੋਂ ਵੱਖਰੀ ਕਿਸੇ ਹੋਰ ਹਵਾ ਵਿਚ ਵਿਚਰਨਗੇ ਤਾਂ ਉਹਨਾਂ ਦੀ ਬੋਲੀ ਲੋਕਾਂ ਵਾਲੀ ਕਿਵੇਂ ਹੋ ਸਕਦੀ ਹੈ? ਭਾਵੇਂ ਗੱਲ ਲਿਪੀ ਤੋਂ ਲਾਂਭੇ ਚਲੀ ਗਈ ਹੈ ਪਰ ਲਿਪੀ ਦਾ ਸਵਾਲ ਬੋਲੀ ਨੂੰ ਸਵੀਕਾਰਨ ਦੇ ਸਵਾਲ ਦਾ ਹੀ ਹਿੱਸਾ ਹੈ।

ਪੰਜਾਬੀ ਬੋਲੀ ਤੇ ਲਿਪੀ ਦੀ ਸਥਾਪਤੀ ਮਿਆਰੀ ਸ਼ਬਦਕੋਸ਼ਾਂ, ਗਿਆਨਕੋਸ਼ਾਂ, ਸਮ-ਅਰਥ ਕੋਸ਼ਾਂ, ਵਿਆਕਰਣਾ, ਵੱਖ ਵੱਖ ਕਿੱਤਿਆਂ ਤੇ ਗਿਆਨ-ਵਿਗਿਆਨ ਦੀਆਂ ਸ਼ਾਖਾਂਵਾਂ ਲਈ ਸ਼ਬਦਾਵਲੀ ਧੁਨੀਆਂ ਨਾਲ ਵੀ ਬੱਝੀ ਹੋਈ ਹੈ। ਇਸਦੇ ਲਈ ਸਾਨੂੰ ਅਪਣੀਆਂ ਯੂਨੀਵਰਸਿਟੀਆਂ, ਸਕਾਲਰਾਂ ਤੇ ਭਾਸ਼ਾ ਵਿਭਾਗਾਂ ਤੋਂ ਵੀ ਲੇਖਾ ਮੰਗਣਾ ਪਏਗਾ।

ਜਿੱਥੋਂ ਤੱਕ ਪੱਛਮੀ ਪੰਜਾਬ ਦਾ ਸਵਾਲ ਹੈ, ਉਥੋਂ ਬਾਰੇ ਤਾਂ ਇਹੀ ਆਖਿਆ ਜਾ ਸਕਦਾ ਹੈ ਕਿ ਕੋਈ ਵੇਲਾ ਜ਼ਰੂਰ ਆਏਗਾ ਜਦੋਂ ਉਥੇ ਵੀ ਗੁਰਮੁਖੀ ਲਿਪੀ ਨੂੰ ਪਰਵਾਨ ਕਰ ਲਿਆ ਜਾਏਗਾ। ਪਰ ਇਹ ਅਜੇ ਦੂਰ ਦੀ ਗੱਲ ਹੈ। ਅਜੇ ਤਾਂ ਉਥੇ ਪੰਜਾਬੀ ਨੂੰ ਇਕ ਵਿਕਸਤ ਤੇ ਸੰਪੂਰਣ ਬੋਲੀ ਹੀ ਤਸਲੀਮ ਨਹੀਂ ਕੀਤਾ ਜਾ ਰਿਹਾ। ਇਹ ਠੀਕ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਉਥੇ ਪੰਜਾਬੀ ਦੇ ਹੱਕ ਵਿਚ ਆਵਾਜ਼ ਉਠਣੀ ਸ਼ੁਰੂ ਹੋਈ ਹੈ ਤੇ ਪਰ ਇਹ ਏਨੀ ਵਿਸ਼ਾਲ ਨਹੀਂ ਕਿ ਲਿਪੀ ਦੇ ਅਤਿ-ਗੁੰਝਲਦਾਰ ਤੇ ਧਮਾਕਾਖੇਜ ਮਾਮਲੇ ਬਾਰੇ ਕੋਈ

**ਪੂਰਬੀ ਪੰਜਾਬ ਵਿਚ ਪੰਜਾਬੀ ਬੋਲੀ ਬਾਰੇ ਵਿਵਾਦ ਅਜੇ ਖਤਮ ਨਹੀਂ ਹੋਇਆ ਪਰ ਇਸ ਵਿਵਾਦ ਦੀ ਰੰਗਤ ਉਨੀਂ ਫਿਰਕੂ ਨਹੀਂ ਰਹੀ ਜਿੰਨ੍ਹੀਂ ਸ਼੍ਰੇਣਿਕ ਹੋ ਗਈ ਹੈ।**

ਬਹਿਸ ਛੇੜ ਸਕੇ। ਇਸ ਸਵਾਲ ਉਤੇ ਪੰਜਾਬੀ ਦੋਸਤਾਂ ਨੇ ਕੋਈ ਗੱਲ ਛੇੜੀ ਤਾਂ ਉਹਨਾਂ ਨੂੰ ਇਕ ਪਾਸਿਓਂ ਹਕੂਮਤ ਦੇ ਗ਼ਜ਼ਬ ਦਾ ਤੇ ਦੂਸਰੇ ਪਾਸਿਓਂ ਮਜ਼ਹਬੀ ਜਨੂੰਨੀਆਂ ਦੇ ਅਤਾਬ ਦਾ ਸ਼ਿਕਾਰ ਹੋਣਾ ਪਏਗਾ। ਪਾਕਿਸਤਾਨ ਦੇ ਹੁਕਮਰਾਨ ਹਾਲੇ ਇਹ ਕਦੇ ਨਹੀਂ ਚਾਹੁਣਗੇ ਕਿ ਵਾਹਗੇ ਦੀ ਸਰਹੱਦ ਦੇ ਆਰਪਾਰ ਪੱਕੀ ਸਾਂਝ ਪੈਦਾ ਕਰਨ ਵਾਲੀ ਕੋਈ ਕੜੀ ਪੈਦਾ ਹੋ ਜਾਏ ਅਤੇ ਲਿਪੀ ਨਾਲੋਂ ਵੱਧ ਪੱਕੀ ਕੜੀ ਹੋਰ ਕਿਹੜੀ ਹੋ ਸਕਦੀ ਹੈ। ਪਾਕਿਸਤਾਨ ਦੇ ਹੁਕਮਰਾਨ ਹਲਕਿਆਂ ਨੂੰ ਬੰਗਲਾ ਦੇਸ਼ ਵਿਚ ਇਸ ਗੱਲ ਦਾ ਤਲਖ਼ ਤਜ਼ਰਬਾ ਹੋ ਚੁੱਕਾ ਹੈ ਕਿ ਬੋਲੀ ਤੇ ਲਿਪੀ ਦੀ ਸਾਂਝ ਸਿਆਸੀ ਨਗੰਦਿਆਂ ਨਾਲੋਂ ਕਿੰਨੀ

*ਬਾਕੀ ਸਫ਼ਾ ਅਠਾਰਾਂ 'ਤੇ*

ਕਹਾਣੀ

# "ਦੁੱਖ ਕੋਈ ਨਹੀਂ ਪਰ ਦਰਦ ਕਿਤੇ – ਕੋਈ ਹੈ"

◎

**ਚਰਨਪ੍ਰੀਤ ਕੌਰ ਰੰਧਾਵਾ**

---

"ਕਿੰਨੇ ਖੁਸ਼ਕਿਸਮਤ ਨੇ ਉਹ ਲੋਕ ਜਿਹਨਾਂ ਨੂੰ ਕੋਈ ਦੁੱਖ ਦਰਦ ਨਹੀ ਹੁੰਦਾ?" ਆਪਣੀ ਗੁਆਂਢਣ ਦੇ ਜੁਆਨ ਭਰਾ ਦੀ ਮੌਤ ਦੀਆਂ ਗੱਲਾਂ ਕਰਦੇ ਕਰਦੇ ਅਚਾਨਕ ਮੇਰੇ ਮੂੰਹੋਂ ਸਹਿਜ ਸੁਭਾਅ ਹੀ ਆਮ ਜਿਹੀ ਗੱਲ ਨਿਕਲੀ।

"ਨਹੀਂ ਖੁਸ਼ਕਿਸਮਤ ਨੇ ਉਹ ਲੋਕ ਜਿਹਨਾਂ ਨੂੰ ਕੋਈ ਵੀ ਦਰਦ ਨਹੀਂ ਹੁੰਦਾ।" ਉਹ ਉਬੜਬਾਹੇ ਬੋਲੀ।

"ਕਿਤੇ ਦੁੱਖ ਤੇ ਦਰਦ ਵੀ ਦੋ ਹੋਏ ਨੇ"?

"ਸੁੱਕੇ ਦਰਦ ਦੁੱਖਾਂ ਤੋਂ ਵੀ ਭਿਆਨਕ ਹੁੰਦੇ ਨੇ, ਜਿਹਨਾਂ ਦੀ ਹੋਂਦ ਲੱਭਣੀ ਮੁਸ਼ਕਿਲ ਹੁੰਦੀ ਹੈ ਤੇ ਹੋਂਦ ਤੋਂ ਬਿਨਾਂ ਕਿਸੇ ਚੀਜ਼ ਦਾ ਇਲਾਜ ਨਹੀਂ ਹੁੰਦਾ ਇਸ ਲਈ ਇਹ ਦਰਦ ਬੇਇਲਾਜੇ ਹੀ ਰਹਿ ਜਾਂਦੇ ਹਨ। ਘੁਣ ਦੀ ਤਰ੍ਹਾਂ ਅੰਦਰ ਹੀ ਅੰਦਰ ਖਾਂਦੇ ਨੇ ਤੇ ਖੋਖਲਾ ਕਰ ਦਿੰਦੇ ਨੇ"।

"ਮੇਰੇ ਤਾਂ ਤੇਰੀ ਕੋਈ ਵੀ ਗੱਲ ਪੱਲੇ ਨਹੀਂ ਪੈਂਦੀ।"

"ਹਾਂ ਜਿਸਨੇ ਸੁੱਕੇ ਦਰਦ ਹੰਢਾਏ ਨੇ ਉਸਨੂੰ ਹੀ ਇਹਨਾਂ ਦਾ ਅਹਿਸਾਸ ਹੁੰਦਾ ਹੈ।" ਇਹ ਗੱਲਾਂ ਕਰਦੇ ਕਰਦੇ ਸਾਡੇ ਘਰ ਆ ਗਏ। ਉਹਦਾ ਘਰ ਮੇਰੇ ਘਰ ਤੋਂ ਪਹਿਲਾਂ ਆਉਂਦਾ ਸੀ। ਗੇਟ ਤੇ ਪਤੀ ਤੇ ਬੇਟਾ ਖੜ੍ਹੇ ਉਹਦਾ ਇੰਤਜ਼ਾਰ ਕਰ ਰਹੇ ਸਨ। ਬੇਟੇ ਨੇ ਮੰਮੀ ਨੂੰ ਦੇਖਕੇ ਕਿਲਕਾਰੀ ਮਾਰੀ, "ਡੈਡੀ ਮੰਮੀ ਆ ਗਏ"। ਮਾਂ ਨੇ ਪਿਆਰੇ ਜਿਹੇ ਬੇਟੇ ਨੂੰ ਚੁੱਕ ਕੇ ਮੱਥਾ ਚੁੰਮਿਆ। ਪਤੀ ਨੇ ਮਿੱਠੀ ਜਿਹੀ ਮੁਸਕਾਨ ਨਾਲ ਉਹਦੀ ਹੋਂਦ ਨੂੰ ਸਵੀਕਾਰਿਆ ਤੇ ਨਾਲ ਹੀ ਆਪਣੀ ਹੋਂਦ ਜਤਾਉਣ ਲਈ ਕਿਹਾ, "ਸ਼ਾਮੀ ਤਾਂ ਮੇਰੇ ਆਉਣ ਦਾ ਇੰਤਜ਼ਾਰ ਕਰ ਲਿਆ ਕਰੋ। ਸਾਰਾ ਦਿਨ ਤਾਂ ਹੁੰਦਾ ਹੈ ਤੁਹਾਡੇ ਪਾਸ ਗੱਪਾਂ-ਸ਼ੱਪਾਂ ਮਾਰਨ ਲਈ। ਤੁਸੀਂ ਕਿਹੜਾ ਕੋਈ ਕੰਮ ਕਰਦੇ ਹੋ?"

ਹਾਂ ਮੈਂ ਤਾਂ ਭੁੱਲ ਹੀ ਗਈ ਸਾਂ ਕਿ ਮੇਰੇ ਪਾਸ ਸਾਰਾ ਹੀ ਦਿਨ ਹੁੰਦਾ ਹੈ। ਖੈਰ ਤੁਸੀਂ ਠੰਡ ਵਿਚ ਖੜੇ ਹੋ ਕੋਈ ਸਵੈਟਰ ਜਾਂ ਲੋਈ ਹੀ ਉੜ ਲੈਂਦੇ। ਠੰਡ ਆਉਂਦੀ ਜਾਂ ਜਾਂਦੀ ਹੀ ਲੱਗਦੀ ਹੈ।"

ਦੇਖਣ ਨੂੰ ਆਮ ਪਰਿਵਾਰਾਂ ਵਰਗਾ ਪਰਿਵਾਰ ਲੱਗਦਾ ਸੀ। ਮੈਨੂੰ ਕੌਫੀ ਦਾ ਸੁਲਾਹ ਮਾਰੀ, ਪਰ ਮੈਂ ਉਹਨਾਂ ਨੂੰ ਗੁੱਡ ਨਾਈਟ ਕਹਿ ਕੇ ਘਰ ਆ ਗਈ।

ਇਹ ਕੀ ਸੈਰ ਕਰਨ ਤਾਂ ਮੈਂ ਨਿਕਲੀ ਸਾਂ ਥੋੜਾ ਤਾਜ਼ਗੀ ਪਾਉਣ ਵਾਸਤੇ ਪਰ ਮੈਂ ਤਾਂ ਮਨ ਤੇ ਇਕ ਬੋਝ ਜਿਹਾ ਲੈਕੇ ਆ ਗਈ। ਹਰ ਵੇਲੇ ਹੰਸੂ ਹੰਸੂ ਕਰਨ ਵਾਲੀ, ਮੁਸਕਰਾਹਟਾਂ ਵੰਡਣ ਵਾਲੀ, ਜਿਸਨੂੰ ਸਾਰੇ ਗਲੀ ਮੁਹੱਲੇ ਵਾਲੇ ਖੁਸ਼ਕਿਸਮਤ ਕਹਿੰਦੇ ਸਨ ਆਪਣੇ ਅੰਦਰ ਇਹ ਕਿਹੜੀ ਅੱਗ ਸੁਲਗਾ ਰਹੀ ਹੈ ਜਿਸਦਾ ਧੂੰਆਂ ਅੱਜ ਮੈਂ ਮਹਿਸੂਸਿਆ। ਇਸ ਸੁਲਗ ਰਹੀ ਅੱਗ ਵਿਚ ਸੇਕ ਵੀ ਹੈ ਮੱਠਾ ਮੱਠਾ।

ਉਸਦੇ ਪਤੀ ਦੇ ਕਹੇ ਲਫਜ਼ ਵਾਰ ਵਾਰ ਮੇਰੇ ਕੰਨਾਂ ਵਿਚ ਗੂੰਜਦੇ। ਸੋਚਦੀ ਪਤਾ ਨਹੀ ਉਸਦਾ ਪਤੀ ਦਫਤਰ ਤੋਂ ਆਕੇ ਉਸਨੂੰ ਘਰ ਨਾ ਪਾਕੇ ਨਰਾਜ਼ ਹੋਇਆ ਹੋਏਗਾ। ਮੈਂ ਕਿਉਂ ਉਸਨੂੰ ਗੇਟ ਤੇ ਖੜੀ ਨੂੰ ਥਦੋ ਥਦੀ ਨਾਲ ਲੈ ਗਈ। ਉਸਨੇ ਤਾਂ ਬਥੇਰੇ ਬਹਾਨੇ ਬਣਾਏ ਸਨ। ਨਾਂਹ ਨੁੱਕਰ ਕੀਤੀ ਸੀ। ਪਰ ਸ਼ਾਇਦ ਮੈਂ ਹੀ ਜ਼ਿਆਦਾ ਜ਼ੋਰ ਪਾ ਲਿਆ। ਸਾਰੀ ਰਾਤ ਇਹਨਾਂ ਤਾਣੀਆਂ ਵਿਚ ਉਲਝੀ ਨੂੰ ਮੈਨੂੰ ਚੈਨ ਨਾ ਆਈ ਨੀਂਦ ਤਾਂ ਇਕ ਪਾਸੇ। ਸਵੇਰੇ ਮੇਰੇ ਪੈਰ ਆਪ-ਮੁਹਾਰੇ ਹੀ ਉਸਦੇ ਘਰ ਵੱਲ ਨੂੰ ਤੁਰ ਪਏ। ਪਤਾ ਨਹੀਂ ਕਿਉਂ? ਘੰਟੀ ਕੀਤੀ। ਨੌਕਰ ਆਇਆ ਤੇ ਅੰਦਰ ਜਾ ਕੇ ਬੋਲਿਆ, "ਬੀਬੀ ਜੀ ਸਾਹਮਣੇ ਵਾਲੀ ਮੇਮ ਸਾਹਿਬ ਆਈ ਹੈ।"

"ਅੰਦਰ ਲੈ ਆਉ"

ਅੰਦਰ ਗਈ। ਸੁਹਜ ਤੇ ਸਿਆਣਪ ਦਾ ਨਮੂਨਾ ਘਰ। ਬੇਟਾ ਸਕੂਲ ਜਾ ਰਿਹਾ ਸੀ ਤੇ ਪਤੀ ਦੇਵ ਦਫਤਰ। ਖੁਸ਼ੀ ਖੁਸ਼ੀ ਮੁਸਕਰਾ ਕੇ ਵਿਦਾ ਕੀਤੇ। ਮੈਂ ਪੁੱਛ ਬੈਠੀ "ਕੀ ਕਰ ਰਹੀ ਹੈਂ?" ਹਾਲੇ ਮੈਂ ਆਪਣੇ ਬੇਹੂਦਾ ਸੁਆਲ ਤੇ ਪਛਤਾ ਹੀ ਰਹੀ ਸੀ ਕਿ ਅਜੀਬ ਉੱਤਰ ਮਿਲਿਆ, "ਗਲ ਪਿਆ ਢੋਲ ਵਜਾ ਰਹੀ ਹਾਂ।"

"ਗਲ ਪਿਆ ਢੋਲ?"

"ਹੋਰ ਕੀ, ਉਮਰਾਂ ਤੋਂ ਔਰਤ ਦੇ ਗਲ ਇਕ ਹੀ ਤਾਂ ਢੋਲ ਹੈ, ਘਰ ਸੰਭਾਲਣਾ, ਬੱਚੇ ਪੈਦਾ ਕਰਨਾ, ਤੇ ਪਾਲਣਾ...।"

"ਪਰ ਤੂੰ ਤਾਂ ਢੋਲ ਵੀ ਬੜੇ ਸੁਰਤਾਲ ਨਾਲ ਵਜਾ ਰਹੀ ਹੈਂ।"

"ਕਿਉਂਕਿ ਆਪਣਿਆਂ ਦਾ ਢੋਲ ਹੈ, ਖੂੰਨੀ ਰਿਸ਼ਤਿਆਂ ਦਾ ਢੋਲ ਹੈ, ਪਿਆਰਿਆਂ ਦਾ ਢੋਲ ਹੈ, ਕਿੰਨਾ ਵੀ ਬੇਸੁਰਾ ਵਜਾਉਣਾ ਚਾਹਾਂ ਨਹੀਂ ਵੱਜਦਾ।"

"ਤੇਰੀ ਪ੍ਰਾਬਲਮ ਕੀ ਹੈ?" ਮੈਂ ਸਿੱਧਾ ਸੁਆਲ ਕੀਤਾ।

"ਪ੍ਰਾਬਲਮ ਹੈ ਵੀ ਕੋਈ ਨਹੀਂ, ਜੋ ਹੈ ਉਸਦਾ ਮੂੰਹ ਸਿਰ ਨਹੀਂ ਦਿਖਾਈ ਦਿੰਦਾ।"

"ਤੇਰੀ ਕੋਈ ਗੱਲ ਵੀ ਮੇਰੀ ਸਮਝ ਵਿਚ ਨਹੀਂ ਪੈਂਦੀ।"

"ਮੇਰੀਆਂ ਗੱਲਾਂ ਹਾਲੇ ਪੂਰੀ ਤਰ੍ਹਾਂ ਮੇਰੀ ਸਮਝ ਵਿਚ ਵੀ ਨਹੀਂ ਪੈਂਦੀਆਂ" ਪੂਰੀ ਉਂਗਲ ਨਾਲ ਘੀ ਨਿਕਲਦਾ ਨਾ ਦੇਖ ਮੈਂ ਉਂਗਲ ਟੇਢੀ ਕੀਤੀ।

"ਮੁਹੱਲੇ ਵਿਚ ਤਾਂ ਸਾਰੇ ਕਹਿੰਦੇ ਹਨ ਕਿ ਤੂੰ ਬੜੀ ਖੁਸ਼ਕਿਸਮਤ ਹੈਂ। ਘਰ ਵਿਚ ਹਰ ਚੀਜ਼ ਹੈ ਤੇਰੇ ਕੋਲ। ਸੱਸ ਕਹਿੰਦੀ ਹੈ ਕਿ ਮੇਰੀ ਨੂੰਹ ਦੇਵੀ ਹੈ ਦੇਵੀ।" ਮੈਂ ਉਸਨੂੰ ਕੁਰੇਦਣਾ ਚਾਹਿਆ। ਉਹ ਠਹਾਕਾ ਮਾਰਕੇ ਵਿਅੰਗਾਤਮਕ ਤਰੀਕੇ ਨਾਲ ਹੱਸੀ ਅਤੇ ਉਸਦੇ ਚਿਹਰੇ ਦੇ ਰੰਗ ਬਦਲ ਗਿਆ। ਇਕ ਪਲ ਤਾਂ ਮੈਂ ਵੀ ਸ਼ਸ਼ੋਪੰਜ ਵਿਚ ਪੈ ਗਈ ਕਿ ਮੈਂ ਉਸਨੂੰ ਕਿਉਂ ਕੁਰੇਦ ਰਹੀ ਹਾਂ। ਪਰ ਮੈਂ ਰਹਿ ਨਾ ਸਕੀ। ਸ਼ਾਇਦ ਮੇਰੇ ਅੰਦਰ ਵੀ ਕੋਈ ਦਰਦ ਸੀ ਜੋ ਉਸਦੇ ਦਰਦ ਨਾਲ ਮੇਲ ਖਾਂਦਾ ਜਾਪਦਾ ਸੀ।

ਉਹ ਆਪ ਮੁਹਾਰੇ ਬੋਲ ਉੱਠੀ, "ਦੇਵੀ...। ਔਰਤ ਨੂੰ ਦੋ ਹੀ ਤਾਂ ਰੂਪ ਦਿੱਤੇ ਨੇ ਇਸ ਮਰਦ ਪ੍ਰਧਾਨ ਸਮਾਜ ਨੇ ਇਕ ਵੇਸਵਾ ਦਾ, ਭਲਾ ਜੇ ਕੋਈ ਮਰਦ ਕੋਠੇ ਨਾ ਜਾਏ ਤਾਂ ਵੇਸਵਾਵਾਂ ਕਿੱਥੋਂ ਪੈਦਾ ਹੋਣ। ਜਿਵੇਂ ਮਾਂ ਦੀ ਪਵਿੱਤਰ ਕੁੱਖ ਬੱਚੇ ਨੂੰ ਜਨਮ ਦਿੰਦੀ ਹੈ ਉਸੇ ਤਰ੍ਹਾਂ ਮਰਦ ਦੀ ਵਾਸਨਾ 'ਚੋਂ ਜੰਮਦੀਆਂ ਹਨ ਵੇਸਵਾਵਾਂ। ਤੇ ਦੂਸਰਾ ਇਸ ਤੋਂ ਵੀ ਭਿਆਨਕ ਤੇ ਦਰਦਨਾਕ ਰੂਪ ਦਿੱਤਾ ਹੈ ਔਰਤ ਨੂੰ ਦੇਵੀ ਦਾ। ਤੇ ਇਹ ਰੂਪ ਦੇਕੇ ਔਰਤ ਨੂੰ ਆਪਦੇ ਪੈਰਾਂ ਵਿਚ ਸੁੱਟ ਲਿਆ ਹੈ। ਬਾਪ ਦੇ ਘਰ ਕੁਆਰੀ ਕੰਨਿਆਂ, ਪਤੀ ਦੇ ਘਰ ਲੱਛਮੀ ਦੇਵੀ। ਆਦਰਸ਼ਾਂ ਤੇ ਫਰਜ਼ਾਂ ਦੀ ਰੀਢ ਝੋਲੀ ਪਾ ਕੇ ਬੰਨ ਦਿੱਤੀ ਹੈ ਅਣਦਿਸ ਬੇੜੀਆਂ ਤੇ ਕੜੀਆਂ ਵਿਚ ਸਾਡੀ ਔਰਤ ਨੂੰ। ਉਸਦੇ ਅਰਮਾਨਾਂ ਤੇ ਚਾਵਾਂ ਨੂੰ ਕੁਰਬਾਨੀ ਦਾ ਜ਼ਹਿਰ ਪਿਲਾ ਦਿੱਤਾ ਜਾਂਦਾ ਹੈ।"

"ਕਿਉਂ ਪੀਂਦੀ ਹੈ ਇਹ ਜ਼ਹਿਰ ਸਾਡੀ ਔਰਤ?"

"ਜਦੋਂ ਪੀਂਦੀ ਹੈ ਉਦੋਂ ਉਸਨੂੰ ਵੀ ਪਤਾ ਨਹੀਂ ਲੱਗਦਾ। ਜਦੋਂ ਪਤਾ ਲੱਗਦਾ ਹੈ ਉਦੋਂ ਬਹੁਤ ਦੇਰ ਹੋ ਚੁੱਕੀ ਹੰਦੀ ਹੈ।"

"ਪਰ ਤੂੰ ਚਾਹੁੰਦੀ ਕੀ ਹੈ?"

"ਇਹੀ ਤਾਂ ਪਤਾ ਨਹੀਂ ਲੱਗਦਾ।"

"ਦਿਲ ਤੋਂ ਪੁੱਛ।"

"ਦਿਲ ਬਾਰੇ ਮੈਂ ਦੋ ਹੀ ਗੱਲਾਂ ਜਾਣਦੀ ਹਾਂ। ਮੇਰਾ ਦਿੱਲ ਜਾਂ ਤਾਂ ਉਮਰ ਤੋਂ ਕੋਹਾਂ ਪਿੱਛੇ ਹੈ ਜਾਂ ਫਿਰ ਕਿਤੇ ਚਾਹੁਣ ਜਾਂ ਮਹਿਸੂਸ ਕਰਨ ਦੀ ਸ਼ਕਤੀ ਗੁਆ ਬੈਠਾ ਹੈ।"

"ਤੇਰੀਆਂ ਕੁੱਝ ਕੁੱਝ ਗੱਲਾਂ ਮੇਰੀ ਸਮਝ ਵਿਚ ਆ ਰਹੀਆਂ ਹਨ।"

ਉਸਨੇ ਵੀ ਮੇਰੀਆਂ ਅੱਖਾਂ ਵਿਚ ਉੱਠੇ ਦਰਦ ਦੇ ਹਲਕੇ ਜਿਹੇ ਧੂੰਏ ਨੂੰ ਦੇਖ ਲਿਆ। ਉਸਦੇ ਚਿਹਰੇ ਤੇ ਆਸ ਦੀ ਇਕ ਹਲਕੀ ਜਿਹੀ ਕਿਰਨ ਝਲਕੀ ਤੇ ਉਹ ਬੋਲੀ, "ਥੋੜਾ ਤੇਰੀ ਸਮਝ ਵਿਚ ਪਿਆ ਥੋੜਾ ਮੇਰੀ ਸਮਝ ਵਿਚ ਪਿਆ। ਆਉਣ ਵਾਲੀਆਂ ਪੀੜੀਆਂ ਇਸ ਨੂੰ ਥੋੜਾ ਹੋਰ ਵਧੇਰੇ ਸਮਝਣਗੀਆਂ ਤੇ ਹੌਲੀ ਹੌਲੀ ਇਸ ਦਰਦ ਦੀ ਸਮਝ ਪੈ ਜਾਏਗੀ। ਇਸ ਦਰਦ ਦਾ ਇਕੋ ਇਕੋ ਇਲਾਜ ਇਸਦੀ ਪਹਿਚਾਣ ਹੈ। ਜਦੋਂ ਇਸਦੀ ਪਹਿਚਾਣ ਹੋ ਗਈ ਤਾਂ ਇਸਦਾ ਇਲਾਜ ਵੀ ਹੋ ਜਾਏਗਾ। ਜਿਸ ਤਰ੍ਹਾਂ ਮਰਦ ਇਕ ਮਰਦ ਬਣਕੇ ਜੀਅ ਰਿਹਾ ਉਸੇ ਤਰ੍ਹਾਂ ਔਰਤ ਵੀ ਇਕ ਹੱਡ ਮਾਸ ਦੀ ਔਰਤ ਬਣਕੇ ਵਿਚਰੇਗੀ।" ❐

---

**'ਵਤਨ' ਆਪ ਪੜ੍ਹੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਪੜ੍ਹਨ ਲਈ ਪ੍ਰੇਰੋ।**

---



LAND DEVELOPMENTS

SALE of

COMMERCIAL PROPERTY

**If you are thinking of selling your home**
**contact: Karamjit S. Ghuman**
**Bus: 572-1211 Fax 572-8110**
**Pager:686 - 5731**

**SUTTON GROUP**
**Medallion Realty**
**7832 - 120th St.**
**Surrey, B.C., V3W 3N2**

Sutton GROUP

*ਸਫ਼ਾ ਸੋਲ੍ਹਾਂ ਦੀ ਬਾਕੀ*

ਮਜ਼ਬੂਤ ਹੁੰਦੀ ਹੈ। ਇਹ ਗੱਲ ਬਿਨਾਂ ਕਾਰਨ ਨਹੀਂ ਕਿ ਪਾਕਿਸਤਾਨ ਦੀਆਂ ਹਕੂਮਤਾਂ ਜੇ ਹਿੰਦੁਸਤਾਨ ਨਾਲ ਹੁਣ ਤੱਕ ਕਿਸੇ ਵੀ ਖੇਤਰ ਵਿਚ ਆਪਸੀ ਵਟਾਂਦਰੇ ਤੇ ਮੁਆਹਦੇ ਤੋਂ ਗੁਰੇਜ਼ ਕਰਦੀਆਂ ਆ ਰਹੀਆਂ ਹਨ ਤਾਂ ਉਹ ਹੈ ਸਭਿਆਚਾਰ ਦਾ ਖੇਤਰ। ਪੰਜਾਬੀ ਨੂੰ ਮਾਨਤਾ ਨਾ ਦੇਣਾ ਵੀ ਉਹਨਾਂ ਦੀ ਇਸੇ ਨੀਤੀ ਦਾ ਹਿੱਸਾ ਹੈ। ਪੱਛਮੀ ਪੰਜਾਬ, ਪਾਕਿਸਤਾਨ ਦਾ ਇਕੋ ਇਕ ਹਿੱਸਾ ਹੈ ਜਿੱਥੇ ਉਰਦੂ ਤੇ ਅੰਗ੍ਰੇਜ਼ੀ ਨੂੰ ਉਥੋਂ ਦੀ ਬੋਲੀ ਨਾਲੋਂ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਇਹ ਵੀ ਕਈ ਸਬੱਬੀ ਗੱਲ ਨਹੀਂ ਕਿ ਪੱਛਮੀ ਪੰਜਾਬ ਵਿਚ ਪੰਜਾਬੀ ਨੂੰ ਇਕ ਵਿਸ਼ਾ ਤਾਂ ਸਮਝਿਆ ਜਾਂਦਾ ਹੈ ਪਰ ਇਸਦੇ ਨਸੀਬ ਵਿਚ ਨਾ ਤਾਂ ਗੈਰ ਮੁਸਲਿਮ ਸੂਫੀ ਸੰਤਾਂ ਤੇ ਕਿੱਸਾਕਾਰਾਂ ਤੇ ਪੁਰਾਣੇ ਸਾਹਿਤਕਾਰਾਂ ਦੀਆਂ ਕਿਰਤਾਂ ਸ਼ਾਮਲ ਹਨ ਤੇ ਨਾ ਹੀ ਪੂਰਬੀ ਪੰਜਾਬ ਵਿਚ ਰਚੇ ਜਾ ਅਧੁਨਿਕ ਸਾਹਿਤ ਦੀ ਕੋਈ ਵੰਨਗੀ। ਇਸ ਸਬੰਧ ਵਿਚ ਜੇ ਕੋਈ ਮਾੜੀ ਮੋਟੀ ਸੂਝ-ਸਿਆਣ ਹੈ ਤਾਂ ਉਹ ਅਦਬੀ ਹਲਕਿਆਂ ਦੀ ਪੱਧਰ ਉੱਤੇ ਹੀ ਹੈ।

ਰਹਿ ਗਿਆ ਸਵਾਲ ਹਿੰਦ ਦੇ ਹੋਰ ਹਿੱਸਿਆਂ ਤੇ ਬਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦਾ। ਬੜਾ ਚੰਗਾ ਹੋਵੇ ਇਹ ਪੰਜਾਬੀ ਵੀ ਅਪਣੀ ਬੋਲੀ ਗੁਰਮੁਖੀ ਲਿਪੀ ਵਿਚ ਹੀ ਲਿਖਣ ਤੇ ਪੜ੍ਹਨ। ਪਰ ਬਹੁਤੀਆਂ ਹਾਲਤਾਂ ਵਿਚ ਉਹਨਾਂ ਨੂੰ ਇਹ ਸਹੂਲਤਾਂ ਹਾਸਲ ਨਹੀਂ ਹੁੰਦੀਆਂ। ਇਸ ਹਾਲਤ ਵਿਚ ਜੇ ਕੋਈ ਉੱਦਮੀ ਪੰਜਾਬੀਆਂ ਦੇ ਪੜ੍ਹਨ ਲਈ ਵਧੀਆ ਪੰਜਾਬੀ ਸਾਹਿਤ ਦੇਵਨਾਗਰੀ ਲਿੱਪੀ ਵਿਚ ਛਾਪਦਾ ਹੈ ਤਾਂ ਕੀ ਅਸੀਂ ਅਜਿਹੇ ਉੱਦਮ ਨੂੰ ਜੀ ਆਇਆਂ ਨਹੀਂ ਆਖਾਂਗੇ? ਇੰਝ ਹੀ ਜੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੀ ਨਵੀਂ ਪਨੀਰੀ

ਲਿਪੀ ਬਾਰੇ ਚਰਚਾ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਇਹ ਚਰਚਾ ਹੀ ਇਸਨੂੰ ਭਖਦਾ ਸਵਾਲ ਬਣਾ ਸਕਦੀ ਹੈ।

ਨੂੰ ਪੰਜਾਬੀ ਦੀ ਪੜ੍ਹਾਈ ਵੱਲ ਰੁਚਿਤ ਕਰਨ ਲਈ ਸ਼ੁਰੂ ਵਿਚ ਰੋਮਨ ਅੱਖਰ ਵਧੇਰੇ ਕਾਰਗਰ ਸਾਬਤ ਹੋ ਸਕਦੇ ਹਨ ਤਾਂ ਉਸ ਹਾਲਤ ਵਿਚ ਕੀ ਅਸੀਂ ਉਹਨਾਂ ਤੋਂ ਕੰਮ ਨਹੀਂ ਲਵਾਂਗੇ। ਇਸ ਗੱਲ ਨੂੰ ਓਰਜ਼ੀ ਉਕਤੀ ਆਖਕੇ ਟਾਲਿਆ ਨਹੀਂ ਜਾ ਸਕਦਾ। ਅੰਗ੍ਰੇਜ਼ੀ ਬੋਲਦੇ ਤੇ ਅੰਗ੍ਰੇਜ਼ੀ ਪੜ੍ਹਦੇ ਬੱਚਿਆਂ ਲਈ ਪੰਜਾਬੀ ਦੀ ਪੜ੍ਹਾਈ ਵਿਚ ਰੋਮਨ ਅੱਖਰ ਪਹਿਲੀ ਪਰ ਮਹੱਤਵਪੂਰਣ ਪੌੜੀ ਦਾ ਕੰਮ ਦੇ ਸਕਦੇ ਹਨ। ਗੁਰਮੁਖੀ ਲਿਪੀ ਦੇ ਓਪਰੇ ਅੱਖਰ ਜੇ ਸਾਰੀਆਂ ਹਾਲਤਾਂ ਵਿਚ ਨਹੀਂ ਤਾਂ ਬਹੁਤੀਆਂ ਹਾਲਤਾਂ ਵਿਚ ਇਹਨਾਂ ਬੱਚਿਆਂ ਦੇ ਪੰਜਾਬੀ ਦੀ ਪੜ੍ਹਾਈ ਲਈ ਉਤਸ਼ਾਹ ਨੂੰ ਨਿਸਚੇ ਹੀ ਢਿੱਲਾ ਪਾ ਸਕਦੇ ਹਨ। ਸਰਲ ਰੂਪ ਵਿਚ ਜੇ ਸਵਾਲ ਇਹ ਪੈਦਾ ਹੋ ਜਾਏ ਕਿ ਜਾਂ ਤਾਂ ਪੰਜਾਬੀ ਦੀ ਮੁੱਢਲੀ ਸਿੱਖਿਆ ਰੋਮਨ ਅਖਰਾਂ ਵਿਚ, ਜਾਂ ਉੱਕੀ ਹੀ ਨਹੀਂ, ਤਾਂ ਅਜਿਹੀ ਹਾਲਤ ਵਿਚ ਸਾਡਾ ਵਤੀਰਾ ਕੀ ਹੋਵੇਗਾ।

ਇਹ ਸਾਰਾ ਕੁੱਝ ਲਿਖਣ ਦਾ ਅਰਥ ਕੇਵਲ ਏਨਾਂ ਹੈ ਕਿ ਭਾਵੇਂ ਲਿਪੀ ਦਾ ਸਵਾਲ ਪੰਜਾਬੀ ਦੇ ਵਿਕਾਸ ਨਾਲ ਪੱਕੀ ਤਰ੍ਹਾਂ ਜੁੜਿਆ ਹੋਇਆ ਹੈ ਪਰ ਫੇਰ ਵੀ ਅਜਿਹੀਆਂ ਕਈ ਅਮਲੀ ਮਜ਼ਬੂਰੀਆਂ ਮੰਗ ਕਰਦੀਆਂ ਹਨ ਕਿ ਇਸ ਸਵਾਲ ਉਤੇ ਬੇਲਚਕ ਵਤੀਰੇ ਤੋਂ ਕੰਮ ਨਾ ਲਿਆ ਜਾਏ। ਤਾਂ ਵੀ ਲਿਪੀ ਬਾਰੇ ਚਰਚਾ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਇਹ ਚਰਚਾ ਹੀ ਇਸਨੂੰ ਭਖਦਾ ਸਵਾਲ ਬਣਾ ਸਕਦੀ ਹੈ। ਡਾ: ਪ੍ਰੇਮ ਪ੍ਰਕਾਸ਼ ਸਿੰਘ ਦੇ ਨਿਰਣੇ ਤੇ ਨਿਤਾਰੇ ਠੀਕ ਹਨ ਪਰ ਇਹਨਾਂ ਨੂੰ ਮੰਨਵਾ ਸਕਣ ਲਈ ਅਜੇ ਬਹੁਤ ਸਾਰੀਆਂ ਗੰਢਾਂ ਖੋਹਲਣ ਦੀ ਲੋੜ ਪਏਗੀ। ਇਹ ਗੰਢਾਂ ਇਤਿਹਾਸ ਤੇ ਸਿਆਸਤ ਨੇ ਮਿਲਕੇ ਪਾਈਆਂ ਹਨ। ਇਹਨਾਂ ਨੂੰ ਖੋਹਲਣ ਲਈ ਅਕਾਦਮਿਕ ਪਹੁੰਚ ਤੋਂ ਕਿਤੇ ਵਿਆਪਕ ਹੀਲੇ ਤੇ ਹੰਭਲੇ ਦੀ ਲੋੜ ਪਏਗੀ। ਇਸਦਾ ਅਰਥ ਇਹ ਨਹੀਂ ਕਿ ਅਕਾਦਮਿਕ ਖੋਜ ਜਾਂ ਚਰਚਾ ਦੀ ਲੋੜ ਨਹੀਂ। ਅਜਿਹੀ ਲੋੜ ਨੂੰ ਸਵੀਕਾਰ ਕਰਦਿਆਂ ਸਾਨੂੰ ਹਕੀਕਤਾਂ ਨੂੰ ਵੀ ਧਿਆਨ ਵਿਚ ਰੱਖਣਾ ਪਏਗਾ।

❐

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

ਸੁਖਵੰਤ ਹੁੰਦਲ

## ਪੱਛਮ ਵਿਚ ਬੇਰੁਜ਼ਗਾਰੀ ਅਤੇ ਗਰੀਬੀ

ਪਿਛਲੇ ਦੋ ਦਹਾਕਿਆਂ ਦੌਰਾਨ ਪੱਛਮ ਦੇ ਮੁਲਕਾਂ ਵਿਚ ਬੇਰੁਜ਼ਗਾਰੀ ਵਿਚ ਕਾਫੀ ਵਾਧਾ ਹੋਇਆ ਹੈ। ਇਹਨਾਂ ਦੋ ਦਹਾਕਿਆਂ (73-92) ਦੌਰਾਨ ਸਯੁੰਕਤ ਰਾਜ ਅਮਰੀਕਾ ਵਿਚ ਡੇਢ ਗੁਣਾਂ (4.8 ਪ੍ਰਤੀਸ਼ਤ ਤੋਂ 7.4 ਪ੍ਰਤੀਸ਼ਤ), ਯੂ.ਕੇ. ਵਿਚ ਤਿੰਨ ਗੁਣਾਂ (3 ਪ੍ਰਤੀਸ਼ਤ ਤੋਂ 9 ਪ੍ਰਤੀਸ਼ਤ), ਕੈਨੇਡਾ ਵਿਚ ਦੋ ਗੁਣਾਂ (5.5 ਪ੍ਰਤੀਸ਼ਤ ਤੋਂ 11 ਪ੍ਰਤੀਸ਼ਤ) ਦੇ ਹਿਸਾਬ ਨਾਲ ਬੇਰੁਜ਼ਗਾਰੀ ਵਧੀ ਹੈ। ਜਰਮਨੀ (ਸਾਬਕਾ ਪੱਛਮੀ ਜਰਮਨੀ) ਅਤੇ ਫਰਾਂਸ ਦੇ ਤੱਥ 1989 ਤੱਕ ਮਿਲਦੇ ਹਨ। ਉਹਨਾਂ ਮੁਤਾਬਕ ਪੱਛਮੀ ਜਰਮਨੀ ਵਿਚ ਸੰਨ 1973 ਦੇ ਮੁਕਾਬਲੇ 1989 ਵਿਚ ਬੇਰੁਜ਼ਗਾਰੀ ਅੱਠ ਗੁਣਾ ਵਧੀ ਹੈ (0.8 ਪ੍ਰਤੀਸ਼ਤ ਤੋਂ 5.6 ਪ੍ਰਤੀਸ਼ਤ) ਅਤੇ ਫਰਾਂਸ ਵਿਚ ਸਾਢੇ ਤਿੰਨ ਗੁਣਾਂ (2.7 ਤੋਂ 9.4 ਪ੍ਰਤੀਸ਼ਤ)।

ਇਸਦੇ ਨਾਲ ਹੀ ਬੇਰੁਜ਼ਗਾਰ ਰਹਿਣ ਵਾਲੇ ਲੋਕਾਂ ਵਿਚਕਾਰ ਬੇਰੁਜ਼ਗਾਰ ਰਹਿਣ ਦੇ ਅਰਸੇ ਵਿਚ ਵਾਧਾ ਹੋਇਆ ਹੈ। ਸੰਨ 1975-86 ਵਿਚਕਾਰ ਲੰਬੇ ਅਰਸੇ ਤੱਕ ਬੇਰੁਜ਼ਗਾਰ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਕੈਨੇਡਾ ਵਿਚ ਅੱਠ ਗੁਣਾਂ, ਪੱਛਮੀ ਜਰਮਨੀ ਵਿਚ ਚਾਰ ਗੁਣਾਂ, ਯੂ. ਕੇ. ਅਤੇ ਫਰਾਂਸ ਵਿਚ ਤਿੰਨ ਗੁਣਾਂ ਵਾਧਾ ਹੋਇਆ ਹੈ।

ਇਥੇ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਬੇਰੁਜ਼ਗਾਰੀ ਦੀ ਔਸਤ ਦਰ ਬੇਰੁਜ਼ਗਾਰਾਂ ਦੀ ਗਿਣਤੀ ਦੀ ਸਹੀ ਤਸਵੀਰ ਨਹੀਂ ਦਸਦੀ। ਸਰਕਾਰਾਂ ਵੱਲੋਂ ਬੇਰੁਜ਼ਗਾਰੀ ਦੇ ਇਹ ਅੰਕੜੇ ਉਹਨਾਂ ਲੋਕਾਂ ਦੇ ਸਰਵੇ ਵਿਚੋਂ ਇਕੱਠੇ ਕੀਤੇ ਗਏ ਹੁੰਦੇ ਹਨ ਜੋ ਲਗਾਤਾਰ ਕੰਮ ਲੱਭ ਰਹੇ ਹੋਣ। ਜਿਹੜੇ ਬੇਰੁਜ਼ਗਾਰ ਲੋਕ ਲੰਮੇ ਸਮੇਂ ਤੱਕ ਕੰਮ ਨਾ ਲੱਭਣ ਕਰਕੇ ਨਿਰਾਸ਼ ਹੋ ਕੇ ਘਰ ਬੈਠ ਜਾਂਦੇ ਹਨ, ਉਹ ਲੋਕ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਵਿਚ ਨਹੀਂ ਆਉਂਦੇ। ਇਸ ਲਈ ਇਹਨਾਂ ਸਾਰੇ ਮੁਲਕਾਂ ਵਿਚ ਬੇਰੁਜ਼ਗਾਰੀ ਸਰਕਾਰੀ ਅੰਕੜਿਆਂ ਤੋਂ ਵੱਧ ਹੈ।

ਨਾਲ ਹੀ ਇਹ ਵੀ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹਨਾਂ ਮੁਲਕਾਂ ਦੀ ਵਸੋਂ ਦੇ ਵੱਖ ਵੱਖ ਹਿੱਸਿਆਂ (ਜਿਵੇਂ ਔਰਤਾਂ, ਨੌਜਵਾਨਾਂ, ਘੱਟ ਗਿਣਤੀ ਦੇ ਲੋਕਾਂ) ਵਿਚ ਬੇਰੁਜ਼ਗਾਰੀ ਦੀ ਦਰ ਔਸਤ ਦਰ ਨਾਲੋਂ ਕਿਤੇ ਵੱਧ ਹੈ। 1990 ਵਿਚ ਸਯੁੰਕਤ ਰਾਜ ਅਮਰੀਕਾ ਵਿਚ ਔਸਤ ਬੇਰੁਜ਼ਗਾਰੀ ਦੀ ਦਰ 5.5 ਪ੍ਰਤੀਸ਼ਤ ਸੀ ਪਰ ਕਾਲੇ ਲੋਕਾਂ ਵਿਚ ਇਹ ਦਰ 11.3 ਪ੍ਰਤੀਸ਼ਤ ਸੀ। ਸਯੁੰਕਤ ਰਾਜ ਅਮਰੀਕਾ ਵਿਚ ਕਈ ਹਾਲਤਾਂ ਵਿਚ ਕਾਲਿਆਂ ਦੀ ਹਾਲਤ ਬਹੁਤ ਹੀ ਬੁਰੀ ਹੈ। ਜਿਵੇਂ ਮਈ 92 ਵਿਚ ਨਿਊਯਾਰਕ ਸ਼ਹਿਰ ਵਿਚ 16 ਤੋਂ 19 ਸਾਲ ਦੇ ਕਾਲੇ ਨੌਜਵਾਨਾਂ ਵਿਚੋਂ ਸਿਰਫ 8.9 ਪ੍ਰਤੀਸ਼ਤ ਕੋਲ ਨੌਕਰੀਆਂ ਸਨ।

ਇਸਦੇ ਨਾਲ ਹੀ ਜਿਹੜੇ ਲੋਕ ਕੰਮ ਕਰਦੇ ਹਨ ਉਹਨਾਂ ਦੀਆਂ ਸਹੀ ਤਨਖਾਹਾਂ (ਰੀਅਲ ਵੇਜ਼ਜ਼) ਵਿਚ ਕਾਫੀ ਘਾਟਾ ਪਿਆ ਹੈ। ਅੱਧੇ ਸਮੇਂ (ਪਾਰਟ ਟਾਇਮ) ਦੀਆਂ ਨੌਕਰੀਆਂ ਦਾ ਰੁਝਾਣ ਵੱਧਿਆ ਹੈ। ਅੱਸੀਵਿਆਂ ਵਿਚ ਯੂ.ਕੇ. ਵਿਚ ਪੈਦਾ ਹੋਣ ਵਾਲੀਆਂ ਨੌਕਰੀਆਂ ਵਿਚੋਂ 60 ਪ੍ਰਤੀਸ਼ਤ ਨੌਕਰੀਆਂ ਪਾਰਟ ਟਾਇਮ ਸਨ। ਇਹਨਾਂ ਕਾਰਨਾਂ ਕਰਕੇ ਕੰਮ ਕਰਦੇ ਲੋਕਾਂ ਨੂੰ ਆਪਣਾ ਜੀਵਨ ਪੱਧਰ ਕਾਇਮ ਰੱਖਣ ਲਈ ਜ਼ਿਆਦਾ ਘੰਟੇ ਕੰਮ ਕਰਨਾ ਪੈ ਰਿਹਾ ਹੈ। ਇਕ ਰੀਪੋਰਟ ਮੁਤਾਬਕ ਸਯੁੰਕਤ ਰਾਜ ਅਮਰੀਕਾ ਵਿਚ ਸੰਨ 1987 ਵਿਚ ਆਮ ਕਾਮਿਆਂ ਨੂੰ ਸੰਨ 1969 ਦੇ ਮੁਕਾਬਲੇ ਇਕ ਸਾਲ ਦੇ 163 ਘੰਟੇ ਵਾਧੂ ਕੰਮ ਕਰਨਾ ਪਿਆ ਹੈ। ਜਿੱਥੇ ਦੋ ਦਹਾਕੇ ਪਹਿਲਾਂ ਇਕ ਪਰਿਵਾਰਕ ਇਕਾਈ ਵਿਚ ਇਕ ਜੀਅ (ਆਮ ਤੌਰ ਤੇ ਪਤੀ) ਦੇ ਕੰਮ ਨਾਲ ਗੁਜਾਰਾ ਹੋ ਜਾਂਦਾ ਸੀ ਉਥੇ ਹੁਣ ਇਕ ਪਰਿਵਾਰਕ ਇਕਾਈ ਵਿਚ ਦੋਹਾਂ ਜੀਆਂ (ਪਤੀ-ਪਤਨੀ) ਨੂੰ ਕੰਮ ਕਰਨਾ ਪੈ ਰਿਹਾ ਹੈ।

ਬੇਰੁਜ਼ਗਾਰੀ ਦਾ ਜੋ ਇਕ ਸਿੱਧਾ ਅਸਰ ਪਿਆ ਹੈ, ਉਹ ਹੈ ਪੱਛਮ ਦੇ ਮੁਲਕਾਂ ਵਿਚ ਗਰੀਬੀ 'ਚ ਵਾਧਾ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪੱਛਮ ਦੇ ਦੇਸ਼ਾਂ ਵਿਚ ਬੇਰੁਜ਼ਗਾਰੀ ਦਾ ਗਰੀਬੀ ਨਾਲ ਸਿੱਧਾ ਸਬੰਧ ਹੈ। 1973-84 ਦੌਰਾਨ ਯੂਰਪ ਦੇ 12 ਦੇਸ਼ਾਂ ਵਿਚ ਬੇਰੁਜ਼ਗਾਰੀ ਵਿਚ ਤਿੰਨ ਗੁਣਾਂ ਵਾਧਾ ਹੋਇਆ ਅਤੇ ਇਸ ਹੀ ਸਮੇਂ ਦੌਰਾਨ ਇਹਨਾਂ ਦੇਸ਼ਾਂ ਵਿਚ ਗਰੀਬ ਲੋਕਾਂ ਦੀ ਗਿਣਤੀ 50 ਲੱਖ ਵਧੀ। ਇਸੇ ਤਰ੍ਹਾਂ ਸੰਨ 1970 ਵਿਚ ਸਯੁੰਕਤ ਰਾਜ ਅਮਰੀਕਾ ਵਿਚ ਗਰੀਬ ਲੋਕਾਂ ਦੀ ਗਿਣਤੀ 11 ਪ੍ਰਤੀਸ਼ਤ ਸੀ। ਸੰਨ 1991 ਵਿਚ ਇਹ ਗਿਣਤੀ ਵਧ ਕੇ 14.7 ਪ੍ਰਤੀਸ਼ਤ ਹੋ ਗਈ ਭਾਵ ਸੰਨ 1991 ਵਿਚ ਸਯੰਕਤ ਰਾਜ ਅਮਰੀਕਾ ਵਿਚ ਗਰੀਬ ਲੋਕਾਂ ਦੀ ਗਿਣਤੀ 3 ਕਰੋੜ 60 ਲੱਖ ਸੀ। ਅੱਸੀਵੇਂ ਦਹਾਕੇ ਦੇ ਅਖੀਰ ਤੇ ਬ੍ਰਿਟੇਨ ਵਿਚ ਇਕ ਵੱਡੀ ਗਿਣਤੀ ਵਿਚ ਲੋਕਾਂ ਨੂੰ ਆਪਣੇ ਘਰਾਂ ਤੋਂ ਹੱਥ ਧੋਣੇ ਪਏ ਕਿਉਂਕਿ ਉਹ ਘਰ ਦੀ ਕਿਸ਼ਤ ਨਹੀਂ ਸਨ ਦੇ ਸਕਦੇ। ਅਜਿਹੇ ਕਾਰਨਾਂ ਕਰਕੇ ਹੀ ਜਦੋਂ ਫਰਵਰੀ 1992 ਵਿਚ ਬ੍ਰਿਟੇਨ ਵਿਚ ਇਕ ਹਜ਼ਾਰ ਲੋਕਾਂ ਵਿਚ ਸਰਵੇ ਕੀਤਾ ਗਿਆ ਅਤੇ ਉਸ ਸਰਵੇ ਵਿਚ ਅੱਧੇ ਲੋਕਾਂ ਨੇ ਕਿਹਾ ਕਿ ਉਹ ਆਪਣਾ ਮੁਲਕ ਛੱਡਕੇ ਕਿਸੇ ਦੂਸਰੇ ਮੁਲਕ ਵਿਚ ਜਾ ਰਹਿਣਾ ਪਸੰਦ ਕਰਨਗੇ। ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਬੇਰੁਜ਼ਗਾਰੀ ਅਤੇ ਗਰੀਬੀ ਦਾ ਅਸਰ ਇਹਨਾਂ ਦੇਸ਼ਾਂ ਦੀ ਵਸੋਂ ਦੇ ਵੱਖ ਵੱਖ ਹਿੱਸਿਆਂ ਤੇ ਵੱਖਰਾ ਵੱਖਰਾ ਪੈਂਦਾ ਹੈ। ਸੰਨ 1988 ਵਿਚ ਸਯੁੰਕਤ ਰਾਜ ਅਮਰੀਕਾ ਵਿਚ ਕਾਲੇ ਲੋਕਾਂ ਦੇ ਤਿੰਨ ਪਰਿਵਾਰਾਂ ਵਿਚੋਂ ਇਕ ਪਰਿਵਾਰ ਗਰੀਬੀ ਵਿਚ ਰਹਿ ਰਿਹਾ ਸੀ ਅਤੇ ਉਸਦੇ ਮੁਕਾਬਲੇ ਗੋਰਿਆਂ ਵਿਚ 10 ਪਰਿਵਾਰਾਂ ਪਿੱਛੇ ਇਕ ਪਰਿਵਾਰ ਗਰੀਬੀ ਵਿਚ ਰਹਿ ਰਿਹਾ ਸੀ।

ਇਸਦੇ ਨਾਲ ਹੀ ਇਹਨਾਂ ਮੁਲਕਾਂ ਵਿਚ ਗਰੀਬ ਅਤੇ ਅਮੀਰ ਵਿਚ ਪਾੜ੍ਹਾ ਵੱਧ ਰਿਹਾ ਹੈ। ਜਿਵੇਂ ਸੰਨ 1983 ਵਿਚ ਸਯੁੰਕਤ ਰਾਜ ਅਮਰੀਕਾ ਵਿਚ ਕੁੱਲ ਵਸੋਂ ਦੇ ਇਕ ਪ੍ਰਤੀਸ਼ਤ ਉਪਰਲੇ ਤਬਕੇ ਕੋਲ ਦੇਸ਼ ਦੀ ਕੁੱਲ ਦੌਲਤ ਦਾ 31 ਪ੍ਰਤੀਸ਼ਤ ਸੀ ਪਰ ਸੰਨ 1989 ਵਿਚ ਇਹ ਹਿੱਸਾ ਵੱਧਕੇ 36 ਪ੍ਰਤੀਸ਼ਤ ਹੋ ਗਿਆ।

ਇਸ ਬੇਰੁਜ਼ਗਾਰੀ ਅਤੇ ਗਰੀਬੀ ਦਾ ਸ਼ਿਕਾਰ ਲੋਕਾਂ ਦਾ ਗੁੱਸਾ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੋ ਰਿਹਾ ਹੈ। ਇਸਦੀ ਇਕ ਉਦਾਹਰਣ ਸੰਨ 92 ਵਿਚ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਅਤੇ ਫਿਰ ਉਸਤੋਂ ਬਾਅਦ ਅਮਰੀਕਾ ਦੇ ਦੂਜੇ ਸ਼ਹਿਰਾਂ ਵਿਚ ਹੋਏ ਦੰਗੇ ਹਨ। ਬੇਸ਼ੱਕ ਇਹਨਾਂ ਦੰਗਿਆਂ ਨੂੰ ਸ਼ੁਰੂ ਕਰਨ ਵਾਲੀ ਘਟਨਾ ਨਸਲਵਾਦ ਨਾਲ ਸਬੰਧਤ ਸੀ ਅਤੇ ਮੁੱਖ-ਧਾਰਾ ਦੇ ਮੀਡੀਏ ਵਿਚ ਇਸਨੂੰ ਪੇਸ਼ ਵੀ ਨਸਲਵਾਦੀ ਦੰਗਿਆਂ ਵੱਜੋਂ ਹੀ ਕੀਤਾ ਗਿਆ ਪਰ ਸਹੀ ਅਰਥਾਂ ਵਿਚ ਇਹ ਦੰਗੇ ਗਰੀਬਾਂ ਵੱਲੋਂ ਅਮੀਰਾਂ ਦੇ ਵਿਰੁੱਧ ਸਨ। ਲੁੱਟਣ ਵਾਲਿਆਂ ਵਿਚ ਕਾਲੇ, ਸਪੇਨੀ ਮੂਲ ਦੇ ਲੋਕ, ਗੋਰੇ ਅਤੇ ਏਸ਼ੀਅਨ ਸਨ ਅਤੇ ਲੁੱਟ ਹੋਣ ਵਾਲਿਆਂ ਵਿਚ ਵੀ ਕਾਲੇ, ਸਪੇਨੀ ਮੂਲ ਦੇ ਲੋਕ,

ਗੋਰੇ ਅਤੇ ਏਸ਼ੀਅਨ ਲੋਕ ਸਨ। ਇਹਨਾਂ ਦੰਗਿਆਂ ਵਿਚ ਲੁੱਟ ਕਰਨ ਵਾਲੇ ਇਕ ਗੋਰੇ ਨੌਜਵਾਨ ਦੇ ਟੀ.ਵੀ. ਤੇ ਕਹੇ ਸ਼ਬਦ, 'ਇਹ ਦੰਗੇ ਕਾਲਿਆਂ ਵਲੋਂ ਗੋਰਿਆਂ ਵਿਰੁੱਧ ਨਹੀਂ ਸਗੋਂ ਗਰੀਬਾਂ ਵਲੋਂ ਅਮੀਰਾਂ ਵਿਰੁੱਧ ਹਨ।'

ਇਸੇ ਤਰ੍ਹਾਂ ਕੈਨੇਡਾ ਅਤੇ ਜਰਮਨੀ ਵਿਚ ਨਿਉ-ਨਾਜ਼ੀ ਅਤੇ ਗੋਰਿਆਂ ਦੀ ਸਰਦਾਰੀ ਵਿਚ ਯਕੀਨ ਰੱਖਣ ਵਾਲੇ ਗਰੁੱਪਾਂ ਦੀ ਗਿਣਤੀ ਵਿਚ ਵਾਧੇ ਦਾ ਇਕ ਕਾਰਨ ਇਹਨਾਂ ਦੇਸ਼ਾਂ ਵਿਚ ਬੇਰੁਜ਼ਗਾਰੀ ਅਤੇ ਗਰੀਬੀ ਦਾ ਵਧਣਾ ਹੈ।

ਇਹਨਾਂ ਸਾਰੇ ਅੰਕੜਿਆਂ ਤੋਂ ਜਾਪਦਾ ਹੈ ਕਿ ਪੱਛਮ ਦੇ ਇਹ ਦੇਸ਼ 70ਵਿਆਂ ਵਿਚ ਸ਼ੁਰੂ ਹੋਏ ਮੰਦੇ ਵਿਚੋਂ ਨਹੀਂ ਨਿਕਲ ਸਕੇ। ਨਤੀਜੇ ਵੱਜੋਂ ਇਹਨਾਂ ਮੁਲਕਾਂ ਵਿਚ ਬੇਰੁਜ਼ਗਾਰੀ ਅਤੇ ਗਰੀਬੀ ਵਧੀ ਹੈ ਅਤੇ ਲੋਕਾਂ ਦਾ ਜੀਣਾ ਔਖਾ ਹੋਇਆ ਹੈ। ਇਸ ਹਾਲਾਤ ਦਾ ਹੱਲ ਕਰਨ ਲਈ ਸਰਕਾਰਾਂ ਵੱਲੋਂ ਚੁੱਕੇ ਗਏ ਕਦਮਾਂ ਤੋਂ ਜਾਪਦਾ ਹੈ ਕਿ ਔਖਿਆਈ ਹੋਰ ਵਧਣ ਦੀ ਸੰਭਾਵਨਾ ਹੈ।

ਜਾਪਦਾ ਹੈ ਸਰਕਾਰਾਂ ਨੇ ਇਸ ਬੇਰੁਜ਼ਗਾਰੀ ਸਾਂਹਵੇਂ ਹਾਰ ਮੰਨ ਲਈ ਹੈ। 70ਵਿਆਂ ਤੱਕ ਪੱਛਮੀ ਮੁਲਕਾਂ ਵਲੋਂ 'ਹਰ ਇਕ ਲਈ' (ਫੁੱਲ ਇੰਪਲਾਏਮੈਂਟ) ਦਾ ਨਾਹਰਾ ਦਿੱਤਾ ਜਾਂਦਾ ਸੀ ਅਤੇ ਬੇਰੁਜ਼ਗਾਰੀ ਨੂੰ ਖਤਮ ਕਰਨ ਦੇ ਉਦੇਸ਼ ਮਿੱਥੇ ਜਾਂਦੇ ਸਨ। ਜਿਵੇਂ ਸੰਨ 1973 ਵਿਚ ਨੋਬਲ ਇਨਾਮ ਜੇਤੂ ਅਰਥ ਵਿਗਿਆਨੀ ਪਾਲ ਸੈਮੁਅਲਸਨ ਨੇ ਇਕ ਭਾਸ਼ਣ ਵਿਚ ਕਿਹਾ, "ਜਿਵੇਂ ਅਸੀਂ ਕਮਜ਼ੋਰਾਂ ਵਾਂਗ ਬਿਮਾਰੀ ਨੂੰ ਸਵੀਕਾਰ ਨਹੀਂ ਕਰਦੇ , ਇਸੇ ਤਰ੍ਹਾਂ ਅਸੀਂ ਵੱਡੀ ਗਿਣਤੀ ਵਿਚ ਲੋਕਾਂ ਵਿਚ ਬੇਰੁਜਗਾਰੀ ਸਹਿਣ ਨਹੀਂ ਕਰ ਸਕਦੇ"। ਪਰ ਹੁਣ ਅਜਿਹੀਆਂ ਗੱਲਾਂ ਕੋਈ ਨਹੀਂ ਕਰਦਾ। ਹੁਣ ਤਾਂ ਜਾਪਦਾ ਹੈ ਕਿ ਪੱਛਮ ਨੇ ਬੇਰੁਜ਼ਗਾਰੀ ਨੂੰ ਆਪਣੇ ਆਰਥਿਕ ਪ੍ਰਬੰਧ ਦੇ ਇਕ ਨਤੀਜੇ ਵੱਝੋਂ ਸਵੀਕਾਰ ਕਰ ਲਿਆ ਹੈ।

ਇਸਦੇ ਨਾਲ ਹੀ ਪੱਛਮ ਦੀਆਂ ਸਰਕਾਰਾਂ ਵੱਲੋਂ ਸਮਾਜਿਕ ਸੇਵਾਵਾਂ - ਬੇਰੁਜ਼ਗਾਰੀ ਭੱਤਾ, ਸਿਹਤ ਸੇਵਾਵਾਂ, ਵਿਦਿਆ ਆਦਿ- ਵਿਚ ਕਟੌਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਹੁਣ ਜਦੋਂ ਔਖੇ ਵੇਲੇ ਲੋਕਾਂ ਨੂੰ ਇਹਨਾਂ ਸੇਵਾਵਾਂ ਦੀ ਲੋੜ ਹੈ ਉਸ ਸਮੇਂ ਇਹਨਾਂ ਸੇਵਾਵਾਂ ਦੀ ਮਾਤਰਾ ਘਟਾਉਣ ਵੱਲ ਅਤੇ ਇਹਨਾਂ ਸੇਵਾਵਾਂ ਨੂੰ ਹਾਸਲ ਕਰਨ ਨੂੰ ਔਖਾ ਬਣਾਉਣ ਵੱਲ ਕਦਮ ਪੁੱਟੇ ਹਨ। ਇਹਨਾਂ ਸਾਰਿਆਂ ਗੱਲਾਂ ਵੱਲ ਦੇਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੱਛਮ ਦੇ ਆਮ ਲੋਕਾਂ ਦੀ ਜ਼ਿੰਦਗੀ ਹੋਰ ਔਖੀ ਹੋਣ ਦੀ ਸੰਭਾਵਨਾ ਹੈ। ❑


*Business Cards, Wedding Cards, Letterheads, Envelopes, Brochures, Menus, Business Forms, Flyers etc.*

Special Photocopies
1-10 copies 7 cents
11-30 copies 6 cents
31-75 copies 5 cents
76 & up 4.5 cents

B/W X 11

( price per original)

FULL COLOR COPIES

BUSINESS CARDS
(BLACK ON WHITE)
$19.95
1000 Business Cards

PH.: 321-0220

SUPER PRINTERS
Stationary & Copy Centre Ltd.

5934 Fraser St., VANCOUVER. V5W 2Z7

DOSANJH & CO.
Barristers & Solicitors

Ujjal Dosanjh
Thomas Wooley
Indra Thind

With over 13 yrs. experience in:

- Personal Injury (ICBC)
(handled on Contingency (%) fee basis)
- Divorce & Family Cases
- Criminal Trials
- Supreme Court Civil Trials
- All Immigration Matters
- Workers Compensation Matters

#202-5887 Victoria Dr.
Vancouver, BC V5P 3W5
327-6381

BAINS
INTERNATIONAL TRAVEL

Serving B.C. Since 1951

ਘੱਟ ਤੋਂ ਘੱਟ ਕਿਰਾਏ

- India
- Pakistan
- Africa
- U.K.
- Europe
- Southeast Asia
- Fiji Bangladesh
- Sri Lanka

Authorized Agents For:
*Air Canada, British Airways, Canadian, Cathay Pacific, Thai Airways Int'l, KLM and other major Airlines.*

Ph: 324 - 2277
6364 Fraser St., Vancouver, B.C. V5W 3A4

Offices also in Victoria & North Vancouver

ਕਹਾਣੀ

# ਬਰਫ਼ ਦਾ ਗੀਤ

◎

**ਸਾਧੂ**

ਚਰਨ ਸਿੰਘ ਦੀ ਅੱਖ ਫਿਰ ਖੁੱਲ ਗਈ। ਉਸਨੇ ਸਿਰ ਚੁੱਕ ਕੇ ਕਲਾਕ ਵੱਲ ਦੇਖਿਆ। ਹਨੇਰੇ ਵਿਚ ਚਮਕਦੀਆਂ ਸੂਈਆਂ ਨੇ ਦੋ ਵਜਾਏ। ਉਹਨੂੰ ਕਲਾਕ 'ਤੇ ਅਜੀਬ ਜਿਹੀ ਖਿੱਝ ਆਈ। ਇਸੇ ਦੀ ਵਜਾ ਕਰਕੇ ਉਸਦੇ ਮੁੰਡੇ ਨੇ ਉਸਦੀ ਲਾਹ ਪਾਹ ਕੀਤੀ ਸੀ। ਭਾਵੇਂ ਉਹ ਰਾਤ ਨੂੰ ਅਲਾਰਮ ਲਾ ਕੇ ਸੌਂਦਾ ਪਰ ਉਹਨੂੰ ਜਾਗ ਤਾਂ ਪਹਿਲਾਂ ਈ ਆ ਜਾਂਦੀ ਤੇ ਉਹ ਅਲਾਰਮ ਖੜਕਣ ਤੋਂ ਪਹਿਲਾਂ ਹੀ ਬੰਦ ਕਰ ਦਿੰਦਾ। ਪਰ ਸਵੇਰੇ ਪਤਾ ਨਈ ਕਿਵੇਂ ਉਸਦੀ ਤੜਕੇ ਅੱਖ ਲੱਗ ਗਈ ਤੇ ਕਲਾਕ ਦੀ ਤਿੱਖੀ ਤੇ ਉੱਚੀ ਆਵਾਜ਼ ਨੇ ਨਾਲ ਦੇ ਕਮਰੇ ਵਿਚ ਸੁੱਤੇ ਕਿਰਾਏਦਾਰ ਗੋਰਾ ਗੋਰੀ ਉਠਾ ਦਿੱਤੇ। ਤੇ ਉਹਨਾਂ ਉੱਠ ਕੇ ਉੱਚੀ ਉੱਚੀ ਗਾਲ੍ਹਾਂ ਕੱਢਣੀਆਂ ਤੇ ਕੰਧਾਂ ਵਿਚ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ।

ਤੇ ਹਮਦਰਦੀ ਕਰਨ ਦੀ ਥਾਂ ਜਸਵੰਤ ਨੇ ਉਹਨੂੰ ਹੀ ਝਿੜਕਿਆ ਪਈ ਉਹਨੂੰ ਗੋਰੇ ਲੋਕਾਂ ਵਿਚ ਰਹਿਣਾ ਨਹੀਂ ਸੀ ਆਉਂਦਾ। ਮਨ 'ਚ ਜਸਵੰਤ ਨੂੰ ਗਾਲ੍ਹ ਕੱਢਦਿਆਂ ਉਹਨੇ ਕਿਹਾ, 'ਹੁਣ ਇਹ ਮੈਨੂੰ ਗੋਰੇ ਲੋਕਾਂ 'ਚ ਬੈਠਣਾ ਉੱਠਣਾ ਸਿਖਾਊਗਾ।'

ਫੇਰ ਉਹਨੂੰ ਬੇਸਮਿੰਟ ਵਿਚ ਰਹਿੰਦੀ ਪਹਿਲੀ ਗੋਰੀ ਔਰਤ ਦਾ ਖਿਆਲ ਆਇਆ। ਥੋੜੇ ਜਿਹੇ ਭਾਰੇ ਕੱਦ ਦੀ ਉਹ ਔਰਤ ਚਰਨ ਸਿੰਘ ਨੂੰ ਬੜੀ ਚੰਗੀ ਲਗਦੀ। ਉਹ ਚਰਨ ਸਿੰਘ ਨਾਲ ਕਈ ਵਾਰੀ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ ਤੇ ਚਰਨ ਸਿੰਘ ਨੂੰ ਵੀ ਉਸਦੇ ਗੋਲ ਗੋਲ ਮੂੰਹ ਉਤੇ ਖਿਲਰੀ ਮੁਸਕਰਾਹਟ ਵਿਚ ਹਮਦਰਦੀ ਤੇ ਸਨੇਹ ਦੀ ਭਾਵਨਾ ਦਿਸਦੀ ਤੇ ਉਹਦੇ ਅੰਦਰੋਂ ਉਹਨੂੰ ਬਾਕੀ ਗੋਰਿਆਂ ਕੋਲੋਂ ਆਉਂਦਾ ਡਰ ਚੁੱਕਿਆ ਜਾਂਦਾ ਤੇ ਉਹ ਵੀ ਉਹਦੇ ਨਾਲ ਜਾਣੇ ਪਹਿਚਾਣੇ ਸ਼ਬਦ ਜੋੜ ਜੋੜ ਅੰਗਰੇਜ਼ੀ ਵਿਚ ਗੱਲਾਂ ਕਰਨ ਲੱਗਦਾ। ਉਸਦਾ ਨਾਂ ਜੋਇਸ ਸੀ। ਚਰਨ ਸਿੰਘ ਨੂੰ ਉਸਦਾ ਨਾਂ ਲੈਣ ਵਿਚ ਮੁਸ਼ਕਲ ਆਉਂਦੀ ਤੇ ਉਹ ਉਹਨੂੰ 'ਜੋਸ' ਕਹਿੰਦਾ। ਪਹਿਲਾਂ ਪਹਿਲਾਂ ਉਹਨੇ ਚਰਨ ਸਿੰਘ ਨੂੰ ਠੀਕ ਤਰ੍ਹਾਂ ਜੋਇਸ ਕਹਿਣਾ ਸਿਖਾਲਣ ਦੀ ਕੋਸ਼ਿਸ਼ ਕੀਤੀ ਪਰ ਫੇਰ ਉਹ ਉਥੇ ਹੀ ਹੱਸ ਛੱਡਦੀ। ਚਰਨ ਸਿੰਘ ਨੂੰ ਵੀ ਉਹਦਾ ਘੁਮਾ ਜਿਹਾ ਪਾ ਕੇ ਆਪਣੇ ਨਾਂ ਨੂੰ "ਸ਼ੈਰਾਨ" ਕਹਿਣਾ ਅਜੀਬ ਜਿਹਾ ਲੱਗਦਾ ਤੇ ਉਹ ਵੀ ਹਰ ਵਾਰੀ ਅੱਗੋਂ ਹੱਸ ਛੱਡਦਾ। ਜੋਇਸ ਨੇ ਕਈ ਵਾਰੀ ਉਸਦੇ ਕਮਰੇ ਦਾ ਬੂਹਾ ਖੜਕਾ ਕੇ ਉਸਨੂੰ ਕੌਫੀ ਪੀਣ ਲਈ ਦਿੱਤੀ ਸੀ। ਚਰਨ ਸਿੰਘ ਨੂੰ ਲੱਗਦਾ ਕਿ ਘਰ ਵਿਚ ਉਸਦੀ ਹਾਲਤ ਨੂੰ ਜੋਇਸ ਚੰਗੀ ਤਰ੍ਹਾਂ ਸਮਝਦੀ ਸੀ ਇਸੇ ਕਰਕੇ ਉਹ ਉਸ ਨਾਲ ਏਨੀ ਹਮਦਰਦੀ ਜਿਤਾਉਂਦੀ। ਜੋਇਸ ਦੀ ਅਠਾਰਾਂ ਉੱਨੀ ਸਾਲ ਦੀ ਕੁੜੀ ਵੀ ਉਸਦੇ ਨਾਲ ਰਹਿੰਦੀ ਸੀ, ਉਹ ਵੀ ਚਰਨ ਸਿੰਘ ਨਾਲ ਬੜਾ ਹੱਸ ਕੇ, ਸਲੀਕੇ ਨਾਲ ਬੋਲਦੀ।

ਵਿਚਾਰੀ ਜੋਇਸ ਇਕ ਦੋ ਵਾਰ ਕਿਰਾਇਆ ਦੇਣ ਵਿਚ ਲੇਟ ਹੋ ਗਈ ਤਾਂ ਜਸਵੰਤ ਨੇ ਉਸਨੂੰ ਬੇਸਮਿੰਟ ਵਿਚੋਂ ਹੀ ਕੱਢ ਦਿੱਤਾ। ਉਂਜ ਜੋਇਸ ਵਾਂਗ ਚਰਨ ਸਿੰਘ ਨੂੰ ਵੀ ਪਤਾ ਸੀ ਕਿ ਅਸਲ ਗੱਲ ਤਾਂ ਵਿਚੋਂ ਘੱਟ ਕਿਰਾਏ ਦੀ ਸੀ। ਜਸਵੰਤ ਬੇਸਮਿੰਟ ਵੱਧ ਕਿਰਾਏ 'ਤੇ ਚੜ੍ਹਾਉਣੀ ਚਾਹੁੰਦਾ ਸੀ ਤੇ ਉਹ ਇਕੋ ਵਾਰੀ ਜੋਇਸ ਦਾ ਕਿਰਾਇਆ ਏਨਾ ਨਹੀਂ ਸੀ ਵਧਾ ਸਕਦਾ।

ਜੇ ਗੱਲ ਚਰਨ ਸਿੰਘ ਦੇ ਵੱਸ ਵਿਚ ਹੁੰਦੀ ਤਾਂ ਉਹਨੇ ਉਸ ਭਲੀ ਔਰਤ ਨੂੰ ਥੋੜੇ ਕਿਰਾਏ ਵਿਚ ਹੀ ਰਹੀ ਜਾਣ ਦੇਣਾ ਸੀ। 'ਪਰ ਰੋਣਾ ਤਾਂ ਇਹੀ ਆ', ਚਰਨ ਸਿੰਘ ਨੇ ਅੱਧਾ ਕੁ ਪਾਸਾ ਪਲਟਦਿਆਂ ਸੋਚਿਆ, 'ਮੁੰਡਾ ਹੁਣ ਮੇਰੀ ਕੋਈ ਗੱਲ ਸੁਣਦਾ ਈ ਨਈ। ਉਹਨੂੰ ਵਿਚਾਰੀ ਨੂੰ ਕੱਢ ਕੇ ਇਹ ਵਾੜ ਲਏ ਆ ਨਵੇਂ, ਜਾਏ ਕਿਰਾਇਆ ਦੇਣ ਆਲੇ। ਰਾਤ ਨੂੰ ਦੋ ਤਿੰਨ ਵਜੇ ਤੱਕ ਸ਼ਰਾਬ ਪੀਂਦੇ ਰਹਿੰਦੇ ਆ, ਤੇ ਉੱਚੀ ਉੱਚੀ ਗਾਣੇ ਲਾਈ ਰੱਖਦੇ ਆ। ਅੱਧਾ ਦਿਨ ਗਏ ਮੰਜੇ ਵਿਚੋਂ ਨਿਕਲਦੇ ਆ। ਤੇ ਜਦ ਅਲਾਰਮ ਨੇ ਉਹਨਾਂ ਨੂੰ ਤੜਕੇ ਜਗਾ ਦਿੱਤਾ ਤਾਂ ਸਾਲਿਆਂ ਨੇ ਘਰ ਸਿਰ ਤੇ ਚੁੱਕ ਲਿਆ।'

ਏਸੇ ਗੱਲ ਤੋਂ ਡਰਦੇ ਚਰਨ ਸਿੰਘ ਨੇ ਅੱਜ ਅਲਾਰਮ ਨਹੀਂ ਸੀ ਲਾਇਆ ਤੇ ਹੁਣ ਉਸਨੂੰ ਡਰ ਸੀ ਕਿ ਉਹ ਕਿਤੇ ਕੰਮ 'ਤੇ ਜਾਣ ਲਈ ਲੇਟ ਹੀ ਨਾ ਹੋ ਜਾਵੇ।

ਰਾਤੀਂ ਉਹ ਨੌਂ ਵਜੇ ਮੰਜੇ ਤੇ ਪੈ ਗਿਆ ਪਰ ਨੀਂਦ ਕਿਤੇ ਜਾ ਕੇ ਬਾਰਾਂ ਤੋਂ ਬਾਅਦ ਆਈ। ਚੰਗੀ ਕਿਸਮਤ ਨੂੰ ਗੋਰਾ ਗੋਰੀ ਵੀ ਕਿਤੇ ਗਏ ਹੋਏ ਸੀ ਤੇ ਬੇਸਮਿੰਟ ਵਿਚ ਪੂਰੀ ਸ਼ਾਂਤੀ ਸੀ। ਪਰ ਉਸਦੇ ਮਨ ਵਿਚ ਟਿਕਾਅ ਨਹੀਂ ਸੀ। ਜਸਵੰਤ ਤੋਂ ਖਾਧੀ ਝਿੜਕ ਨੇ ਉਸਦੇ ਅੰਦਰ ਜਿਵੇਂ ਕੁਝ ਤੋੜ ਕੇ ਰੱਖ ਦਿੱਤਾ ਸੀ। ਇਹ ਗੱਲ ਨਹੀਂ ਪਈ ਜਸਵੰਤ ਨੇ ਉਹਨੂੰ ਪਹਿਲਾਂ ਕਦੀ ਘੂਰਿਆ ਨਹੀਂ ਸੀ, ਪਰ ਪਤਾ ਨਹੀਂ ਕਿਉਂ ਇਸ ਵਾਰ ਚਰਨ ਸਿੰਘ ਨੂੰ ਕੁਝ ਜ਼ਿਆਦਾ ਹੀ ਦੁੱਖ ਲੱਗਾ। ਤੇ ਉਹ ਖਬਰੇ ਉਸ ਟੁੱਟੇ ਨੂੰ ਜੋੜਨ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਉਸਦੇ ਦੁਖੀ ਮਨ ਵਿਚ ਸੋਚਾਂ ਦੀ ਇਕ ਅਟੁੱਟ ਲੜੀ ਤੁਰੀ ਜਾਂਦੀ। ਉਸਦੀਆਂ ਸੋਚਾਂ ਉਸਦੇ ਹਨੇਰੇ ਕਮਰੇ ਦੀਆਂ ਸੱਖਣੀਆਂ ਕੰਧਾਂ ਨਾਲ ਟਕਰਾ ਕੇ ਰਹਿ ਜਾਂਦੀਆਂ ਪਰ ਉਸਨੂੰ ਸੌਣ ਨਾ ਦਿੰਦੀਆਂ।

ਹੁਣ ਤਾਂ ਬਲਵੰਤ ਕੌਰ ਵੀ ਕੋਲ ਹੈ ਨਹੀਂ ਜਿਹਦੇ ਨਾਲ ਗੱਲਾਂ ਕਰਕੇ ਉਹ ਦਿਲ ਦੀ ਭੜਾਸ ਕੱਢ ਲੈਂਦਾ। ਬਲਵੰਤ ਕੌਰ ਦੀ ਘਾਟ ਨੂੰ ਉਹ ਅਜਿਹੇ ਮੌਕੇ ਬਹੁਤ ਮਹਿਸੂਸ ਕਰਦਾ। ਉਹਨੂੰ ਲੱਗਦਾ ਜਿਵੇਂ ਉਹ ਦੁਨੀਆਂ ਵਿਚ ਬਿਲਕੁਲ ਇਕੱਲਾ ਹੋਵੇ ਤੇ ਇਸ ਅਹਿਸਾਸ ਨਾਲ ਉਸਨੂੰ ਇਕ ਅਜੀਬ ਜਿਹਾ ਡਰ ਲੱਗਦਾ ਤੇ ਉਸ ਉਪਰ ਘੋਰ ਉਦਾਸੀ ਛਾ ਜਾਂਦੀ। ਉਹਨਾਂ ਦੋਹਾਂ ਨੇ ਜ਼ਿੰਦਗੀ ਦੀ ਹਰ ਔਖਿਆਈ ਇਕ ਦੂਜੇ ਦੇ ਸਹਾਰੇ ਕੱਢੀ ਸੀ। ਪਰ ਬਲਵੰਤ ਕੌਰ ਨੂੰ ਤਾਂ ਸਾਲ ਤੋਂ ਉੱਤੇ ਹੋ ਗਿਆ ਕੈਲਗਰੀ ਆਪਣੀ ਕੁੜੀ ਕੋਲ ਗਿਆਂ। ਉਹ ਹੁਣ ਉਥੇ ਉਸਦੇ ਬੱਚਿਆਂ ਦੀ ਦੇਖਭਾਲ ਕਰਦੀ ਸੀ। ਉਹਦੇ ਜਾਣ ਤੇ ਚਰਨ ਸਿੰਘ ਨੂੰ ਲੱਗਾ ਸੀ ਕਿ ਜਸਵੰਤ ਹੋਰੀਂ ਉਹਨੂੰ ਭੇਜਣ ਵਿਚ ਮਿੰਟ ਨਹੀਂ ਸੀ ਲਾਇਆ ਕਿਉਂਕਿ ਇਹਨਾਂ ਦੇ ਆਪਣੇ ਨਿਆਣੇ ਤਾਂ ਹੁਣ ਸਿਆਣੇ ਹੋ ਗਏ ਸਨ। ਤੇ ਬਲਵੰਤ ਕੌਰ ਬਾਹਰ ਕੋਈ ਕੰਮ ਵੀ ਨਹੀਂ ਸੀ ਕਰ ਸਕਦੀ। ਘਰ ਵਿਹਲੀ ਬੈਠੀ ਪੁੱਤ ਨੂੰਹ ਨੂੰ ਚੰਗੀ ਲਗਣੋਂ ਹੱਟ ਗਈ। ਉਹਦੇ ਮਨ 'ਚ ਫੇਰ ਹਾਉਕੇ ਦੇ ਨਾਲ ਸਵਾਲ ਉਠਿਆ ਕਿ ਇਹ ਸੱਭ ਕਿਵੇਂ ਵਾਪਰ ਗਿਆ? ਉਹਨਾਂ ਦੇ ਚੰਗੇ ਦਿਨਾਂ ਦੇ ਸੁਪਨਿਆਂ ਨੂੰ ਇਹ ਕਿਹਦੀ ਨਜ਼ਰ ਖਾ ਗਈ? ਦੋ ਧੀਆਂ ਤੋਂ ਬਾਅਦ ਇਕ ਪੁੱਤਰ ਦੇ ਜੰਮਦਿਆਂ ਹੀ ਮਰ ਜਾਣ ਮਗਰੋਂ ਸੈ ਸੁੱਖਾਂ ਸੁੱਖਣ ਉਪਰੰਤ ਜੰਮੇ ਉਸਦੇ ਪੁੱਤਰ ਜਸਵੰਤ ਨੂੰ ਪੈਸਿਆਂ ਦਾ ਹੁਣ ਕੋਈ ਘਾਟਾ ਨਹੀਂ। ਪਰ ਉਸਦਾ ਪੈਸਿਆਂ ਲਈ ਲਾਲਚ ਦਿਨ ਬਦਿਨ ਵੱਧਦਾ ਹੀ ਜਾ ਰਿਹਾ ਤੇ ਚਰਨ ਸਿੰਘ ਉਸ ਵੱਲ ਦੇਖ ਕੇ ਸੋਚਣ ਲੱਗਦਾ ਜਿਵੇਂ ਕਿਸੇ ਅਜੀਬ ਸ਼ੈਅ ਨੇ ਉਸ ਉਪਰ ਜਾਦੂ ਕਰ ਦਿੱਤਾ ਹੋਵੇ। ਚਰਨ ਸਿੰਘ ਨੇ ਸੌਣ ਦੀ ਕੋਸ਼ਿਸ਼ ਕੀਤੀ। ਪਰ ਸੌਣ ਦੀ ਥਾਂ ਉਹਨੂੰ ਲੱਗਾ ਕਿ ਉਹ ਫੇਰ ਸੋਚਾਂ ਤੇ ਯਾਦਾਂ ਦੇ ਡੂੰਘੇ ਖੂਹ ਵਿਚ ਲਹਿੰਦਾ ਜਾ ਰਿਹਾ ਸੀ।

ਉਹਨੂੰ ਆਪਣੇ ਪਿੰਡੋਂ ਬਾਹਰ ਖੇਤਾਂ 'ਚ ਬਣੇ ਘਰ ਦੀ ਯਾਦ ਆਈ ਜਿਥੇ ਖੁੱਲੀ ਹਵਾ ਵਿਚ ਦਿਨ ਦੇ ਥੱਕੇ ਨੂੰ ਉਹਨੂੰ ਕਦੀ ਸੌਣ ਵਿਚ ਮੁਸ਼ਕਿਲ ਹੀ ਨਹੀਂ ਸੀ ਆਈ ਤੇ ਜੇ ਕਿਤੇ ਕਿਸੇ ਫਿਕਰ ਕਾਰਨ ਉਹਨੂੰ ਨੀਂਦ ਨਾ ਆਉਂਦੀ ਤਾਂ ਉਹ ਨਿੰਬਲ ਅਸਮਾਨ 'ਤੇ ਚਮਕਦੇ ਤਾਰਿਆਂ ਦੀ ਇਬਾਰਤ ਪੜ੍ਹਦਾ ਪੜ੍ਹਦਾ ਸੌਂ ਜਾਂਦਾ। ਇਸ ਕਮਰੇ ਦੀ ਨੀਵੀਂ, ਛੋਟੀ ਜਿਹੀ ਛੱਤ ਦੇ ਵਿਚਾਲੇ ਤਾਂ ਸਿਰਫ ਇਕ ਲਟਕਦਾ ਨੰਗਾ ਬਲਬ ਸੀ ਜੋ ਮੰਜੇ 'ਤੇ ਉਠਣ ਬੈਠਣ ਲੱਗਿਆਂ ਉਸਦੇ ਸਿਰ ਤੇ ਵੱਜਦਾ। ਤੇ ਜਦੋਂ ਇਕ ਵਾਰੀ ਉਸ ਕੋਲੋਂ ਬਲਬ ਭੱਜ ਗਿਆ ਤਾਂ ਬਦਲੇ ਵਿਚ ਉਸਨੂੰ ਨੂੰਹ ਦੀ ਬੁੜ ਬੁੜ ਸੁਣਨੀ ਪਈ। ਹੁਣ ਉਹ ਇਸ ਗੱਲੋਂ ਬੜਾ ਸਾਵਧਾਨ ਰਹਿੰਦਾ।

ਉਸਦਾ ਦਿਲ ਕੀਤਾ ਕਿ ਉਹ ਉਠ ਕੇ ਬੱਤੀ ਜਗਾ ਲਵੇ। ਪਰ ਫੇਰ ਉਹ ਆਪਣੀ ਸੋਚ 'ਤੇ ਪਹਿਲਾਂ ਹੱਸਿਆ ਤੇ ਫੇਰ ਖਿਝਿਆ ਕਿ ਉਹ ਬੱਤੀ ਜਗਾ ਕੇ ਕੀ ਕਰੇਗਾ? ਉਹਨੂੰ ਤਾਂ ਸਗੋਂ ਦੋ ਪੱਲ ਸੌਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੜਕੇ ਪੰਜ ਵਜੇ ਤਾਂ ਉਹਨੇ ਕੰਮ ਤੇ ਜਾਣ ਲਈ ਉਠਣਾ ਹੈ।

ਕੰਮ ਦਾ ਚੇਤਾ ਆਉਂਦਿਆਂ ਹੀ ਉਸਨੇ ਸੌਣ ਲਈ ਅੱਖਾਂ ਮੀਟੀਆਂ ਤੇ ਆਪਣੀ ਰਜਾਈ ਨੂੰ ਪਾਸੀਂ ਘੁੱਟਿਆ। ਪਰ ਠੰਡ ਉਸਦੀਆਂ ਹੱਡੀਆਂ ਵਿਚ ਵੜਦੀ ਜਾ ਰਹੀ ਸੀ। ਉਸਨੇ ਮੀਟੀਆਂ ਅੱਖਾਂ ਨਾਲ ਹੀ ਜਿਵੇਂ ਸਾਰੇ ਕਮਰੇ ਦਾ ਜਾਇਜ਼ਾ ਲਿਆ। ਘਰ ਦੀ ਬੇਸਮਿੰਟ ਵਿਚ ਬਣੇ ਇਸ ਕਮਰੇ ਵਿਚ ਨਾ ਕੋਈ ਹੀਟਰ ਸੀ ਤੇ ਨਾ ਹੀ

ਹੀਟ ਵਾਲਾ ਭਰਨਾ। ਇਕ ਦਰਵਾਜੇ ਤੋਂ ਸਿਵਾਏ ਇਸ ਵਿਚ ਇਕ ਡੇਢ ਕੁ ਗਿੱਠ ਚੌੜੀ ਤੇ ਢਾਈ ਕੁ ਗਿੱਠਾਂ ਉੱਚੀ ਤਾਕੀ ਸੀ ਜਿਸਦਾ ਸ਼ੀਸ਼ਾ ਖੁੱਲਣ ਵਾਲਾ ਨਹੀਂ ਸੀ ਤੇ ਜਿਸ 'ਤੇ ਇਕ ਮੋਟੇ ਕਪੜੇ ਦਾ ਮੈਲੇ ਰੰਗ ਦਾ ਪਰਦਾ ਲਾਇਆ ਹੋਇਆ ਸੀ। ਇਸ ਦੀ ਫਰਸ਼ ਵੀ ਸੀਮਿੰਟ ਦੀ ਸੀ ਤੇ ਨਾ ਹੀ ਉਸ ਉਪਰ ਕੋਈ ਪਲਾਈ ਵੁੱਡ ਲਾਈ ਗਈ ਸੀ ਤੇ ਨਾ ਹੀ ਕੋਈ ਕਾਰਪਿੱਟ ਵਿਛਾਇਆ ਗਿਆ ਸੀ। ਜਸਵੰਤ ਨੇ ਇਹ ਕਮਰਾ ਘਰ ਵਿਚਲਾ ਵਾਧੂ ਘਾਟੂ ਸਮਾਨ ਰੱਖਣ ਲਈ ਬਣਾਇਆ ਸੀ।

ਘਰ ਵਿਚ ਆਪਣੀ ਦੁਰਦਸ਼ਾ 'ਤੇ ਚਰਨ ਸਿੰਘ ਨੂੰ ਅੰਤਾਂ ਦੀ ਖਿੱਝ ਆਉਂਦੀ ਤੇ ਉਹਨੂੰ ਮਾਇਆ ਦੇ ਚੱਕਰ ਬਾਰੇ ਗੁਰਦਵਾਰੇ ਤੇ ਹੋਰਨਾਂ ਲੋਕਾਂ ਤੋਂ ਸੁਣੀਆਂ ਗੱਲਾਂ ਸੱਚ ਹੀ ਲੱਗਣ ਲੱਗਦੀਆਂ ਕਿ ਕਿਸ ਤਰ੍ਹਾਂ ਪੈਸੇ ਦਾ ਵਧਿਆ ਲਾਲਚ ਬੰਦੇ ਨੂੰ ਹੈਵਾਨ ਬਣਾ ਦਿੰਦਾ ਹੈ। ਫੇਰ ਚਰਨ ਸਿੰਘ ਦੇ ਮਨ ਵਿੱਚ ਖਿਆਲ ਆਇਆ ਕਿ ਉਹਨੇ ਪਹਿਲਾਂ ਕਦੀ ਵੀ ਪੈਸੇ ਬਾਰੇ ਜਾਂ ਜਸਵੰਤ ਦੇ ਬਹੁਤੇ ਪੈਸੇ ਮਗਰ ਭੱਜਣ ਬਾਰੇ ਏਦਾਂ ਨਹੀਂ ਸੀ ਸੋਚਿਆ। ਸਗੋਂ ਪਹਿਲਾਂ ਪਹਿਲਾਂ ਤਾਂ ਚਰਨ ਸਿੰਘ ਨੂੰ ਜਸਵੰਤ ਦੀ ਜ਼ਿਆਦਾ ਪੈਸੇ ਬਣਾਉਣ ਦੀ ਤਮਾ ਬੜੀ ਚੰਗੀ ਲੱਗਦੀ ਸੀ। ਉਹਨੇ ਖੁੱਦ ਸਾਰੀ ਉਮਰ ਤੰਗੀ 'ਚ ਕੱਟੀ ਸੀ ਤੇ ਉਸਦੀ ਸੋਚ ਸੀ ਕਿ ਹੋਰ ਜੋ ਮਰਜੀ ਹੋਵੇ ਬੰਦੇ ਕੋਲ ਪੈਸੇ ਏਨੇ ਹੋਣ ਕਿ ਕਦੀ ਵੀ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ।

ਦੇਸੋਂ ਕਰਕੇ ਜਦੋਂ ਚਰਨ ਸਿੰਘ ਤੇ ਬਲਵੰਤ ਕੌਰ ਦੇਸੋਂ ਆਏ ਸਨ ਤਾਂ ਉਹਨਾਂ ਨੇ ਜਸਵੰਤ ਦੇ ਘਰ ਦੀ ਹਾਲਤ ਦੇਖ ਕੇ ਆਪਣੀ ਵਲੋਂ ਪੂਰਾ ਜ਼ੋਰ ਲਾਇਆ ਸੀ ਕਿ ਉਸਦੀ ਹਾਲਤ ਸੁਧਰ ਜਾਵੇ। ਦੇਸੋਂ ਆਉਣ 'ਤੇ ਰਿਸ਼ਤੇਦਾਰ ਤੇ ਉਹਨਾਂ ਦੇ ਪੇਂਡੂ ਉਹਨਾਂ ਨੂੰ ਮਿਲਣ ਆਉਂਦੇ ਤਾਂ ਉਹ ਸਾਰੇ ਪੁੱਜ ਕੇ ਜਸਵੰਤ ਦੀ ਸਿਫਤ ਕਰਦੇ। ਸੁਣ ਕੇ ਉਹਨਾਂ ਦੋਨਾਂ ਦਾ ਸਿਰ ਮਾਣ ਵਿਚ ਉੱਚਾ ਹੋ ਜਾਂਦਾ। ਪਰ ਗੱਲਾਂ ਬਾਤਾਂ ਵਿਚ ਉਹ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਇਹ ਵੀ ਜਤਾਰ ਜਾਂਦੇ ਪਈ ਜਸਵੰਤ ਨੇ ਪਿੰਡਾ ਤਾਂ ਸਵਾਰ ਦਿੱਤਾ ਹੋਊ ਉਹਨੇ ਇਥੇ ਕੁਝ ਨਹੀਂ ਬਣਾਇਆ। ਤੇ ਜਦੋਂ ਉਹ ਦੂਜਿਆਂ ਲੋਕਾਂ ਦੇ ਵੱਡੇ ਵੱਡੇ ਘਰ ਦੇਖਦੇ ਤਾਂ ਉਹਨਾਂ ਨੂੰ ਇਹ ਗੱਲ ਬਿਲਕੁਲ ਠੀਕ ਵੀ ਲਗਦੀ।

ਰਾਤ ਨੂੰ ਸੌਣ ਲੱਗੇ ਉਹ ਦੋਵੇਂ ਵਿਚਾਰਾਂ ਕਰਦੇ। "ਉਦਾਂ ਹਜਾਰਾ ਸੌਂਹ ਦੀ ਗੱਲ ਤਾਂ ਠੀਕ ਆ, ਜਦ ਹੁਣ ਏਥੇ ਈ ਰਹਿਣਾ ਆਂ ਤਾਂ ਬੰਦੇ ਕੋਲ ਆਪਣਾ ਘਰ ਤਾਂ ਘੱਟੋ ਘੱਟ ਹੋਣਾ ਈ ਚਾਹੀਦਾ ਆ", ਚਰਨ ਸਿੰਘ ਨਿੱਕੇ ਜਿਹੇ ਕਮਰੇ ਵਿਚ ਆਪਣੇ ਨਾਲ ਪਏ ਪੋਤੇ ਦੀ ਪਿੱਠ ਤੇ ਹੱਥ ਫੇਰਦਾ ਨਾਲ ਦੇ ਮੰਜੇ ਤੇ ਪਈ ਬਲਵੰਤ ਕੌਰ ਨੂੰ ਕਹਿੰਦਾ।

ਤੇ ਫੇਰ ਉਹ ਵੀ ਆਪਣੇ ਨਾਲ ਪਈ ਆਪਣੀ ਪੋਤੀ ਨੂੰ ਰਜਾਈ ਨਾਲ ਢੱਕਦਿਆਂ ਕਹਿੰਦੀ, "ਚਲੋਂ ਹੁਣ ਪਿਛਲੀ ਸਾਰੀ ਕਬੀਲਦਾਰੀ ਚੁੱਕੀ ਗਈ ਆ, ਕੁੜੀਆਂ ਵਿਆਹ ਹੋ ਗਈਆਂ। ਛੋਟੀ ਨੇ ਤਾਂ ਹੋਰ ਸਾਲ ਖੰਡ ਤੱਕ ਏਧਰ ਆ ਈ ਜਾਣਾ ਆਂ, ਏਦਾਂ ਈ ਕਿਤੇ ਰੱਬ ਵੱਡੀ ਦਾ ਬੇੜਾ ਬੰਨੇ ਲਾ ਦੇਊਗਾ। ਹੁਣ ਇਹ ਆਪਣਾ ਘਰ ਬਣਾਵੇ ਜੋ ਮਰਜੀ ਕਰੇ।"

"ਹੁਣ ਆਪਾਂ ਵੀ ਤਾਂ ਹੈ ਗੇ ਆਂ ਏਥੇ, ਆਪਾਂ ਵੀ ਤਾਂ ਥੋੜ੍ਹਾ ਬਹੁਤਾ ਹੱਥ ਵਟਾਂਵਾਂਗੇ ਈ ਕਿ ਨਹੀਂ"? ਚਰਨ ਸਿੰਘ ਨੇ ਜਿਵੇਂ ਆਪਣੀ ਹਿੰਮਤ ਨੂੰ ਵੰਗਾਰਿਆ।

"ਹੈ, ਵਟਾਂਵਾਂਗੇ ਕਿਉਂ ਨਾ, ਮੈਂ ਤਾਂ ਕੱਲ੍ਹ ਈ ਜੀਤੀ ਨੂੰ ਕਿਹਾ ਸੀ ਪਈ ਮੱਲ ਨਿਆਣਿਆਂ ਦਾ ਹੁਣ ਮੈਂ ਦੇਖ ਲਿਆ ਕਰੂ, ਤੂੰ ਕੋਈ ਆਪਦੇ ਲਈ ਕੰਮ ਕੁੰਮ ਟੋਲ ਲੈ। ਉਹ ਹਜਾਰਾ ਸੌਂਹ ਦੀ ਨੂੰਹ ਵੀ ਤੇ ਚੱਕੀਆਂ ਆਲਿਆਂ ਦੀਆਂ ਦੋਵੇਂ ਵਹੁਟੀਆਂ ਕੰਮ ਕਰਦੀਆਂ।"

"ਕੀ ਕਹਿੰਦੀ ਸੀ ਫੇਰ?" ਚਰਨ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਕਹਿੰਦੀ ਸੀ ਬੀਬੀ ਤੁਸੀਂ ਹੁਣੇ ਦੇਸੋਂ ਆਏ ਓ, ਅਜੇ ਦੋ ਚਾਰ ਦਿਨ ਤੁਹਾਡੀ ਸੇਵਾ ਤਾਂ ਕਰ ਲਵਾਂ।"

ਚਰਨ ਸਿੰਘ ਨੂੰ ਸੁਣ ਕੇ ਚੈਨ ਜਿਹਾ ਆ ਗਿਆ ਤੇ ਉਹ ਆਪਣੀ ਖੁਸ਼ੀ ਬਲਵੰਤ ਕੌਰ ਨਾਲ ਸਾਂਝੀ ਕਰਦਿਆ ਬੋਲਿਆ, "ਜਸਵੰਤ ਦਾ ਤਾਂ ਪਹਿਲਾਂ ਤੋਂ ਈ ਸੁਭਾਅ ਠੰਡਾ ਸੀ ਤੇ ਵਹੁਟੀ ਦਾ ਸੁਭਾਅ ਤਾਂ ਉਹ ਤੋਂ ਵੀ ਚੰਗਾ ਆ। ਬਾਹਰਲੀਆਂ ਨੂੰਹਾਂ ਧੀਆਂ ਬਾਰੇ ਬੜੀਆਂ ਅਜੀਬ ਅਜੀਬ ਗੱਲਾਂ ਸੁਣਦੇ ਹੁੰਦੇ ਸੀ ਪਿੰਡ, ਤੇ ਮਨ 'ਚ ਡਰ ਬੜਾ ਸੀ ਪਈ ਖਬਰਿਆ ਕਿਹੋ ਜਿਹੀ ਹੋਊਗੀ।"

"ਉਦਾਂ ਹਜਾਰਾ ਸੌਂਹ ਦੀ ਗੱਲ ਤਾਂ ਠੀਕ ਆ, ਜਦ ਹੁਣ ਏਥੇ ਈ ਰਹਿਣਾ ਆਂ ਤਾਂ ਬੰਦੇ ਕੋਲ ਆਪਣਾ ਘਰ ਤਾਂ ਘੱਟੋ ਘੱਟ ਹੋਣਾ ਈ ਚਾਹੀਦਾ ਆ"

"ਆਪਣੇ ਪਿਛਲੇ ਜਨਮ ਦੇ ਚੰਗੇ ਕਰਮ ਕੀਤੇ ਹੋਏ ਸਾਹਮਣੇ ਆਏ ਆ ਇਹ ਤਾਂ", ਬਲਵੰਤ ਕੌਰ ਨੇ ਸੁੱਖ ਦਾ ਸਾਹ ਭਰਦਿਆਂ ਕਿਹਾ।

ਥੋੜ੍ਹੀ ਦੇਰ ਰੁੱਕ ਕੇ ਚਰਨ ਸਿੰਘ ਬੋਲਿਆ, "ਤੂੰ ਭਾਈ ਉਹਨੂੰ ਫੇਰ ਕਹੀਂ ਕੋਈ ਕੰਮ ਕੁੰਮ ਟੋਲੇ, ਮੈਂ ਜਸਵੰਤ ਨੂੰ ਵੀ ਕਹੂੰਗਾ। ਮੈਂ ਤਾਂ ਆਪ ਕਹਿੰਨਾ, ਮੈਨੂੰ ਵੀ ਕਿਤੇ ਲੁਆ ਦੇਵੇ। ਪਰ ਸਿਆਣੇ ਬੰਦੇ ਲਈ ਦਸਦੇ ਆ ਏਥੇ ਕੋਈ ਕੰਮ ਈ ਨਹੀਂ। ਬਸ ਫਾਰਮਾਂ 'ਚ ਕੰਮ ਮਿਲਦਾ ਆ ਤਾਂ ਉਹ ਹਜਾਰਾ ਸੌਂਹ ਦੱਸਦਾ ਸੀ ਪਈ ਅਜੇ ਜਾ ਕੇ ਦੋ ਢਾਈ ਮਹੀਨਿਆਂ ਤਾਈਂ ਚੱਲੂ।"

"ਚਲੋ ਇਹ ਦੋ ਢਾਈ ਮਹੀਨੇ ਵੀ ਲੰਘ ਜਾਣੇ ਆਂ, ਜਦੋਂ ਕੰਮ ਸ਼ੁਰੂ ਉਦੋਂ ਸਹੀ", ਬਲਵੰਤ ਕੌਰ ਨੇ ਕੁੜੀ ਨੂੰ ਥਾਪੜਦਿਆਂ ਕਿਹਾ ਜਿਹੜੀ ਸ਼ਾਇਦ ਉਹਨਾਂ ਦੀਆਂ ਗੱਲਾਂ ਸੁਣ ਕੇ ਜਾਗ ਪਈ ਸੀ।

ਪਹਿਲਾਂ ਤਾਂ ਜਸਵੰਤ ਵੀ ਸੁਰਜੀਤ ਦੇ ਬਾਹਰ ਕੰਮ ਕਰਨ ਦੇ ਹੱਕ ਵਿਚ ਨਹੀਂ ਸੀ ਪਰ ਫੇਰ ਉਹਨਾਂ ਦੋਹਾਂ ਦੇ ਕਹਿਣ ਤੇ ਉਹ ਵੀ ਮੰਨ ਗਿਆ। ਸੁਰਜੀਤ ਦੀ ਇਕ ਸਹੇਲੀ ਕਪੜੇ ਸੀਣ ਦਾ ਕੰਮ ਕਰਦੀ ਸੀ ਸੁਰਜੀਤ ਨੂੰ ਵੀ ਉਸਨੇ ਆਪਣੇ ਨਾਲ ਹੀ ਕੰਮ ਤੇ ਲੁਆ ਲਿਆ। ਠੰਢ ਘੱਟਣ ਲੱਗੀ ਤੇ ਥੋੜੇ ਜਿਹੇ ਦਿਨ ਪੱਧਰੇ ਹੋਏ ਤਾਂ ਫਾਰਮਾਂ ਵਿਚ ਵੀ ਕੰਮ ਚੱਲਣ ਲੱਗ ਪਏ। ਚਰਨ ਸਿੰਘ ਆਪਣੇ ਪੇਂਡੂ ਹਜਾਰਾ ਸਿੰਘ ਨਾਲ ਕੰਮ ਤੇ ਜਾਣ ਲੱਗ ਪਿਆ। ਉਹ ਸਵੇਰੇ ਸਵੱਖਤੇ ਹੀ ਤਿਆਰ ਹੋ ਕੇ ਠੇਕੇਦਾਰ ਨਾਲ ਉਸਦੀ ਵੈਨ ਵਿਚ ਬੈਠ ਜਾਂਦੇ ਤੇ ਕੰਮ ਤੇ ਪਹੁੰਚਦਿਆਂ ਨੂੰ ਉਹਨਾਂ ਨੂੰ ਦੋ ਘੰਟੇ ਲੱਗ ਜਾਂਦੇ। ਤੇ ਸ਼ਾਮ ਨੂੰ ਘਰ ਪਹੁੰਚਦਿਆਂ ਪਹੁੰਚਦਿਆਂ ਹਨੇਰਾ ਹੋ ਜਾਂਦਾ। ਪਰ ਫਾਰਮਾਂ ਵਿਚ ਦਿਨ ਵੇਲੇ ਚਰਨ ਸਿੰਘ ਦਾ ਜੀ ਲੱਗਾ ਰਹਿੰਦਾ। ਪਹਿਲਾਂ ਭਾਵੇਂ ਉਹ ਕੱਲੇ ਹਜਾਰਾ ਸਿੰਘ ਨੂੰ ਜਾਣਦਾ ਸੀ ਪਰ ਬੜੀ ਛੇਤੀ ਬਾਕੀਆਂ ਨਾਲ ਵੀ ਉਸਦੀ ਨੇੜਤਾ ਹੋ ਗਈ।

ਜਦੋਂ ਉਹ ਘਰ ਆਉਂਦਾ ਤਾਂ ਸਾਰਾ ਟੱਬਰ ਇਕੱਠੇ ਬੈਠ ਕੇ ਰੋਟੀ ਖਾਂਦੇ। ਨਿਆਣੇ ਇਕ ਦੂਜੇ ਮਗਰ ਭੱਜਦੇ, ਲੜਦੇ, ਰੌਲ੍ਹਾ ਪਾਉਂਦੇ, ਉਹਨਾਂ ਦਾ ਦਿਲ ਪਰਚਾਈ ਰੱਖਦੇ। ਬਲਵੰਤ ਕੌਰ ਉਹਨਾਂ ਨੂੰ ਰੋਕਦੀ, ਹਟਾਉਂਦੀ ਨਾਲ ਨਾਲ ਜਸਵੰਤ ਤੇ ਸੁਰਜੀਤ ਨੂੰ ਹਾਸੇ ਨਾਲ ਕਹਿੰਦੀ, "ਏਦਾਂ ਇਹ ਮੇਰੀ ਸਾਰੀ ਦਿਹਾੜੀ ਪਰੇਡ ਕਰਾਉਂਦੇ ਆ, ਮੇਰੀ ਇਕ ਵੀ ਤਾਂ ਨਹੀਂ ਸੁਣਦੇ, ਬਈ ਇਕ ਵੀ ਸੁਣ ਲੈਣ।"

ਚਰਨ ਸਿੰਘ ਉਹਨੂੰ ਛੇੜਦਿਆਂ ਕਹਿੰਦਾ, "ਦੇਖ ਲੈ ਜੇ ਇਥੇ ਪਰੇਡ ਨਹੀਂ ਕਰਨੀ ਤਾਂ ਫੇਰ ਫਾਰਮਾਂ 'ਚ ਚਲੇ ਚਲਿਆ ਕਰ। ਏਥੇ ਤਾਂ ਨਿੱਘੇ ਥਾਂ ਕਾਰਪਟ ਤੇ ਈ ਨਿਆਣਿਆਂ ਮਗਰ ਦੌੜਦੀ ਆਂ ਉਥੇ ਫਾਰਮਾਂ 'ਚ ਸਟਰਾਬੇਰੀ ਦੀਆਂ ਰੌਲ੍ਹਾਂ 'ਚ ਘਿਸੜਨਾ ਪੈਂਦਾ ਆ ਜਿਦਾਂ ਨਿਆਣੇ ਥੇਰ 'ਤੇ ਘੀਸੀ ਕਰਦੇ ਹੁੰਦੇ ਆ।"

ਬਲਵੰਤ ਕੌਰ ਅੱਗੋਂ ਹੱਸ ਕੇ ਕਹਿੰਦੀ, "ਨਾ ਬਾਬਾ ਤੂੰ ਹੀ ਕਰੀ ਜਾਇਆ ਕਰ ਘੀਸੀਆਂ ਉਥੇ ਮੈਂ ਨਹੀਂ ਜਾਂਦੀ ਵੜੇ ਫਾਰਮਾਂ ਨੂੰ। ਨਾਲੇ ਮੇਰਾ ਪੁੱਤ, ਮੇਰੀ ਨੂੰਹ ਕਮਾਉਂਦੇ ਆ, ਤੂੰ ਕਮਾਊ ਆਂ ਫੇਰ ਮੇਰੀ ਕੀ ਬਾਕੀ ਆ ਹੁਣ"।

ਜਸਵੰਤ ਵੀ ਹਾਸੇ ਵਿਚ ਆਪਣੇ ਪਿਓ ਦਾ ਪੱਖ ਲੈ ਲੈਂਦਾ ਤੇ ਕਹਿੰਦਾ, "ਦੇਖ ਲੈ ਬੀਬੀ ਜੇ ਤੂੰ ਜਾਣਾ ਆਂ ਤਾਂ ਅਸੀਂ ਨਿਆਣਿਆਂ ਦਾ ਤਾਂ ਕੋਈ ਨਾ ਕੋਈ ਪ੍ਰਬੰਧ ਕਰ ਈ ਲਵਾਂਗੇ।"

ਦੋਨਾਂ ਪਿਓ ਪੁੱਤ ਨੂੰ ਬੀਬੀ ਦੇ ਉਲਟ ਹੋਇਆ ਦੇਖ ਸੁਰਜੀਤ ਉਸਦਾ ਪੱਖ ਲੈ ਲੈਂਦੀ, "ਤੁਸੀਂ ਆਪਣੀਆਂ ਸਕੀਮਾਂ ਆਪਣੇ ਕੋਲ ਈ ਰੱਖੋ, ਅਸੀਂ ਨਹੀਂ ਆਪਣੀ ਬੇ ਜੀ ਨੂੰ ਫਾਰਮਾਂ ਨੂੰ ਭੇਜਣਾ।"

ਬਲਵੰਤ ਕੌਰ ਉਹਨਾਂ ਦੀਆਂ ਗੱਲਾਂ ਦਾ ਆਨੰਦ ਮਾਣਦੀ ਆਪਣੇ ਨਿੱਕੇ ਜਿਹੇ ਤੋਤਲੀ ਬੋਲੀ ਬੋਲਦੇ ਪੋਤੇ ਨੂੰ ਕਹਿੰਦੀ, "ਵੇ ਦੀਪਿਆ ਦੇਖ ਲੈ ਤੇਰਾ ਪਿਓ ਮੈਨੂੰ ਫਾਰਮਾਂ ਨੂੰ ਭੇਜਣ ਲੱਗਿਐ, ਜਾਇਆ ਕਰਾਂ ਮੈਂ ਵੀ ਤੇਰੇ ਬਾਬੇ ਨਾਲ, ਤੂੰ ਸਾਂਭ ਲਏਂਗਾ ਨਾ ਕੱਲਾ ਈ ਆਪਣੀ ਭੈਣ ਰਾਣੀ ਨੂੰ?"

ਦੀਪਾ ਨੱਸ ਕੇ ਆ ਕੇ ਆਪਣੀ ਦਾਦੀ ਦੇ ਗਲ ਨੂੰ ਚੰਬੜ ਜਾਂਦਾ ਤੇ ਚਾਮਲ੍ਹੀ ਹੋਈ ਆਵਾਜ਼ ਵਿਚ ਉੱਚੀ ਉੱਚੀ ਕਰਦਾ "ਨੈ, ਨੈ, ਤੂੰ ਨਈ ਜਾਣਾ"।

ਇਸ ਤੇ ਸਾਰੇ ਖਿੜ ਖਿੜਾ ਕੇ ਹੱਸ ਪੈਂਦੇ।

ਉਹਨਾਂ ਹੱਸਦੇ ਚਿਹਰਿਆਂ ਦਾ ਚੇਤਾ ਆਉਣ 'ਤੇ ਚਰਨ ਸਿੰਘ ਦੇ ਚਿਹਰੇ 'ਤੇ ਖੁਸ਼ੀ ਦੇ ਚਿੰਨ ਉਭਰੇ ਪਰ ਫੇਰ ਉਸੇ ਪੱਲ ਉਸ ਨੇ ਇਕ ਵੱਡਾ ਸਾਰਾ ਹਾਉਕਾ ਲਿਆ ਤੇ ਪਾਸਾ ਜਿਹਾ ਪਰਤ ਕੇ ਸੌਣ ਦੀ ਕੋਸ਼ਿਸ਼

ਕਰਨ ਲੱਗਾ।

ਪਰ ਨੀਂਦ ਤਾਂ ਜਿਵੇਂ ਅੱਜ ਉਸ ਨਾਲ ਉਸਦੀਆਂ ਖੁਸ਼ੀਆਂ ਵਾਂਗ ਹੀ ਰੁੱਸ ਗਈ ਸੀ। ਉਸਦਾ ਉਦਾਸ ਮਨ ਫੇਰ ਯਾਦਾਂ ਦੇ ਦੇਸ ਬੇਵਤਨੀਆਂ ਵਾਂਗ ਘੁੰਮਣ ਲੱਗਾ। ਚਰਨ ਸਿੰਘ ਨੂੰ ਉਸ ਦਿਨ ਦੀ ਯਾਦ ਕਦੀ ਨਹੀਂ ਭੁਲਦੀ ਜਿਸ ਦਿਨ ਉਨ੍ਹਾਂ ਨੇ ਆਪਣਾ ਨਵਾਂ ਘਰ ਲੈ ਕੇ ਉਸ ਵਿਚ ਅਖੰਡਪਾਠ ਕਰਵਾਇਆ ਸੀ। ਉਸ ਖੁਸ਼ੀ ਦੇ ਮੌਕੇ 'ਤੇ ਉਨ੍ਹਾਂ ਨੇ ਸਾਰੇ ਰਿਸ਼ਤੇਦਾਰ, ਪਿੰਡ ਦੇ ਸਾਰੇ ਟੱਬਰ, ਪਿੰਡ ਦੀਆਂ ਕੁੜੀਆਂ, ਮਿਲਣ ਗਿਲਣ ਵਾਲੇ ਤੇ ਖਾਸ ਕਰ ਚਰਨ ਸਿੰਘ ਨਾਲ ਫਾਰਮਾਂ ਵਿਚ ਕੰਮ ਕਰਨ ਵਾਲੇ ਉਹਦੇ ਦੋਸਤ ਵੀ ਸੱਦੇ ਸਨ। ਭੋਗ ਪੈਣ ਬਾਅਦ ਸਾਰਿਆਂ ਨੇ ਚਰਨ ਸਿੰਘ ਨੂੰ ਤੇ ਬਲਵੰਤ ਕੌਰ ਨੂੰ ਆਪਣੇ ਪੁੱਤ ਨੂੰਹ ਵਲੋਂ ਸੁਖੀ ਹੋਣ ਲਈ ਕਿਸਮਤ ਵਾਲੇ ਆਖਿਆ ਸੀ। ਘਰ ਦੀ ਬੇਸਮਿੰਟ ਅਜੇ ਬਣੀ ਹੋਈ ਨਹੀਂ ਸੀ ਤੇ ਸਾਰਿਆਂ ਨੇ ਜਸਵੰਤ ਨੂੰ ਤੇ ਚਰਨ ਸਿੰਘ ਨੂੰ ਸਲਾਹਾਂ ਦਿੱਤੀਆਂ ਪਈ ਬੇਸਮਿੰਟ ਬਣਾ ਕੇ ਕਿਰਾਏ ਤੇ ਚੜ੍ਹਾ ਦੇਵੋ, ਜਿਹਦੇ ਨਾਲ ਉਹਨਾਂ ਦੀ ਕਿਸ਼ਤ ਤੁਰੀ ਜਾਊ। ਪਰ ਜਸਵੰਤ ਨੇ ਸਾਰਿਆਂ ਨੂੰ ਕਿਹਾ ਸੀ ਕਿ ਉਹ ਅੱਗੇ ਏਨੀ ਦੇਰ ਕਿਰਾਏ ਤੇ ਰਹੇ ਆ, ਉਨੀ ਕੁ ਘਰ ਦੀ ਕਿਸ਼ਤ ਆ। ਐਵੀ ਕਾਹਦੇ ਲਈ ਬੇਸਮਿੰਟ ਕਿਰਾਏ ਤੇ ਚੜ੍ਹਾਉਣੀ ਆਂ। ਅਜੇ ਚਰਨ ਸਿੰਘ ਦੇ ਮਨ ਨੂੰ ਉਹਨਾਂ ਦੀਆਂ ਗੱਲਾਂ ਠੀਕ ਲੱਗੀਆਂ ਪਰ ਉਹਨੇ ਵੀ ਬਹੁਤਾ ਜ਼ੋਰ ਨਹੀਂ ਸੀ ਪਾਇਆ।

ਭੋਗ ਵਾਲੀ ਸ਼ਾਮ ਨੂੰ ਜਸਵੰਤ ਨੇ ਆਪਣੇ ਕੁਝ ਖਾਸ ਦੋਸਤਾਂ ਤੇ ਚਰਨ ਸਿੰਘ ਨੇ ਆਪਣੇ ਦੋ ਤਿੰਨ ਭਾਈਵੰਦਾਂ ਨੂੰ ਸ਼ਰਾਬ ਵੀ ਪਿਲਾਈ ਸੀ। ਚਰਨ ਸਿੰਘ ਨੂੰ ਯਾਦ ਆਈ ਕਿ ਜਦੋਂ ਰਾਤ ਨੂੰ ਉਹ ਬੈਠੇ ਸ਼ਰਾਬ ਪੀ ਰਹੇ ਸਨ ਤਾਂ ਉਸਦੇ ਫਾਰਮਾਂ ਦੇ ਦੋਸਤ ਦੀਦਾਰ ਸਿੰਘ ਨੇ ਥੋੜ੍ਹਾ ਜਿਹਾ ਨਸ਼ੇ 'ਚ ਆਉਂਦਿਆਂ ਕਿਹਾ ਸੀ, "ਚਰਨ ਸਿਆਂ ਤੇਰੇ ਜਸਵੰਤ ਵਰਗੇ ਪੁੱਤ ਕਨੇਡੇ 'ਚ ਘਰ ਘਰ ਨਈ ਹੈ ਗੇ ਤੈਨੂੰ ਦੱਸਾਂ। ਏਥੇ ਤਾਂ ਪਤਾ ਨਈ ਕੀ ਹਵਾ ਨੂੰ ਮਾਰ ਵੱਗੀ ਹੋਈ ਆ ਬਸ ਪੈਸੇ ਬਿਨ੍ਹਾਂ ਕੁਝ ਦਿਸਦਾ ਈ ਨਈ ਸੌਹਰਿਆਂ ਨੂੰ। ਮੈਂ ਆਹ ਨਾ ਅੱਜ ਪਹਿਲੀ ਵਾਰੀ ਤੇਰੇ ਮੁੰਡੇ ਦੇ ਮੂੰਹੋਂ ਸੁਣਿਆਂ ਪਈ ਬੇਸਮਿੰਟ ਕੀ ਕਿਰਾਏ ਤੇ ਚੜ੍ਹਾਉਣੀ ਆਂ। ਵਾਹ ਬਈ ਵਾਹ ਪੁੱਤ ਹੋਵੇ ਤਾਂ ਤੇਰੇ ਜਸਵੰਤ ਵਰਗਾ।" ਦੀਦਾਰ ਸਿੰਘ ਦੀਆਂ ਗੱਲਾਂ ਸੁਣ ਕੇ ਚਰਨ ਸਿੰਘ ਦੀ ਛਾਤੀ ਮਾਣ ਵਿਚ ਫੁਲ ਗਈ ਸੀ।

ਤੇ ਆਪਣੀ ਗੱਲ ਤੇ ਪੱਕਾ ਰਹਿੰਦਿਆਂ ਜਸਵੰਤ ਨੇ ਸੱਚੀਂ ਬੇਸਮਿੰਟ ਨਹੀ ਸੀ ਬਣਾਈ। ਉਹਨੇ ਬੱਸ ਬੇਸਮਿੰਟ ਵਿਚ ਫਾਇਰ ਪਲੇਸ ਵਾਲੇ ਪਾਸੇ ਨਿਆਣਿਆਂ ਦੇ ਖੇਡਣ ਲਈ ਤੇ ਕਿਤੇ ਆਏ ਗਏ ਦੇ ਬੈਠਣ ਲਈ ਛੋਟਾ ਜਿਹਾ ਕਮਰਾ ਬਣਾ ਲਿਆ ਸੀ। ਚਰਨ ਸਿੰਘ ਫਾਰਮਾਂ 'ਚ ਕੰਮ ਕਰਦਾ ਤੇ ਸਿਆਲ ਨੂੰ ਅਨਇੰਪਲਾਏ ਲੈਂਦਾ। ਸੁਰਜੀਤ ਸੀਣ ਦਾ ਕੰਮ ਕਰੀ ਜਾਂਦੀ। ਉਹਨਾਂ ਦੇ ਘਰ ਦਾ ਤੋਰਾ ਵਧੀਆ ਤੁਰੀ ਜਾਂਦਾ। ਘਰ ਲੈਣ ਤੋਂ ਦੂਜੇ ਸਾਲ ਹੀ ਜਦੋਂ ਸਿਆਲ ਨੂੰ ਫਾਰਮਾਂ ਦੇ ਕੰਮ ਮੁੱਕੇ ਤਾਂ ਜਸਵੰਤ ਨੇ ਜ਼ੋਰ ਪਾ ਕੇ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਦੋ ਕੁ ਮਹੀਨਿਆਂ ਲਈ ਦੇਸ ਨੂੰ ਭੇਜ ਦਿੱਤਾ। ਚਰਨ ਸਿੰਘ ਨੂੰ ਯਾਦ ਹੈ ਉਨ੍ਹਾਂ ਲਈ ਦੇਸ ਦਾ ਉਹ ਫੇਰਾ ਕਿੰਨਾ ਖੁਸ਼ੀਆਂ ਭਰਿਆ ਸੀ। ਉਹਨਾਂ ਪਿੰਡ ਜਾ ਕੇ ਬਾਬੇ ਤਾਣੇ ਦੀ ਜਗ੍ਹਾ 'ਤੇ ਅਖੰਡਪਾਠ ਕਰਵਾਇਆ ਤੇ ਨਾਲੇ ਸ਼ਹੀਦਾਂ ਦੀ ਬਣਦੀ ਜਗ੍ਹਾ ਲਈ ਪੈਸੇ ਦਿੱਤੇ ਸਨ। ਸਾਰੇ ਪਿੰਡ ਵਿਚ ਉਹਨਾਂ ਦੇ ਟੱਬਰ ਦੀ ਚੰਗੀ ਕਿਸਮਤ ਦੀਆਂ ਤੇ ਖਾਸ ਕਰ ਜਸਵੰਤ ਦੀ ਨੇਕੀ ਦੀਆਂ ਗੱਲਾਂ ਹੁੰਦੀਆਂ ਰਹੀਆਂ ਸੀ।

ਚਰਨ ਸਿੰਘ ਨੇ ਫੇਰ ਪਾਸਾ ਬਦਲਿਆ ਤੇ ਰਜਾਈ ਨੂੰ ਆਪਣੇ ਪਾਸੀ ਘੁੱਟਣ ਦੀ ਕੋਸ਼ਿਸ਼ ਕੀਤੀ। ਉਹਨੇ ਇਕ ਵਾਰ ਫੇਰ ਸਿਰਹਾਣੇ ਤੋਂ ਥੋੜ੍ਹਾ ਜਿਹਾ ਸਿਰ ਚੁੱਕ ਕੇ ਕਲਾਕ ਵੱਲ ਦੇਖਿਆ ਅਜੇ ਮਸੀਂ ਤਿੰਨ ਹੀ ਵੱਜੇ ਸੀ। ਉਸਨੇ ਅੱਖਾਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਬੇਕਾਰ ਸਾਬਤ ਹੋਈ। ਫੇਰ ਜਿਵੇਂ ਉਸਨੇ ਆਪਣੇ ਆਪ ਅੱਗੇ ਹਾਰ ਜਿਹੀ ਮੰਨ ਲਈ ਹੋਵੇ। ਆਪਣੀਆਂ ਯਾਦਾਂ ਨੂੰ ਰੋਕਣ ਦੀ ਵਜਾਏ ਉਹ ਖੁੱਦ ਹੀ ਸੱਭ ਕੁਝ ਫੋਲਣ ਲੱਗ ਪਿਆ।

ਜਦੋਂ ਉਹ ਤੇ ਬਲਵੰਤ ਕੌਰ ਦੇਸ ਗੇੜਾ ਮਾਰ ਕੇ ਆਏ ਸਨ ਤਾਂ ਉਸ ਤੋਂ ਅਗਲੇ ਕੁਝ ਮਹੀਨਿਆਂ ਵਿਚ ਦੋ ਤਿੰਨ ਅਹਿਮ ਘਟਨਾਵਾਂ ਘਟੀਆਂ ਜਿਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਮੁੜ ਕਦੀ ਪਹਿਲਾਂ ਵਾਲੀ ਲੀਹ ਤੇ ਨਾ ਆਈ। ਪਹਿਲੀ ਗੱਲ ਤਾਂ ਇਹ ਹੋਈ ਕਿ ਸੁਰਜੀਤ ਦੇ ਕੰਮ ਤੇ ਕੋਈ ਹੜਤਾਲ ਹੋ ਗਈ ਤੇ ਉਸਦਾ ਕੰਮ ਖੜ ਗਿਆ। ਘਰ ਦੀ ਕਿਸ਼ਤ ਤੇ ਹੋਰ ਖਰਚੇ ਚੱਲਣੇ ਮੁਸ਼ਕਿਲ ਹੋ ਗਏ। ਫੇਰ ਸੁਰਜੀਤ ਦੇ ਪੈਰ ਭਾਰੇ ਹੋ ਗਏ ਤੇ ਉਹ ਕੋਈ ਹੋਰ ਕੰਮ ਟੋਲਦੇ ਜਾਂਦੀ ਰਹੀ। ਉਹਨਾਂ ਦਿਨਾਂ ਵਿਚ ਮਜ਼ਬੂਰ ਹੋ ਕੇ ਜਸਵੰਤ ਨੂੰ ਬੇਸਮਿੰਟ ਬਣਾ ਕੇ ਕਿਰਾਏ ਤੇ ਚੜਾਉਣੀ ਪਈ। ਉਸੇ ਸਾਲ ਉਨ੍ਹਾਂ ਉਪਰ ਇਕ ਮੁਸੀਬਤ ਹੋਰ ਆ ਪਈ। ਜਸਵੰਤ ਦਾ ਕੰਮ ਤੇ ਜਾਂਦੇ ਦਾ ਐਕਸੀਡੈਂਟ ਹੋ ਗਿਆ। ਉਸਦੇ ਕਾਫੀ ਸੱਟਾਂ ਲੱਗੀਆਂ ਤੇ ਉਸਨੂੰ ਦੋ ਕੁ ਹਫਤੇ ਹਸਪਤਾਲ ਵੀ ਰਹਿਣਾ ਪਿਆ। ਚਰਨ ਸਿੰਘ ਨੂੰ ਯਾਦ ਹੈ ਕਿ ਅਸਲ ਵਿਚ ਇਹ ਐਕਸੀਡੈਂਟ ਹੀ ਸੀ ਜਿਸ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਰੁੱਖ ਹੋਰ ਹੀ ਪਾਸੇ ਮੋੜ ਕੇ ਰੱਖ ਦਿੱਤਾ ਸੀ।

ਸੱਟਾਂ ਲੱਗੀਆਂ ਹੋਣ ਕਰਕੇ ਜਸਵੰਤ ਸਿੰਘ ਕਿੰਨੀ ਦੇਰ ਕੰਮ ਤੇ ਨਾ ਗਿਆ। ਚਰਨ ਸਿੰਘ ਨੂੰ ਯਾਦ ਹੈ ਕਿ ਉਸਨੇ ਇਕ ਵਾਰੀ ਜਸਵੰਤ ਨੂੰ ਕਿਹਾ ਸੀ, "ਪੁੱਤ, ਜਸਵੰਤ, ਹੁਣ ਤੇਰੀਆਂ ਸੱਟਾਂ ਸੁੱਟਾਂ ਤਾਂ ਕਦੋਂ ਦੀਆਂ ਠੀਕ ਹੋ ਗਈਆਂ ਲਗਦੀਆਂ, ਤੂੰ ਹੁਣ ਕੰਮ ਤੇ ਕਿਉਂ ਨਈ ਜਾਂਦਾ?"

"ਭਾਈਆ ਘਰ ਬੈਠੇ ਨੂੰ ਪੈਸੇ ਮਿਲੀ ਜਾਂਦੇ ਆ ਕੰਮ 'ਤੇ ਕਾਹਦੇ ਲਈ ਜਾਣਾ ਆਂ?"

"ਫੇਰ ਵੀ ਪੁੱਤ ਬੰਦੇ ਨੂੰ ਜ਼ਿੰਦਗੀ 'ਚ ਵਾਹ ਲੱਗਦੀ ਨੂੰ ਇਮਾਨਦਾਰੀ ਵਰਤਣੀ ਚਾਹੀਦੀ ਆ, ਜੇ ਤੂੰ ਹੁਣ ਕੰਮ ਕਰ ਸਕਦਾ ਆਂ ਤਾਂ ਤੈਨੂੰ ਜਾਣਾ ਚਾਹੀਦਾ ਆ", ਚਰਨ ਸਿੰਘ ਨੇ ਆਪਣੇ ਦਿਲ ਦੀ ਗੱਲ ਕੀਤੀ ਤੇ ਨਾਲੇ ਉਸਨੂੰ ਡਰ ਜਿਹਾ ਲੱਗਦਾ ਸੀ ਕਿ ਕਿਤੇ ਜਸਵੰਤ ਦਾ ਕੰਮ ਹੀ ਨਾ ਟੁੱਟ ਜਾਵੇ॥

"ਭਾਈਆ ਮੈਂ ਕੋਈ ਹੇਰਾ ਫੇਰੀ ਥੋੜੋ ਕਰ ਰਿਹਾਂ। ਸਾਡਾ ਹੱਕ ਹੈ, ਅਸੀਂ ਸੱਟ ਚੋਟ ਲੱਗੀ ਤੇ ਪੈਸੇ ਲੈ ਸਕਦੇ ਆਂ, ਉਹੋ ਈ ਮੈਂ ਲੈ ਰਿਹਾਂ। ਨਾਲੇ ਸਾਰੇ ਏਦਾਂ ਕਰਦੇ ਆ, ਮੈਂ ਕਿਤੇ ਕੱਲਾ ਥੋੜ੍ਹੋ ਆਂ।"

ਚਰਨ ਸਿੰਘ ਨੂੰ ਲੱਗਾ ਸੀ ਕਿ ਜਿਵੇਂ ਉਸਨੂੰ ਕਨੇਡੇ ਦੇ ਰਸਮਾਂ ਰਿਵਾਜਾਂ ਦੀ ਸਮਝ ਨਹੀਂ ਸੀ ਆ ਰਹੀ। ਪਰ ਜਸਵੰਤ ਦੀਆਂ ਗੱਲਾਂ ਨਾਲ ਉਹਨੂੰ ਕੁਝ ਹੌਸਲਾ ਜਿਹਾ ਹੋ ਗਿਆ। ਫੇਰ ਕੁਝ ਮਹੀਨਿਆਂ ਬਾਅਦ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਸਗੋਂ ਬਹੁਤ ਹੀ ਫਿਕਰ ਹੋਣ ਲੱਗ ਪਿਆ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਸਵੰਤ ਨੂੰ ਜਿਹੜੇ ਪੈਸੇ ਮਿਲਦੇ ਸਨ ਉਹ ਮਿਲਣੇ ਬੰਦ ਹੋ ਗਏ। ਉਹਨਾਂ ਦੋਹਾਂ ਨੇ ਇਕ ਦਿਨ ਮੌਕਾ ਦੇਖ ਕੇ ਫੇਰ ਜਸਵੰਤ ਨੂੰ ਕਿਹਾ ਕਿ ਉਹ ਕੰਮ ਤੇ ਜਾਣ ਲੱਗ ਪਵੇ। ਜਸਵੰਤ ਨੇ ਹੌਲੀ ਹੌਲੀ ਉਹਨਾਂ ਨੂੰ ਦੱਸਿਆ ਸੀ ਕਿ ਉਸਦਾ ਕਾਰਾਂ ਦੀ ਬੀਮਾ ਕੰਪਨੀ ਆਈ ਸੀ ਬੀ ਸੀ ਨਾਲ ਮੁਕੱਦਮਾ ਚੱਲਦਾ ਸੀ। ਤੇ ਜਿਹੜਾ ਵਕੀਲ ਉਸਨੇ ਕੀਤਾ ਸੀ ਉਸਦਾ ਕਹਿਣਾ ਸੀ ਉਹ ਇਹ ਕੇਸ ਜ਼ਰੂਰ ਹੀ ਜਿੱਤ ਜਾਵੇਗਾ। ਉਸ ਵਕੀਲ ਨੇ ਅੱਗੇ ਵੀ ਕਈ ਲੋਕਾਂ ਦੇ ਇਹੋ ਜਿਹੇ ਕੇਸ ਜਿੱਤੇ ਸਨ। ਮੁਕੱਦਮੇ ਦਾ ਫੈਸਲਾ ਹੋਣ ਤੋਂ ਪਹਿਲਾਂ ਹੀ ਜਸਵੰਤ ਕੰਮ ਤੇ ਜਾਣ ਲੱਗ ਪਿਆ ਸੀ। ਫੇਰ ਇਕ ਦਿਨ ਘਰ ਵਿਚ ਅਚਾਨਕ ਇਕ ਖੁਸ਼ੀ ਜਿਹੀ ਪਸਰ ਗਈ। ਜਸਵੰਤ ਦੇ ਮੁਕੱਦਮੇ ਦਾ ਫੈਸਲਾ ਹੱਕ ਵਿਚ ਹੋ ਗਿਆ ਸੀ ਤੇ ਬੀਮਾ ਕੰਪਨੀ ਵਲੋਂ ਜਸਵੰਤ ਨੂੰ ਵੱਡੀ ਰਕਮ ਮਿਲਣੀ ਸੀ।



ਚਰਨ ਸਿੰਘ ਨੂੰ ਯਾਦ ਹੈ ਕਿ ਉਸ ਰਾਤ ਨੂੰ ਸੌਣ ਲੱਗਿਆਂ ਬਲਵੰਤ ਕੌਰ ਨੇ ਦੋਵੇਂ ਹੱਥ ਜੋੜ ਕੇ ਰੱਬ ਦਾ ਸ਼ੁਕਰ ਕੀਤਾ ਸੀ। ਤੇ ਉਹਨੇ ਚਰਨ ਸਿੰਘ ਨੂੰ ਦੱਸਿਆ ਸੀ ਕਿ ਜਦੋਂ ਜਸਵੰਤ ਦਾ ਐਕਸੀਡੈਂਟ ਹੋਇਆ ਸੀ ਤਾਂ ਉਸਨੇ ਮਨ 'ਚ ਪਿੰਡ ਵਾਲੀ ਜਗ੍ਹਾ ਤੇ ਇਕ ਵਾਰ ਫੇਰ ਅਖੰਡਪਾਠ ਕਰਾਉਣ ਦੀ ਸੁੱਖ ਸੁੱਖੀ ਸੀ। ਅੱਗੋਂ ਚਰਨ ਸਿੰਘ ਨੇ ਵੀ ਖੁਸ਼ ਹੁੰਦਿਆਂ ਕਿਹਾ ਸੀ ਕਿ ਇਸ ਵਾਰ ਉਹ ਸਾਰੇ ਟੱਬਰ ਨੂੰ ਲੈ ਕੇ ਪਿੰਡ ਜਾਣਗੇ। ਪਰ ਉਹਨਾਂ ਦੀ ਇਹ ਆਸ ਕਦੀ ਪੂਰੀ ਨਾ ਹੋਈ।

ਇਹ ਯਾਦ ਆਉਂਦਿਆਂ ਹੀ ਚਰਨ ਸਿੰਘ ਨੂੰ ਆਪਣੇ ਪੁੱਤ ਤੇ ਲੋਹੜੇ ਦੀ ਖਿੱਝ ਆਈ। ਫੇਰ ਉਸਨੇ ਨੇ ਜਿਵੇਂ ਆਪਣੇ ਆਪ ਨੂੰ ਸਮਝਾਉਣ ਲਈ ਕਿਹਾ, 'ਜੋ ਬੰਦੇ ਦੇ ਕਰਮਾਂ 'ਚ ਹੁੰਦਾ ਹੈ ਉਹ ਹੀ ਭੋਗਣਾ ਹੁੰਦਾ ਹੈ। ਕਰਮਾਂ ਦੀ ਈ ਗੱਲ ਹੋਈ ਕਿ ਹੱਸਦੇ ਖੇਲਦੇ ਪਰਿਵਾਰ ਤੇ ਜਦੋਂ ਲੱਛਮੀ ਦੇਵੀ ਦਿਆਲ ਹੋਈ ਤਾਂ ਖੁਸ਼ੀਆਂ ਸਮੇਟ ਕੇ ਲੈ ਗਈ।' ਕਰਮਾਂ ਨੂੰ ਦੋਸ਼ੀ ਦਰਸਾ ਕੇ ਉਹਨੂੰ ਕੁਝ ਕੁਝ ਸੋਖ ਮਹਿਸੂਸ ਹੋਈ। ਪਰ ਨੀਂਦ ਆਉਣ ਜੋਗੀ ਮਨ ਨੂੰ ਚੈਨ ਨਾ ਆਈ।

ਉਹਨੂੰ ਯਾਦ ਆਇਆ ਕਿ ਜਦੋਂ ਬੀਮਾ ਕੰਪਨੀ ਵਲੋਂ ਜਸਵੰਤ ਨੂੰ ਪੈਸੇ ਮਿਲੇ ਸਨ ਤਾਂ ਉਹਨੇ ਆਪਣੇ ਦੋਸਤ ਦੀ ਸਲਾਹ ਨਾਲ ਘਰ ਪਾਉਣ ਲਈ ਇਕ ਲਾਟ ਖਰੀਦ ਲਈ। ਪਰ ਘਰ ਪਾਉਣ ਲਈ ਉਹਨਾਂ ਨੂੰ ਪੈਸੇ ਬੈਂਕ ਤੋਂ ਚੁੱਕਣੇ ਪੈਣੇ ਸਨ। ਚਰਨ ਸਿੰਘ ਨੂੰ ਉਹਦੀ ਇਹ ਗੱਲ ਚੰਗੀ ਨਾ ਲੱਗੀ। ਚਰਨ ਸਿੰਘ ਸਮਝਦਾ ਸੀ ਕਿ ਘਰ ਤਾਂ ਹੁਣ ਉਹਨਾਂ ਕੋਲ ਵਥੇਰਾ ਵਧੀਆ ਹੈ ਹੋਰ ਕੀ ਕਰਨਾ ਹੈ। ਪਰ ਜਦੋਂ ਜਸਵੰਤ ਨੇ ਚਰਨ ਸਿੰਘ ਨੂੰ ਸਾਰੀ ਸਕੀਮ ਸਮਝਾਈ ਕਿ ਇਸ ਵਿਚ ਘਰ ਬਣਾ ਕੇ ਵੇਚ ਦਿਆਂਗੇ ਤਾਂ ਚਾਲੀ ਪੰਜਾਹ ਹਜ਼ਾਰ ਦਾ ਫਾਇਦਾ ਹੋਊਗਾ ਤਾਂ ਚਰਨ ਸਿੰਘ ਨੂੰ ਤਾਂ ਸੁਣ ਕੇ ਚਾਅ ਚੜ੍ਹ ਗਿਆ ਸੀ। ਉਹਨੇ ਆਪਣੀ ਵਲੋਂ ਜਸਵੰਤ ਨੂੰ ਪੂਰੀ ਹੱਲਾਸ਼ੇਰੀ ਦਿੱਤੀ।

ਜਸਵੰਤ ਨਾਲੇ ਮਿੱਲ ਵਿਚ ਕੰਮ ਕਰਦਾ ਤੇ ਨਾਲੇ ਘਰ ਬਣਾਉਣ ਦਾ ਕੰਮ ਕਰਨ ਲੱਗ ਪਿਆ। ਉਹਨੇ ਚਰਨ ਸਿੰਘ ਨੂੰ ਦੱਸਿਆ ਸੀ, "ਭਾਈਆ ਘਰ ਬਣਾਉਣ ਦਾ ਕੰਮ ਤਾਂ ਕੁਛ ਵੀ ਨਹੀਂ। ਸਾਡੀ ਮਿੱਲ ਵਿਚ ਕੰਮ ਕਰਦੇ ਦੋ ਤਿੰਨ ਜਣੇ ਇਹ ਕੰਮ ਪਿਛਲੇ ਕਈ ਸਾਲਾਂ ਦੇ ਕਰਦੇ ਆ ਤੇ ਸਾਲ ਵਿਚ ਇਕ ਦੋ ਘਰ ਬਣਾ ਕੇ ਵੇਚ ਦਿੰਦੇ ਆ। ਨਾਲੇ ਆਪ ਤਾਂ ਕੁਛ ਕਰਨਾ ਈ ਨਹੀਂ ਪੈਣਾਂ, ਸਿਰਫ ਠੇਕੇਦਾਰਾਂ ਨੂੰ ਠੇਕੇ ਦੇਣੇ ਆਂ। ਕਿਸੇ ਨੂੰ ਘਰ ਦੀ ਚਾਰ ਦਿਵਾਰੀ ਖੜੀ ਕਰਨ ਦਾ, ਕਿਸੇ ਨੂੰ ਛੱਤ ਪਾਉਣ ਦਾ, ਕਿਸੇ ਨੂੰ ਬਾਹਰ ਸਟੱਕੋ ਕਰਨ ਦਾ, ਕਿਸੇ ਨੂੰ ਬਿਜਲੀ ਲਾਉਣ ਦਾ ਤੇ ਕਿਸੇ ਨੂੰ ਪਲੰਬਿੰਗ ਲਾਉਣ ਦਾ ਤੇ ਮਗਰੋਂ ਆਪਾਂ ਵੇਚ ਕੇ ਚਾਲੀ ਪੰਜਾਹ ਹਜ਼ਾਰ ਡਾਲਰ ਸਿੱਧਾ ਬੈਂਕ 'ਚ। ਮਿੱਲ 'ਚ ਕੰਮ ਕਰਦਿਆਂ ਤਾਂ ਏਨੇ ਪੈਸੇ ਜੋੜਨ ਨੂੰ ਕਈ ਸਾਲ ਲੱਗ ਜਾਂਦੇ ਆ।" ਜਸਵੰਤ ਦੇ ਗੱਲ ਕਰਨ ਦੇ ਤਰੀਕੇ ਤੋਂ ਚਰਨ ਸਿੰਘ ਨੂੰ ਵੀ ਇਸ ਗੱਲ ਦਾ ਪੂਰਾ ਵਿਸ਼ਵਾਸ ਹੋ ਗਿਆ ਕਿ ਜਿਵੇਂ ਚਾਲੀ ਪੰਜਾਹ ਹਜ਼ਾਰ ਡਾਲਰ ਬੱਸ ਬੈਂਕ ਵਿਚ ਹੀ ਪਿਆ ਹੋਵੇ ਤੇ ਉਹਨਾਂ ਦੇ ਸਿਰਫ ਹਾਂ ਕਹਿਣ ਦੀ ਦੇਰ ਸੀ ਕਿ ਉਹ ਪੈਸੇ ਉਨ੍ਹਾਂ ਦੇ ਹੋ ਜਾਣੇ ਸਨ। ਚਰਨ ਸਿੰਘ ਨੂੰ ਜਸਵੰਤ ਦੀਆਂ ਇਹ ਸਕੀਮਾਂ ਬਹੁਤ ਹੀ ਵਧੀਆ ਲੱਗਦੀਆਂ ਤੇ ਉਹ ਰਾਤ ਨੂੰ ਬਲਵੰਤ ਕੌਰ ਨੂੰ ਸਾਰੀਆਂ ਗੱਲਾਂ ਏਦਾਂ ਦੱਸਦਾ ਤੇ ਸਮਝਾਉਂਦਾ ਜਿਦਾਂ ਉਹਨੂੰ ਦੱਸ ਕੇ ਉਹ ਪੱਕ ਕਰਨਾ ਚਾਹੁੰਦਾ ਹੋਵੇ ਪਈ ਉਹਨੂੰ ਆਪ ਸਾਰੀ ਗੱਲ ਦੀ ਸਮਝ ਆ ਗਈ ਹੈ ਕਿ ਨਹੀਂ।

ਜਸਵੰਤ ਨੇ ਘਰ ਪਾਉਣਾ ਸ਼ੁਰੂ ਕਰ ਲਿਆ। ਘਰ ਦੀ ਪਲੈਨ ਬਣਵਾਉਣ, ਸਿਟੀ ਤੋਂ ਪਾਸ ਕਰਵਾਉਣ ਦੇ ਕੰਮ ਤੋਂ ਲੈ ਕੇ ਠੇਕੇਦਾਰਾਂ ਨਾਲ ਗੱਲਬਾਤ ਕਰਨ ਦੇ ਚੱਕਰ ਵਿਚ ਪਏ ਜਸਵੰਤ ਨੂੰ ਤਾਂ ਕੰਮ ਤੋਂ ਆ ਕੇ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਨਾ ਕਦੀ ਉਹਦੇ ਕੋਲ ਨਿਆਣਿਆਂ ਨਾਲ ਗੱਲ ਕਰਨ ਦਾ ਵਕਤ ਹੁੰਦਾ ਸੀ ਤੇ ਨਾ ਹੀ ਕਿਸੇ ਹੋਰ ਨਾਲ। ਜਿਹਨਾਂ ਦਿਨਾਂ ਵਿਚ ਉਹਦੀ ਕੰਮ ਤੇ ਰਾਤ ਦੀ ਸ਼ਿਫਟ ਹੁੰਦੀ ਉਹ ਮਸੀਂ ਦੋ ਚਾਰ ਘੰਟੇ ਹੀ ਸੌਂਦਾ ਤੇ ਫੇਰ ਉਠ ਕੇ ਚੱਲ ਸੋ ਚੱਲ। ਕਦੀ ਕਿਸੇ ਨੂੰ ਫੋਨ ਕਰ ਕਦੀ ਕਿਸੇ ਠੇਕੇਦਾਰ ਨਾਲ ਖਹਿਬੜ, ਕਦੀ ਕਿਸੇ ਨਾਲ। ਠੇਕੇਦਾਰ ਵੀ ਬਹੁਤੇ ਆਪਣੇ ਹੀ ਬੰਦੇ ਸਨ ਤੇ ਉਹ ਕੰਮ ਦਾ ਲਾਰਾ ਲਾ ਦਿੰਦੇ ਤੇ ਮੌਕੇ ਸਿਰ ਕਰਦੇ ਕਦੀ ਨਾ। ਜਸਵੰਤ ਸਿੰਘ ਕਦੀ ਇਕ ਪਾਸੇ ਨੂੰ ਨੱਠਦਾ ਕਦੀ ਦੂਜੇ ਨੂੰ।

ਜਿੰਨੇ ਮਹੀਨੇ ਘਰ ਦਾ ਕੰਮ ਚਲਦਾ ਰਿਹਾ ਚਰਨ ਸਿੰਘ ਦਾ ਵੀ ਸਾਰਾ ਵਕਤ ਘਰ ਦੇ ਚੱਕਰਾਂ ਵਿਚ ਹੀ ਲੰਘਦਾ। ਜਸਵੰਤ ਕਦੀ ਉਹਨੂੰ ਇਧਰੋਂ ਮਿੱਟੀ ਪੁੱਟ ਕੇ ਉਧਰ ਸੁੱਟਣ ਲਾ ਦੇਂਦਾ ਤੇ ਕਦੀ ਕੋਈ ਲਕੜਾਂ ਇਕ ਪਾਸੇ ਚੁੱਕ ਕੇ ਦੂਜੇ ਪਾਸੇ ਰੱਖਣ ਲਾ ਦੇਂਦਾ ਤੇ ਕਦੀ ਕੁਝ ਕਰਨ। ਨਹੀਂ ਤਾਂ ਉਹਨੂੰ ਕਹਿ ਦੇਂਦਾ ਪਈ ਜਿੰਨਾ ਚਿਰ ਆਹ ਠੇਕੇਦਾਰ ਦੇ ਬੰਦੇ ਫਲਾਣਾ ਕੰਮ ਕਰਦਾ ਆ ਇਹਨਾਂ ਦਾ ਖਿਆਲ ਰੱਖੀਂ।

ਪਰ ਜਦੋਂ ਜਸਵੰਤ ਨੇ ਚਰਨ ਸਿੰਘ ਨੂੰ ਸਾਰੀ ਸਕੀਮ ਸਮਝਾਈ ਕਿ ਇਸ ਵਿਚ ਘਰ ਬਣਾ ਕੇ ਵੇਚ ਦਿਆਂਗੇ ਤਾਂ ਚਾਲੀ ਪੰਜਾਹ ਹਜ਼ਾਰ ਦਾ ਫਾਇਦਾ ਹੋਊਗਾ ਤਾਂ ਚਰਨ ਸਿੰਘ ਨੂੰ ਤਾਂ ਸੁਣ ਕੇ ਚਾਅ ਚੜ੍ਹ ਗਿਆ ਸੀ।

ਚਰਨ ਸਿੰਘ ਨੂੰ ਬੜੀ ਖਿੱਝ ਆਉਂਦੀ। ਉਸਨੇ ਸਾਰੀ ਉਮਰ ਕੰਮ ਤਾਂ ਡੱਟ ਕੇ ਕੀਤਾ ਸੀ ਪਰ ਉਸਨੇ ਬੜੀ ਟਿੱਕ ਕੇ ਜ਼ਿੰਦਗੀ ਗੁਜ਼ਾਰੀ ਸੀ। ਕਈ ਵਾਰ ਉਹ ਥੱਕਿਆ ਤੇ ਖਿਝਿਆ ਜਿਹਾ ਬਲਵੰਤ ਕੌਰ ਕੋਲ ਸ਼ਕਾਇਤ ਲਾਉਂਦਾ, "ਇਹ ਵੀ ਕੀ ਜੂਨ ਹੋਈ ਬਈ ਸਾਰੀ ਦਿਹਾੜੀ ਬੰਦਾ ਸੂਲੀ ਤੇ ਈ ਚੜਿਆ ਰਹੇ। ਜਿਦਣ ਦਾ ਆ ਘਰ ਦਾ ਕੰਮ ਸ਼ੁਰੂ ਕੀਤਾ ਆ ਮੁੰਡਾ ਇਕ ਪੱਲ ਨਾ ਤਾਂ ਆਪ ਰਮਾਨ ਨਾਲ ਘਰ ਬੈਠਾ ਆ ਤੇ ਨਾ ਕਿਸੇ ਹੋਰ ਨੂੰ ਬੈਠਣ ਦਿੱਤਾ।"

ਬਲਵੰਤ ਕੌਰ ਦਾ ਵੀ ਇਹੋ ਜਿਹਾ ਹੀ ਵਿਚਾਰ ਸੀ, "ਪੈਸੇ ਤਾਂ ਮੰਨਿਆ ਬਣ ਜਾਣਗੇ ਪਰ ਮੁੰਡੇ ਦਾ ਤਾਂ ਸੁਭਾਅ ਈ ਬੜਾ ਖਰਵਾ ਜਿਹਾ ਹੋਈ ਜਾਂਦਾ ਆ, ਜਦੋਂ ਵੀ ਬੋਲਦਾ ਖਿਝ ਕੇ ਬੋਲਦਾ ਆ। ਮੈਂ ਕੱਲ ਕਹਿ ਬੈਠੀ ਪਈ ਛੋਟੀ ਕੁੜੀ ਨੂੰ ਬੁਖਾਰ ਜਿਹਾ ਹੋਇਆ ਲੱਗਦਾ ਆ ਤੂੰ ਇਹਨੂੰ ਡਾਕਟਰ ਦੇ ਈ ਦਿਖਾਲ ਲਿਆ ਕਿਸੇ ਵੇਲੇ, ਤਾਂ ਅੱਗਿਓਂ ਨੱਠ ਕੇ ਪਿਆ, ਅਖੇ ਮੇਰੇ ਕੋਲ ਤਾਂ ਮਰਨ ਦੀ ਵਿਹਲ ਨਈ, ਕੁੜੀ ਨੂੰ ਮੈਂ ਡਾਕਟਰ ਦੇ ਕਦੋਂ ਲੈ ਜਾਊਂਗਾ? ਅਖੇ ਜੇ ਨਾ ਠੀਕ ਹੋਈ ਤਾਂ ਕੱਲ ਨੂੰ ਜੀਤੀ ਨੂੰ ਕਹਿ ਦੇਈਂ ਤਕਾਲਾਂ ਨੂੰ ਕੰਮ ਤੋਂ ਬਾਅਦ ਲੈ ਜਾਵੇ।"

"ਇਕ ਵਾਰੀ ਇਹ ਕਰ ਲਿਆ ਮੁੜ ਕੇ ਉਹਨੂੰ ਕਹਿਣਾ ਆਂ ਏਸ ਕੰਮ ਵਿਚ ਨਾ ਪਵੇ। ਬੜਾ ਸੁਹਣਾ ਮਿੱਲ 'ਚ ਉਹਦਾ ਕੰਮ ਲੱਗਾ ਆ, ਸਰੀ ਜਾਊਗਾ। ਨਾਲੇ ਬੰਦਾ ਥੋੜੀ ਖਾ ਲਵੇ ਜ਼ਰੂਰੀ ਥੋੜ੍ਹੋ ਆ ਪਈ ਸਾਰੇ ਕੰਮਾਂ ਵਿਚ ਦੂਜੇ ਲੋਕਾਂ ਦੀ ਰੀਸ ਈ ਕਰਨੀ ਆਂ।"

ਘਰ ਦਾ ਕੰਮ ਖਤਮ ਹੋਏ 'ਤੇ ਸਾਰੇ ਟੱਬਰ ਨੇ ਸੁੱਖ ਦਾ ਸਾਹ ਲਿਆ। ਘਰ ਵਿਚ ਅਜੇ ਕਾਰਪਿੱਟ ਪਾਉਣ ਵਾਲੀ ਤੇ ਹੋਰ ਵੀ ਨਿੱਕੇ ਮੋਟੇ ਕੰਮ ਖਤਮ ਹੋਣ ਵਾਲੇ ਰਹਿੰਦੇ ਸਨ ਕਿ ਇਕ ਪੰਜਾਬੀ ਰੀਅਲ ਅਸਟੇਟ ਏਜੰਟ ਨੇ ਚੀਨਿਆਂ ਨਾਲ ਘਰ ਦਾ ਸੌਦਾ ਕਰਾ ਦਿੱਤਾ। ਜਸਵੰਤ ਬਹੁਤ ਖੁਸ਼ ਸੀ। ਉਹ ਕਹਿ ਰਿਹਾ ਸੀ ਕਿ ਉਹਨਾਂ ਦੀ ਕਿਸਮਤ ਬਹੁਤ ਵਧੀਆ ਨਿਕਲੀ। ਘਰਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਸਨ। ਘਰ ਵਿਚੋਂ ਉਹਨਾਂ ਨੂੰ ਸੱਚ ਮੁੱਚ ਹੀ ਪੰਜਾਹ ਹਜ਼ਾਰ ਡਾਲਰ ਬੱਚ ਗਿਆ।

ਏਨੀ ਵੱਡੀ ਰਕਮ ਦਾ ਫਾਇਦਾ ਸੁਣ ਕੇ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਵੀ ਬਹੁਤ ਖੁਸ਼ ਹੋਏ। ਚਰਨ ਸਿੰਘ ਨੂੰ ਪਿਛਲੇ ਮਹੀਨਿਆਂ ਦੀ ਖਿੱਝ ਤੇ ਥਕਾਵਟ ਦਾ ਜਿਵੇਂ ਚਿੱਤ ਚੇਤਾ ਈ ਭੁੱਲ ਗਿਆ। ਉਹ ਆਪਣੇ ਅੰਦਰ ਦੀ ਖੁਸ਼ੀ ਨੂੰ ਬਲਵੰਤ ਕੌਰ ਨਾਲ ਸਾਂਝਿਆਂ ਕਰਦਿਆ ਬੋਲਿਆ, "ਬਲਵੰਤ ਕੌਰੇ ਹੁਣ ਤਾਂ ਮੁੰਡੇ ਨੂੰ ਕਹੀਏ ਪਈ ਦੋਵੇਂ ਜਣੇ ਕੰਮ ਤੋਂ ਮਹੀਨੇ ਮਹੀਨੇ ਦੀਆਂ ਛੁੱਟੀਆਂ ਲੈਣ ਤਾਂ ਪਿੰਡ ਨੂੰ ਚੱਲੀਏ ਸਾਰਾ ਟੱਬਰ।"

ਬਲਵੰਤ ਕੌਰ ਦਾ ਵੀ ਦਿਲ ਉਡ ਕੇ ਪਿੰਡ ਜਾ ਪਹੁੰਚਣ ਨੂੰ ਕਰਦਾ ਜਾਪਿਆ, "ਜੇ ਕਿਤੇ ਸੱਚੀਂ ਮੰਨ ਜਾਣ ਤਾਂ ਮੇਰੀਆਂ ਤਾਂ ਸਾਰੀਆਂ ਰੀਝਾਂ ਪੂਰੀਆਂ ਹੋ ਜਾਣ।"

"ਮੰਨਣ ਨੂੰ ਕਿਉਂ ਨਾ ਮੰਨਣਗੇ। ਅੱਜ ਤਾਂਈ ਉਹਨੀ ਕਦੀ ਆਪਣਾ ਕਿਹਾ ਮੋੜਿਆ। ਨਾਲੇ ਤਾਂ ਨਿਆਣਿਆਂ ਨੂੰ ਪਿੱਛੇ ਘਰ ਬਾਰ ਦਿਖਾ ਲਿਆਂਵਾਂਗੇ ਤੇ ਨਾਲੇ ਮੇਰੇ ਦਿਲ 'ਚ ਆ ਪਈ ਆਪਣੇ ਬਾਹਰਲੇ ਖੂਹ ਨਾਲ ਲਗਦੇ ਦੋ ਖੱਤੇ ਭਗਤੂ ਅਮਲੀ ਕੋਲੋਂ ਲੈ ਲੈਂਦੇ। ਉਹਨੇ ਤਾਂ ਹੋਰ ਸਾਲ ਛੇ ਤਾਂਈ ਕਿਸੇ ਨਾ ਕਿਸੇ ਨੂੰ ਦੇ ਈ ਦੇਣੇ ਆਂ। ਖਬਰੇ ਹਜਾਰਾ ਸੌਂਹ ਹੋਣੀ ਈ ਹੱਥ ਮਾਰ ਜਾਣ। ਏਥੇ ਤਾਂ ਠੀਕ ਆ ਪਿੱਛੇ ਦਾ ਹੁਣ ਕਿਤੇ ਆਪਾਂ ਚੇਤਾ ਈ ਥੋੜ੍ਹੋ ਭੁਲਾ ਦੇਣਾ ਆਂ।"

"ਜਮੀਨ ਜਮੂਨ ਲੈਣ ਲਈ ਐਵੀਂ ਮੁੰਡੇ ਤੇ ਜ਼ੋਰ ਨਾ ਪਾਵੀਂ। ਏਸ ਗੱਲ ਨੂੰ ਉਹਨੇ ਨਈ ਮੰਨਣਾ। ਉਦਾਂ ਪਿੰਡ ਨੂੰ ਜਾਣ ਨੂੰ ਮੰਨਾਉਂਦੇ ਆਂ ਜੇ ਗੱਲ ਬਣੇ ਤਾਂ।" ਬਲਵੰਤ ਕੌਰ ਦੀ ਸਲਾਹ ਸੀ।

"ਪਰ ਜਮੀਨ ਤੇ ਕਿਤੇ ਕਿੰਨੇ ਕੁ ਪੈਸੇ ਲੱਗਣੇ ਆਂ। ਅੱਜ ਕੱਲ ਤਾਂ ਦਸਦੇ ਆ ਡਾਲਰਾਂ ਦੇ ਲੋਹੜੇ ਦੇ ਰੁਪਈਏ ਬਣਦੇ ਆ।" ਚਰਨ ਸਿੰਘ ਦੇ ਮਨ ਵਿਚ ਜਮੀਨ ਲੈਣ ਦਾ ਖਿਆਲ ਘਰ ਕਰੀ ਬੈਠਾ ਸੀ।

"ਜਮੀਨ ਲੈ ਕੇ ਕਰੇਂਗਾ ਵੀ ਕੀ। ਕਿਨੇ ਸਾਂਭਣੀ ਆਂ ਹੁਣ ਜਮੀਨ ਪਿੱਛੇ। ਨਾ ਤੈਂ ਹੁਣ ਖੇਤੀ ਕਰਨੀ ਆਂ। ਨਾ ਜਸਵੰਤ ਨੇ ਜਾਣਾ ਏਥੋਂ ਸੱਭ ਕੁਛ ਛੱਡ ਛਡਾ

ਕੇ। ਨਿਆਣਿਆਂ ਦਾ ਤਾਂ ਤੈਨੂੰ ਪਤਾ ਈ ਆ।"

ਬਲਵੰਤ ਕੌਰ ਦੀ ਗੱਲ ਚਰਨ ਸਿੰਘ ਦੇ ਮਨ ਤਾਂ ਲੱਗਦੀ ਸੀ ਪਰ ਫੇਰ ਵੀ ਉਸਦੇ ਦਿਲ 'ਚ ਸੀ ਕਿ ਆਪਣੀ ਜਮੀਨ ਨਾਲ ਲੱਗਦੇ ਖੇਤ ਛੱਡਣੇ ਕੋਈ ਸਿਆਣੀ ਗੱਲ ਨਹੀਂ ਸੀ।

ਚਰਨ ਸਿੰਘ ਦੇ ਮਨ ਦੀ ਗੱਲ ਸਮਝਦਿਆਂ ਬਲਵੰਤ ਕੌਰ ਨੇ ਕਿਹਾ, "ਜਮੀਨ ਦੀ ਵੀ ਕਰ ਲਈਂ ਕਿਤੇ ਮੁੰਡੇ ਨਾਲ ਗੱਲ, ਪਰ ਪਹਿਲਾਂ ਉਹਨੂੰ ਦੇਸ ਨੂੰ ਜਾਣ ਨੂੰ ਤਾਂ ਮਨਾ"।

"ਤੂੰ ਫਿਕਰ ਨਾ ਕਰ ਕੱਲ੍ਹ ਨੂੰ ਈ ਕਰਦੇ ਆਂ ਉਹਦੇ ਨਾਲ ਗੱਲ", ਚਰਨ ਸਿੰਘ ਨੇ ਪੂਰੇ ਵਿਸ਼ਵਾਸ ਨਾਲ ਕਿਹਾ ਸੀ।

ਪਰ ਜਸਵੰਤ ਨੇ ਉਹਨਾਂ ਨੂੰ ਗੱਲ ਕਰਨ ਦਾ ਮੌਕਾ ਹੀ ਨਹੀਂ ਸੀ ਦਿੱਤਾ। ਉਹਨਾਂ ਨੂੰ ਪਤਾ ਈ ਉਦੋਂ ਲੱਗਾ ਜਦੋਂ ਜਸਵੰਤ ਨੇ ਬਣੇ ਪੈਸਿਆਂ ਨਾਲ ਦੋ ਹੋਰ ਨਵੀਆਂ ਲਾਟਾਂ ਖਰੀਦ ਲਈਆਂ ਤੇ ਦੋ ਘਰ ਪਾਉਣ ਦੀ ਸਕੀਮ ਬਣਾ ਲਈ। ਚਰਨ ਸਿੰਘ ਨੇ ਉਹਨੂੰ ਰੋਕਣ ਦੀ ਕੋਸ਼ਿਸ਼ ਕੀਤੀ, "ਦੇਖ ਕਾਕਾ ਇਹ ਕੰਮ ਮੈਨੂੰ ਤਾਂ ਏਨਾ ਸੁਖਾਲਾ ਨਹੀਂ ਲੱਗਦਾ। ਸਾਰੀ ਦਿਹਾੜੀ ਭੱਜ ਨੱਠ, ਫੇਰ ਤੂੰ ਕੰਮ ਤੇ ਵੀ ਜਾਣਾ ਹੁੰਦਾ ਆ। ਨਿਆਣੇ ਵਾਧੂ ਦੇ ਰੁਲਦੇ ਆ। ਤੇਰੇ ਕੋਲ ਤਾਂ ਕਦੀ ਟੈਮ ਨਹੀਂ ਹੁੰਦਾ ਉਹਨਾਂ ਨਾਲ ਗੱਲ ਕਰਨ ਦਾ ਵੀ।"

"ਪਰ ਭਾਈਆ ਪਹਿਲੀ ਵਾਰੀ ਹੋਣ ਕਰਕੇ ਆਪਾਂ ਨੂੰ ਜ਼ਿਆਦਾ ਮੁਸ਼ਕਿਲ ਆਈ ਆ ਹੁਣ ਦੇਖੀਂ ਤੂੰ ਫਟਾਫਟ ਆਪਣੇ ਆਪ ਕੰਮ ਹੁੰਦਾ।"

ਜਸਵੰਤ ਦੀ ਗੱਲ ਤੇ ਗੱਲ ਕਰਨ ਦੇ ਅੰਦਾਜ਼ ਤੋਂ ਚਰਨ ਸਿੰਘ ਨੂੰ ਲੱਗਾ ਕਿ ਹੁਣ ਉਸਨੂੰ ਇਸ ਕੰਮ ਤੋਂ ਹਟਾਉਣਾ ਮੁਸ਼ਕਿਲ ਹੈ। ਪਰ ਫੇਰ ਵੀ ਉਸਨੇ ਇਕ ਵਾਰੀ ਹੋਰ ਕੋਸ਼ਿਸ਼ ਕੀਤੀ, "ਪੁੱਤ ਟੱਬਰ ਵੱਲ ਧਿਆਨ ਦੇਣਾ ਵੀ ਤਾਂ ਜ਼ਰੂਰੀ ਹੈ ਕਿ ਨਹੀਂ, ਕੀ ਪੈਸਾ ਈ ਸੱਭ ਕੁਛ ਹੁੰਦਾ ਆ?"

ਜਸਵੰਤ ਚਰਨ ਸਿੰਘ ਦੀ ਗੱਲ ਤੋਂ ਖਿਝ ਗਿਆ ਸੀ ਤੇ ਕਹਿਣ ਲੱਗਾ, "ਭਾਈਆ ਤੂੰ ਐਵੀਂ ਆਪਣੀਆਂ ਮਾਰੀ ਜਾਂਨਾ ਆਂ, ਟੱਬਰ ਕਿੱਥੇ ਨੂੰ ਦੌੜਿਆ ਜਾਂਦਾ ਆ। ਹੁਣ ਮੌਕਾ ਵਧੀਆ ਆ ਜੇ ਇਹ ਦੋ ਘਰ ਵੀ ਛੇਤੀ ਏਣੀ ਬਣਾ ਕੇ ਵੇਚ ਦੇਈਏ ਤਾਂ ਸਾਰੀ ਉਮਰ ਮੌਜ ਕਰਾਂਗੇ।"

ਚਰਨ ਸਿੰਘ ਨੂੰ ਜਸਵੰਤ ਦਾ ਰਵੱਈਆ ਚੰਗਾ ਨਹੀਂ ਸੀ ਲੱਗਾ ਪਰ ਉਹ ਕਰ ਵੀ ਕੀ ਸਕਦਾ ਸੀ। ਉਸਨੂੰ ਬਲਵੰਤ ਕੌਰ ਦੇ ਮੂੰਹ ਵੱਲ ਦੇਖ ਕੇ ਬੜਾ ਦੁੱਖ ਹੋਇਆ



ਪਰ ਉਹ ਦੋਵੇਂ ਆਪਣੇ ਆਪ ਨੂੰ ਬੇਬੱਸ ਸਮਝਦੇ ਸਨ। ਉਂਝ ਘਰਾਂ ਦੇ ਕੰਮ 'ਚੋਂ ਏਨਾ ਫਾਇਦਾ ਹੋਣ ਦੀ ਗੱਲ ਚਰਨ ਸਿੰਘ ਨੂੰ ਵੀ ਬਹੁਤ ਵਧੀਆ ਲੱਗਦੀ। ਤੇ ਕਈ ਵਾਰੀ ਜਦੋਂ ਬਲਵੰਤ ਕੌਰ ਜ਼ਿਆਦਾ ਨਿਰਾਸ਼ਾ ਭਰੀਆਂ ਗੱਲਾਂ ਕਰਦੀ ਤਾਂ ਉਹ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ, ਕਿ ਦੇਸ ਨੂੰ ਤਾਂ ਉਹ ਅਗਲੇ ਸਾਲ ਵੀ ਜਾ ਸਕਦੇ ਆ। ਪਰ ਉਹਨੂੰ ਲੱਗਦਾ ਕਿ ਉਹ ਉਨਾਂ ਬਲਵੰਤ ਕੌਰ ਨੂੰ ਨਹੀਂ ਜਿੰਨਾ ਆਪਣੇ ਆਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਚਰਨ ਸਿੰਘ ਨੇ ਜਸਵੰਤ ਨੂੰ ਟੋਕਣੋ ਛੱਡ ਦਿੱਤਾ। ਘਰ ਦਾ ਜੀਵਨ ਆਪਣੀ ਤੇਜ ਤੋਰੇ ਤੁਰਨ ਲੱਗ ਪਿਆ। ਰੋਜ ਦੀ ਨੱਠ ਭੱਜ ਚਰਨ ਸਿੰਘ ਨੂੰ ਅਜੀਬ ਜਿਹੀ ਲੱਗਦੀ। ਦਿਨ ਖਤਮ ਹੋਣ ਤਾਂਈ ਉਹ ਥੱਕ ਜਾਂਦਾ ਤੇ ਸੋਚਦਾ ਕਿ ਕੋਈ ਅਜਿਹੀ ਸ਼ਕਤੀ ਹੋਵੇ ਜਿਹੜੀ ਸਾਰੇ ਕੰਮਾਂ ਨੂੰ ਅੱਜ ਹੀ, ਏਥੇ ਹੀ ਖਤਮ ਕਰ ਦੇਵੇ। ਉਸਨੂੰ ਰਾਤ ਨੂੰ ਸਪਨੇ ਵੀ ਏਸੇ ਤਰ੍ਹਾਂ ਦੇ ਹੀ ਅਉਂਦੇ। ਸੁਪਨੇ ਵਿਚ ਉਹ ਕਾਹਲੀ ਕਾਹਲੀ ਕਿਸੇ ਦੂਰ ਦੇ ਸਫਰ ਤੇ ਜਾਣ ਦੀ ਤਿਆਰੀ ਕਰ ਰਹੇ ਹੁੰਦੇ। ਵਾਹੋਦਾਹੀ ਸਮਾਨ ਇਕੱਠਾ ਕਰ ਰਹੇ ਹੁੰਦੇ। ਰਿਸ਼ਤੇਦਾਰਾਂ ਨੂੰ ਮਿਲਦੇ ਗਿਲਦੇ, ਸੱਭ ਕੁਝ ਕਾਹਲੀ ਕਾਹਲੀ ਕਰਦੇ। ਪਰ ਹਰ ਵਾਰੀ ਉਸਦਾ ਸੁਪਨਾ ਤਿਆਰੀ ਵਿਚ ਹੀ ਗੁਜ਼ਰ ਜਾਂਦਾ। ਸੁਪਨੇ ਵਿਚ ਉਸਨੇ ਕਦੀ ਵੀ ਆਪਣੇ ਆਪ ਨੂੰ ਕਿਸੇ ਸਫਰ ਤੇ ਜਾਂਦਿਆਂ ਨਹੀਂ ਸੀ ਦੇਖਿਆ ਬੱਸ ਤਿਆਰੀ ਕਰਦਿਆਂ ਹੀ ਦੇਖਦਾ।

ਜਸਵੰਤ ਨੇ ਉਹ ਦੋ ਘਰ ਬਣਾਏ ਤੇ ਵੇਚ ਲਏ। ਉਸ ਵਿਚੋਂ ਵੀ ਉਸਨੂੰ ਵਾਹਵਾ ਪੈਸੇ ਬਣੇ। ਤੇ ਫੇਰ ਉਹ ਪੈਸੇ ਉਸਨੇ ਹੋਰ ਲਾਟਾਂ ਤੇ ਲਾਏ ਤੇ ਹੋਰ ਘਰ ਬਣਾਏ। ਪਰ ਫੇਰ ਇਕ ਵਾਰੀ ਉਹਦੇ ਬਣਾਏ ਹੋਏ ਤਿੰਨ ਘਰ ਵਿਕਣ ਵਿਚ ਹੀ ਨਾ ਆਉਣ। ਘਰ ਵੀ ਕਾਫੀ ਵੱਡੇ ਵੱਡੇ ਸਨ ਤੇ ਜਸਵੰਤ ਨੇ ਜਿੰਨੇ ਕੋਲ ਪੈਸੇ ਸੀ ਉਹ ਹੀ ਨਹੀਂ ਉਹਨਾਂ ਤੇ ਬੈਂਕ ਕੋਲੋਂ ਵੀ ਕਾਫੀ ਕਰਜਾ ਚੱਕ ਕੇ ਲਾਇਆ ਹੋਇਆ ਸੀ। ਹਾਰ ਕੇ ਖਿੱਝ ਕੇ ਉਸਨੇ ਦੋ ਘਰ ਸਸਤੇ ਹੀ ਵੇਚ ਦਿੱਤੇ ਤੇ ਤੀਜੇ ਵਿਚ ਆਪ ਰਹਿਣ ਲੱਗ ਪਏ। ਪਰ ਫੇਰ ਵੀ ਉਸ ਕੋਲ ਏਨੇ ਕੁ ਪੈਸੇ ਸਨ ਕਿ ਉਹਨੇ ਤਿੰਨ ਲਾਟਾਂ ਹੋਰ ਲੈ ਲਈਆਂ ਅਤੇ ਉਹਨਾਂ ਵਿਚੋਂ ਇਕ ਵਿਚ ਘਰ ਪਾਉਣ ਲੱਗ ਪਿਆ।

ਜਸਵੰਤ ਘਰ ਬਣਾਉਂਦਾ, ਵੇਚ ਦਿੰਦਾ। ਪੈਸੇ ਬਣ ਜਾਂਦੇ, ਉਸ ਤੋਂ ਵੱਧ ਬਣਾਉਣ ਦੇ ਲਾਲਚ ਵਿਚ ਹੋਰ ਲਾਟਾਂ ਲੈ ਲੈਂਦਾ। ਚਰਨ ਸਿੰਘ ਦੇ ਦੇਖਦਿਆਂ ਦੇਖਦਿਆਂ, ਹੌਲੀ ਹੌਲੀ ਜਸਵੰਤ ਦੇ ਜੀਵਨ ਵਿਚ ਸੱਭ ਤੋਂ ਮਹੱਤਵਪੂਰਨ ਗੱਲ ਬੱਸ ਲਾਟਾਂ ਤੇ ਘਰ ਬਣ ਗਏ। ਚਰਨ ਸਿੰਘ ਜਦ ਵੀ ਜਸਵੰਤ ਨੂੰ ਕਿਸੇ ਨਾਲ ਮਿਲਦਿਆਂ ਜਾਂ ਫੋਨ ਤੇ ਗੱਲ ਕਰਦਿਆਂ ਸੁਣਦਾ ਤਾਂ ਉਹ ਸਿਰਫ ਘਰਾਂ ਜਾਂ ਲਾਟਾਂ ਨਾਲ ਸਬੰਧਤ ਗੱਲ ਹੀ ਕਰਦਾ। ਤੇ ਘਰ ਬਣਾ ਕੇ ਵੇਚਣ ਦੇ ਲਗਾਤਾਰ ਚੱਲ ਰਹੇ ਇਸ ਸਿਲਸਲੇ ਅੱਗੇ ਚਰਨ ਸਿੰਘ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰਦਾ। ਉਹਨੂੰ ਲੱਗਦਾ ਕਿ ਉਹ ਤੇਜ ਚਲਦੇ ਪਾਣੀ ਤੇ ਤਰ ਰਿਹਾ ਪੱਤਾ ਹੋਵੇ। ਘਰ 'ਚ ਉਹਦੀ ਉਹ ਪਹਿਲਾਂ ਵਾਲੀ ਥਾਂ ਨਹੀਂ ਸੀ ਰਹੀ। ਜਸਵੰਤ ਹੁਣ ਉਸਦੀ ਸਲਾਹ ਵੀ ਨਹੀਂ ਸੀ ਪੁੱਛਦਾ। ਸਗੋਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਲੱਗਣ ਲੱਗ ਪਿਆ ਕਿ ਜਸਵੰਤ ਹੁਣ ਸੱਭ ਕੁਝ ਸੁਰਜੀਤ ਦੀ ਸਲਾਹ ਨਾਲ ਹੀ ਕਰਦਾ ਸੀ। ਉਹਨਾਂ ਨੂੰ ਅੰਦਰੇ ਅੰਦਰ ਥੋੜ੍ਹੀ ਜਿਹੀ ਏਸ ਗੱਲ ਦੀ ਵੀ ਚਿੜ ਸੀ ਕਿ ਸੁਰਜੀਤ ਦਾ ਇਕ ਭਰਾ ਸਕੂਲੋਂ ਹੱਟ ਕੇ ਜਸਵੰਤ ਨਾਲ ਘਰਾਂ ਦਾ ਕੰਮ ਕਰਵਾਉਣ ਲੱਗ ਪਿਆ ਸੀ ਤੇ ਜਸਵੰਤ ਤੋਂ ਦੂਜੇ ਥਾਂ ਉਹ ਆਪਣੇ ਆਪ ਨੂੰ ਚੌਧਰੀ ਸਮਝਦਾ ਸੀ। ਇਹਨਾਂ ਗੱਲਾਂ ਨਾਲ ਉਹਨਾਂ ਦੋਹਾਂ ਦੇ ਮਨਾਂ ਵਿਚ ਸੁਰਜੀਤ ਪ੍ਰਤੀ ਪਹਿਲਾਂ ਵਾਲਾ ਪਿਆਰ ਨਫਰਤ ਵਿਚ ਵੱਟਣ ਲੱਗ ਪਿਆ। ਜਸਵੰਤ ਦੇ ਜੁਆਨ ਹੋ ਰਹੇ ਦੂਜੇ ਦੋ ਨਿਆਣੇ ਵੀ ਦਿਨ ਬਦਿਨ ਆਪ ਮੁਹਾਰੇ ਹੋ ਰਹੇ ਸਨ। ਪਰ ਜਸਵੰਤ ਦਾ ਇਹਨਾਂ ਗੱਲਾਂ ਵੱਲ ਜਿਵੇਂ ਕੋਈ ਧਿਆਨ ਹੀ ਨਹੀਂ ਸੀ। ਘਰਾਂ 'ਤੇ ਕੰਮ ਕਰਨ ਵਾਲੇ ਬੰਦਿਆਂ ਨੂੰ ਖੁਸ਼ ਰੱਖਣ ਲਈ ਉਹ ਰੋਜ ਰਾਤ ਨੂੰ ਸ਼ਰਾਬ ਪੀਂਦਾ। ਕਈ ਵਾਰੀ ਦੂਜੇ ਬੰਦਿਆਂ ਬੈਠਿਆਂ ਤੇ ਉਹ ਚਰਨ ਸਿੰਘ ਨੂੰ ਵੀ ਪੀਣ ਲਈ ਕਹਿ ਦਿੰਦਾ ਪਰ ਚਰਨ ਸਿੰਘ ਨਾਂਹ ਕਰ ਦਿੰਦਾ ਤੇ ਆ ਕੇ ਆਪਣੇ ਕਮਰੇ ਵਿਚ ਪੈ ਜਾਂਦਾ। ਚਰਨ ਸਿੰਘ ਨੂੰ ਉਸ ਵਿਚੋਂ ਕੋਈ ਵੀ ਪਹਿਲਾਂ ਵਾਲੀ ਗੱਲ ਨਾ ਲੱਭਦੀ। ਚਰਨ ਸਿੰਘ ਦਾ ਦਿਲ ਕਰਦਾ ਕਿ ਉਹ ਪਹਿਲਾਂ ਵਾਂਗ ਘਰ ਵਿਚ ਬੈਠ ਕੇ ਖਾਣ ਪੀਣ ਹੱਸਣ ਖੇਲਣ।

ਚਰਨ ਸਿੰਘ ਨੂੰ ਲੱਗਦਾ ਕਿ ਜਿਸ ਤਰ੍ਹਾਂ ਜਸਵੰਤ

ਨੇ ਤਾਂ ਹੁਣ ਆਪਣੀ ਇਕ ਵੱਖਰੀ ਹੀ ਦੁਨੀਆਂ ਸਿਰਜ ਲਈ ਸੀ। ਜਿਸ ਵਿਚ ਘਰ ਪੈਸਾ ਲਾਟਾਂ ਸਨ ਹੋਰ ਕੁਝ ਨਹੀਂ। ਹੁਣ ਉਸਦੇ ਇਕ ਦੋ ਘਰ ਹਮੇਸ਼ਾਂ ਪੈ ਰਹੇ ਹੁੰਦੇ ਹਨ। ਦੋ ਚਾਰ ਲਾਟਾਂ ਦਾ ਸੌਦਾ ਚੱਲ ਰਿਹਾ ਹੁੰਦਾ। ਦੋ ਚਾਰ ਰੀਅਲ ਅਸਟੇਟ ਬੰਦੇ ਜਸਵੰਤ ਦੇ ਮਗਰ ਮਗਰ ਗੇੜੇ ਕੱਢਦੇ ਰਹਿੰਦੇ। ਚਰਨ ਸਿੰਘ ਨੇ ਉਸਨੂੰ ਪਤਲੇ ਜਿਹੇ ਪੱਗ ਵਾਲੇ ਰੀਅਲ ਅਸਟੇਟ ਨਾਲ ਗੱਲਾਂ ਕਰਦਿਆਂ ਸੁਣਿਆਂ ਸੀ ਕਿ ਜੇ ਏਹਨਾਂ ਦੀ ਪਾਰਟੀ ਦਾ ਬੰਦਾ ਮੇਅਰ ਬਣ ਗਿਆ ਤਾਂ ਜਿਥੇ ਜਸਵੰਤ ਦੀਆਂ ਤਿੰਨ ਲਾਟਾਂ ਹਨ ਉਥੇ ਅਪਾਰਟਮੈਂਟ ਬਣਨ ਦਾ ਕਾਨੂੰਨ ਪਾਸ ਹੋ ਜਾਵੇਗਾ ਤੇ ਫੇਰ ਤਾਂ ਇਕ ਡੀਲ ਵਿਚੋਂ ਉਹ ਲੱਖਾਂ ਡਾਲਰ ਬਣਾ ਲੈਣਗੇ। ਏਸ ਆਸ ਵਿਚ ਉਸਨੇ ਮਿਉਂਸਪਿਲਟੀ ਦੀ ਅਲੈਕਸ਼ਨ ਵਿਚ ਇਕ ਪਾਰਟੀ ਦੀ ਵਾਹਵਾ ਮਦਦ ਵੀ ਕੀਤੀ।

ਜਸਵੰਤ ਦੇ ਵੱਧਦੇ ਕੰਮ ਬਾਰੇ ਜਦ ਕਦੀ ਉਹ ਦੂਜੇ ਲੋਕਾਂ ਕੋਲੋਂ ਸੁਣਦਾ ਤਾਂ ਉਹਨੂੰ ਖੁਸ਼ੀ ਵੀ ਬਹੁਤ ਹੁੰਦੀ। ਪਰ ਜਦ ਉਹ ਆਪਣੀ ਹਾਲਾਤ ਵੱਲ ਦੇਖਦਾ ਤਾਂ ਫੇਰ ਉਸਦਾ ਮਨ ਜਸਵੰਤ ਪ੍ਰਤੀ ਖਿੱਝ ਨਾਲ ਭਰ ਜਾਂਦਾ।

ਤੇ ਚਰਨ ਸਿੰਘ ਨੇ ਪਏ ਪਏ ਨੇ ਕਮਰੇ ਦੇ ਵਿਚ ਨਿਗ੍ਹਾ ਦੁੜਾਈ ਤੇ ਸੋਚਿਆ ਕਿ ਉਹਨਾਂ ਦੇ ਬਣਾਏ ਏਨੇ ਘਰਾਂ ਵਿਚੋਂ ਉਸਦੇ ਪੱਲੇ ਇਹ ਕਮਰਾ ਹੀ ਆਇਆ ਸੀ। ਇਸ ਸੋਚ ਨਾਲ ਉਸਦੇ ਅੰਦਰੋਂ ਆਪ ਮੁਹਾਰੇ ਜਸਵੰਤ ਲਈ ਗਾਲ ਨਿਕਲੀ। ਚਰਨ ਸਿੰਘ ਨੂੰ ਜਸਵੰਤ ਤੇ ਉਸ ਵੇਲੇ ਬਹੁਤ ਗੁੱਸਾ ਆਇਆ ਸੀ ਜਦੋਂ ਬਲਵੰਤ ਕੌਰ ਨੇ ਇਕ ਵਾਰ ਫਿਰ ਉਸ ਅੱਗੇ ਵਾਸਤਾ ਪਾਉਂਦਿਆਂ ਕਿਹਾ ਸੀ ਕਿ ਉਹ ਇਕ ਵਾਰ ਸਾਰੇ ਟੱਬਰ ਨੂੰ ਨਾਲ ਲੈ ਕੇ ਦੇਸ ਜਾ ਆਉਣ। ਪਰ ਜਸਵੰਤ ਨਹੀਂ ਸੀ ਮੰਨਿਆਂ। ਕਹਿੰਦਾ ਉਥੇ ਅੱਜ ਕੱਲ ਸੌ ਕਿਸਮ ਦੇ ਖਤਰੇ ਆ, ਕਾਹਦੇ ਲਈ ਐਵੇਂ ਵਾਧੂ ਪੰਗੇ 'ਚ ਪੈਣਾ ਆਂ। ਬਲਵੰਤ ਕੌਰ ਨੇ ਵਾਸਤਾ ਪਾਇਆ ਸੀ, "ਪੁੱਤ ਮੈਂ ਤਾਂ ਜਦੋਂ ਤੇਰੇ ਸੱਟ ਲੱਗੀ ਸੀ ਉਦੋਂ ਦੀ ਬਾਬੇ ਤਾਣੇ ਖੰਡ ਪਾਠ ਕਰਾਉਣ ਦੀ ਸੁੱਖ ਸੁੱਖੀ ਹੋਈ ਸੀ।"

> **ਪਰ ਉਸਨੂੰ ਇਸ ਗੱਲ ਦੀ ਵੀ ਸਮਝ ਜਿਹੀ ਨਹੀਂ ਸੀ ਲਗਦੀ ਕਿ ਉਹ ਕਿਹਦੇ ਲਈ ਪੈਸੇ ਕਮਾ ਰਿਹਾ ਸੀ? ਉਹਨੂੰ ਲੱਗਦਾ ਜਿਵੇਂ ਕੋਈ ਅਦਿੱਖ ਸ਼ਕਤੀ ਹੀ ਉਸਤੋਂ ਇਹ ਸੱਭ ਕੁਝ ਕਰਵਾ ਰਹੀ ਸੀ ਕਿ ਉਸ ਤੋਂ ਕੰਮ ਕੀਤੇ ਬਿਨ੍ਹਾਂ ਰਹਿ ਹੀ ਨਹੀਂ ਸੀ ਹੁੰਦਾ।**

"ਚੱਲ ਬੀਬੀ ਏਦਾਂ ਕਰਦੇ ਆਂ ਆਪਾਂ ਏਥੇ ਗੁਰਦਵਾਰੇ ਖੰਡ ਪਾਠ ਕਰਾ ਦਿੰਦੇ ਆਂ ਤੇ ਦੇਸ ਨੂੰ ਥੋੜ੍ਹੇ ਜਿਹੇ ਪੈਸੇ ਭੇਜ ਦਿਆਂਗੇ। ਤੇ ਫੇਰ ਜਦੋਂ ਪੰਜਾਬ 'ਚ ਰੌਲ੍ਹਾ ਗੌਲਾ ਘੱਟ ਗਿਆ ਆਪਾਂ ਜਾ ਆਵਾਂਗੇ।"

ਜਸਵੰਤ ਦੀ ਪਿੰਡ ਨੂੰ ਜਾਣ ਵਾਲੀ ਗੱਲ ਦਾ ਬਲਵੰਤ ਕੌਰ ਨੂੰ ਕੋਈ ਯਕੀਨ ਨਹੀਂ ਸੀ ਪਰ ਉਹ ਉਸਦੀ ਅਖੰਡ ਪਾਠ ਵਾਲੀ ਗੱਲ ਨਾਲ ਰਾਜੀ ਹੋ ਗਈ। ਤੇ ਜਸਵੰਤ ਨੇ ਅਖੰਡ ਪਾਠ ਕਰਵਾ ਦਿੱਤਾ। ਤੇ ਫੇਰ ਚਰਨ ਸਿੰਘ ਇਹ ਦੇਖ ਕੇ ਹੈਰਾਨ ਹੋਇਆ ਸੀ ਕਿ ਹੁਣ ਉਹ ਹਰ ਸਾਲ ਹੀ ਅਖੰਡ ਪਾਠ ਕਰਾਉਣ ਲੱਗ ਪਿਆ। ਇਸ ਬਹਾਨੇ ਸੱਦ ਕੇ ਠੇਕੇਦਾਰਾਂ ਨੂੰ ਸ਼ਰਾਬ ਪਿਲਾ ਦਿੰਦਾ। ਨਾਲੇ ਬਲਵੰਤ ਕੌਰ ਨੂੰ ਵੀ ਖੁਸ਼ ਕਰ ਰੱਖਦਾ। ਅਖੰਡ ਪਾਠ ਕਰਾਉਂਦੇ ਰਹਿਣ ਕਰਕੇ ਹੁਣ ਉਹਦੀ ਗੁਰਦਵਾਰੇ ਵੀ ਕਾਫੀ ਪੁੱਛ ਗਿੱਛ ਹੁੰਦੀ। ਪਰ ਜਦੋਂ ਚਰਨ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਹ ਜਿਹੜੇ ਪੈਸੇ ਅਖੰਡ ਪਾਠ ਤੇ ਖਰਚਦਾ ਸੀ ਉਹਦੇ ਵਿਚੋਂ ਬਹੁਤੇ ਤਾਂ ਗੁਰਦਵਾਰੇ ਵਾਲਿਆਂ ਨਾਲ ਗੰਢ ਤ੍ਰੁੱਪ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਇਨਕਮ ਟੈਕਸ ਵਿਚ ਭਰ ਦਿੰਦਾ ਸੀ, ਤਾਂ ਉਸਨੂੰ ਲੱਗਾ ਜਿਦਾਂ ਜਸਵੰਤ ਹੁਣ ਰੱਬ ਨਾਲ ਵੀ ਹੇਰਾ ਫੇਰੀ ਕਰਨ ਲੱਗ ਪਿਆ ਹੋਵੇ।

ਚਰਨ ਸਿੰਘ ਨੂੰ ਯਾਦ ਆਇਆ ਕਿ ਬਲਵੰਤ ਕੌਰ ਨੇ ਨਿਆਣਿਆਂ ਨੂੰ ਨਾਲ ਲੈ ਕੇ ਪਿੰਡ ਨਾ ਜਾ ਸਕਣ ਵਾਲੀ ਗੱਲ ਨੂੰ ਬਹੁਤ ਮਨ ਤੇ ਲਾਇਆ ਸੀ। ਜਦੋਂ ਡੇੜ ਕੁ ਸਾਲ ਪਹਿਲਾਂ ਉਹ ਕੈਲਗਰੀ ਨੂੰ ਗਈ ਸੀ ਤਾਂ ਜਾਣ ਤੋਂ ਪਹਿਲੀ ਰਾਤ ਉਹਨੇ ਅੱਖਾਂ ਭਰ ਕੇ ਕਿਹਾ ਸੀ, "ਬੜਾ ਹੀ ਦਿਲ 'ਚ ਚਾਅ ਸੀ ਪਈ ਦੀਪੇ ਨੂੰ, ਰਾਣੀ ਨੂੰ ਤੇ ਛੋਟੀ ਦੇਬੀ ਨੂੰ ਲੈ ਕੇ ਪਿੰਡ ਜਾਵਾਂਗੇ। ਸੌ ਚਾਅ ਮਲਾਰ ਕਰਾਂਗੇ।"

"ਕਿਸ਼ਮਤ ਕੀ ਕੀ ਰੰਗ ਦਿਖਾਉਂਦੀ ਆ ਬੰਦੇ ਨੂੰ। ਉਪਰਲੇ ਦੀ ਨਿਗ੍ਹਾ ਬਿਨ੍ਹਾਂ ਕਾਹਨੂੰ ਕਿਸੇ ਨੂੰ ਖੁਸ਼ੀ ਨਸੀਬ ਹੁੰਦੀ ਆ। ਹੁਣ ਪੈਸੇ ਦਾ ਤਾਂ ਇਹਨੂੰ ਕੋਈ ਘਾਟਾ ਨਈ ਪਰ ਸਹੁਰੇ ਦੀ ਰੂਹ ਤਾਂ ਜਿਵੇਂ ਰਹੀ ਨਹੀਂ।" ਚਰਨ ਸਿੰਘ ਨੂੰ ਵੀ ਨਾ ਜਾਣ ਦਾ ਡਾਢਾ ਦੁੱਖ ਸੀ।

"ਟੱਬਰ ਦਾ ਵੀ ਕੀ ਬਣਿਆ ਆ ਹੁਣ", ਬਲਵੰਤ ਕੌਰ ਨੇ ਵੱਡਾ ਸਾਰਾ ਹਉਕਾ ਭਰਿਆ।

"ਜਿੰਨਾ ਗੁੜ ਪਾਓ ਉਨਾਂ ਈ ਮਿੱਠਾ ਹੋਣਾ ਆ ਬਲਵੰਤ ਕੌਰੇ। ਹੁਣ ਆਪਣੇ ਹੀ ਘਰ ਦੀ ਬਿਗਾਨਿਆਂ ਕੋਲ ਕੀ ਮਿੱਟੀ ਪੱਟੀਏ? ਮੁੰਡੇ ਨੇ ਜਦੋਂ ਦੀ ਕਾਰ ਲਈ ਆ ਘਰੋਂ ਬਾਹਰ ਈ ਰਹਿੰਦਾ ਆ। ਪਤਾ ਨਈ ਕਿਸ ਕਿਸਮ ਦੀ ਮਸ਼ੀਰ ਨਾਲ ਘੁੰਮਦਾ ਖਾਂਦਾ ਆ। ਸ਼ਰਮ ਨਾਲ ਮਰ ਜਾਣ ਨੂੰ ਜੀ ਕਰਦਾ ਆ। ਜਿੱਦਣ ਸਹੁਰੇ ਨੂੰ ਸੁੱਤੇ ਪਏ ਨੂੰ ਘਰੋਂ ਪੁਲਸ ਆਲਾ ਅਠਾਲ ਕੇ ਕੜੀ ਲਾ ਕੇ ਲੈਗਿਆ, ਸਾਲਾ ਕੰਧ 'ਚ ਸਿਰ ਮਾਰ ਕੇ ਮਰ ਜਾਣ ਨੂੰ ਜੀ ਕਰੇ। ਜਰ ਹੁੰਦੀ ਆ ਇਹੋ ਜਿਹੀ ਗੱਲ। ਇਹਨਾਂ ਵੱਲ ਦੇਖ ਲਓ, ਕੋਈ ਫਰਕ ਈ ਨਈ, ਬਈ ਜਿਦਾਂ ਕੁਛ ਹੋਇਆ ਈ ਨਈ ਹੁੰਦਾ। ਏਡੀ ਵੱਡੀ ਗੱਲ ਹੋ ਗਈ ਆ। ਮੁੰਡੇ ਨੇ ਚੋਰੀ ਕੀਤੀ ਆ, ਫੇਰ ਫੜਿਆ ਗਿਆ। ਸਹੁਰਿਓ ਕੁਛ ਨਮੋਸ਼ੀ ਮੰਨੋ ਕੁਛ ਸ਼ਰਮ ਮੰਨੋ ਪਈ ਗਾਹਾਂ ਨੂੰ ਇਹੋ ਜਿਹੀ ਕਰਤੂਤ ਨਾ ਕਰੇ।"

"ਅੱਛਾ ਮਾਰਾਜ ਜੋ ਕਰਦਾ ਆ ਸੋਚ ਸਮਝ ਕੇ ਈ ਕਰਦਾ ਆ ਕੋਈ ਸਾਡੇ ਕੋਲੋਂ ਈ ਕਿਤੇ ਭੁੱਲ ਹੋ ਗਈ ਹਊਗੀ"। ਬਲਵੰਤ ਕੌਰ ਨੇ ਆਪਣੀਆਂ ਗਿੱਲੀਆਂ ਅੱਖਾਂ ਨੂੰ ਪੂੰਝਦਿਆਂ ਕਿਹਾ।

"ਕਿੰਨਾ ਕੁ ਚਿਰ ਰੱਖਣਗੇ ਤੈਨੂੰ ਕੈਲਗਰੀ ਵਾਲੇ?" ਚਰਨ ਸਿੰਘ ਨੇ ਪੁੱਛਿਆ ਸੀ।

"ਕੀ ਪਤਾ ਹੁਣ ਨਿੱਕੇ ਨਿੱਕੇ ਨਿਆਣੇ ਆ ਉਹਨਾਂ ਦੇ। ਨਾਲੇ ਉਹਨਾਂ ਨਾਲੋਂ ਤਾਂ ਜਾਏ ਗੱਲ ਏਹਨਾਂ ਦੇ ਵੱਸ 'ਚ ਆ। ਜਦੋਂ ਮੁੜ ਕੇ ਲਿਆਉਣਗੇ ਉਦੋਂ ਈ ਆਉਂਗੀ। ਹੁਣ ਕੈਲਗਰੀ ਬਰਾਮ ਤਾਂ ਹੈ ਨਈ ਪਈ ਤਾਂਗਾ ਫੜ ਕੇ ਪਿੰਡ ਨੂੰ ਆ ਜਾਊਂਗੀ।" ਬਲਵੰਤ ਕੌਰ ਨੇ ਖਿੱਝ ਜਿਹੀ ਨਾਲ ਕਿਹਾ ਸੀ। ਚਰਨ ਸਿੰਘ ਨੇ ਇਕ ਵਾਰ ਮੁੜ ਕੇ ਬਲਵੰਤ ਕੌਰ ਵੱਲ ਦੇਖਿਆ ਸੀ ਤੇ ਫੇਰ ਹੈਰਾਨ ਜਿਹਾ ਹੁੰਦਿਆਂ ਸੋਚਿਆ ਸੀ ਕਿ ਉਹ ਵੀ ਕਿੰਨੀ ਬਦਲ ਗਈ ਸੀ। ਉਹਨੂੰ ਲੱਗਾ ਜਿੱਦਾਂ ਕੁਛ ਵੀ ਪਹਿਲਾ ਵਰਗਾ ਨਹੀਂ ਸੀ ਰਿਹਾ। ਉਹ ਖੁਦ ਵੀ ਪਹਿਲਾਂ ਵਾਲਾ ਨਹੀਂ ਸੀ ਰਿਹਾ। ਉਹਨੂੰ ਯਾਦ ਹੈ ਕਿ ਔਖੇ ਦਿਨਾਂ ਵਿਚ ਵੀ ਉਹਦੇ ਮਨ ਵਿਚ ਇਕ ਸ਼ਾਂਤੀ ਜਿਹੀ ਇਕ ਠਰੰਮਾ ਹੁੰਦਾ ਸੀ। ਹੁਣ ਉਹ ਵੀ ਕਿਹੜਾ ਜਸਵੰਤ ਨਾਲੋਂ ਘੱਟ ਟੁੱਟ ਟੁੱਟ ਕੇ ਮਰਦਾ ਸੀ। ਵੇਲੇ ਕੁਵੇਲ ਉਹ ਜਸਵੰਤ ਨਾਲ ਉਸਦੇ ਬਣਦੇ ਘਰਾਂ ਵਿਚ ਵੀ ਕੋਈ ਨਾ ਕੋਈ ਨਿੱਕਾ ਮੋਟਾ ਕੰਮ ਕਰਵਾਉਂਦਾ ਰਹਿੰਦਾ। ਜਦੋਂ ਫਾਰਮਾਂ ਦੇ ਕੰਮ ਚਲਦੇ ਤਾਂ ਉਹ ਉਥੇ ਕੰਮ ਕਰਦਾ ਤੇ ਜਦੋਂ ਫਾਰਮਾਂ ਵਿਚ ਕੰਮ ਨਾ ਹੁੰਦਾ ਤਾਂ ਉਹ ਬੇਰੁਜ਼ਗਾਰੀ ਭੱਤਾ ਲੈਂਦਾ ਤੇ ਨਾਲ ਨਾਲ ਲੋਕਾਂ ਦੇ ਘਰਾਂ ਵਿਚ ਇਸ਼ਤਿਹਾਰ ਸੁੱਟਣ ਦਾ ਕੰਮ ਕਰਦਾ ਜਿਸ ਦੇ ਉਸਨੂੰ ਕੈਸ਼ ਪੈਸੇ ਮਿਲਦੇ। ਪਰ ਉਸਨੂੰ ਇਸ ਗੱਲ ਦੀ ਵੀ ਸਮਝ ਜਿਹੀ ਨਹੀਂ ਸੀ ਲਗਦੀ ਕਿ ਉਹ ਕਿਹਦੇ ਲਈ ਪੈਸੇ ਕਮਾ ਰਿਹਾ ਸੀ? ਉਹਨੂੰ ਲੱਗਦਾ ਜਿਵੇਂ ਕੋਈ ਅਦਿੱਖ ਸ਼ਕਤੀ ਹੀ ਉਸਤੋਂ ਇਹ ਸੱਭ ਕੁਝ ਕਰਵਾ ਰਹੀ ਸੀ ਕਿ ਉਸ ਤੋਂ ਕੰਮ ਕੀਤੇ ਬਿਨ੍ਹਾਂ ਰਹਿ ਹੀ ਨਹੀਂ ਸੀ ਹੁੰਦਾ। ਇਕ ਪੱਲ ਉਸਨੂੰ ਆਪਣੇ ਆਪ ਤੇ ਬੜੀ ਖਿੱਝ ਆਈ ਤੇ ਫੇਰ ਉਹਨੇ ਆਪਣੇ ਆਪ ਨੂੰ ਏਸ ਸੋਚ ਤੋਂ ਪਰ੍ਹੇ ਖਿੱਚ ਲਿਆ।

ਉਹ ਫੇਰ ਬਲਵੰਤ ਕੌਰ ਬਾਰੇ ਸੋਚਣ ਲੱਗ ਪਿਆ। ਉਹਦਾ ਕਦੀ ਕਦੀ ਦਿਲ ਬੜਾ ਕਾਹਲਾ ਪੈਂਦਾ ਜਾਪਦਾ ਤੇ ਉਹ ਚਾਹੁੰਦਾ ਕਿ ਬਲਵੰਤ ਕੌਰ ਉਸੇ ਪੱਲ ਉਹਦੇ ਨਾਲ ਦੇ ਮੰਜੇ ਤੇ ਪਈ ਹੋਵੇ ਤੇ ਉਹ ਹੱਥ ਵਧਾ ਕੇ ਉਹਨੂੰ ਛੂਹ ਲਵੇ। ਚਰਨ ਸਿੰਘ ਨੇ ਅੰਦਾਜਾ ਲਾਇਆ ਪਈ ਬਲਵੰਤ ਕੌਰ ਨੂੰ ਗਈ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸੀ ਜਦੋਂ ਸੁਰਜੀਤ ਦੇ ਭੈਣ ਤੇ ਭਣੋਈਆ ਨਿਆਣਿਆਂ ਨੂੰ ਲੈ ਕੇ ਟਰਾਂਟੋ ਤੋਂ ਏਥੇ ਆਏ ਸੀ। ਕਹਿੰਦੇ ਸੀ, ਉਥੇ ਕੰਮਾਂ ਕਾਰਾਂ ਦਾ ਬੜਾ ਮੰਦਾ ਆ। ਉਹਨਾਂ ਦੇ ਆਉਣ ਤੇ ਚਰਨ ਸਿੰਘ ਦਾ ਮੰਜਾ ਉਹਨਾਂ ਨੇ ਬੇਸਮਿੰਟ ਦੇ ਏਸ ਕਮਰੇ ਵਿਚ ਰੱਖ ਦਿੱਤਾ। ਅਖੇ ਦੋ ਕੁ ਮਹੀਨਿਆਂ ਤਾਂਈ ਬੇਸਮਿੰਟ ਵਿਹਲੀ ਕਰਾ ਲਾਂਗੇ ਫੇਰ ਤੂੰ ਮੁੜ ਕੇ ਉਤੇ ਆਪਣੇ ਕਮਰੇ ਵਿਚ ਆ ਜਾਈਂ। ਲੈ ਅੱਜ ਹੁੰਦੇ ਆ ਦੋ ਮਹੀਨੇ। ਚਰਨ ਸਿੰਘ ਨੇ ਖਿੱਝਦਿਆਂ ਸੋਚਿਆ।

'ਵਾਹ ਉਏ ਕਰਮਾਂ ਦਿਆ ਵਲੀਆ ਰਿਧੀ ਖੀਰ ਤੇ ਬਣ ਗਿਆ ਦਲੀਆ।' ਚਰਨ ਸਿੰਘ ਨੇ ਪਾਸਾ

ਬਦਲਦਿਆਂ ਆਪਣੇ ਆਪ ਨੂੰ ਕਹਾਣਾ ਪਾ ਕੇ ਸੁਣਾਇਆ। ਉਹਨੇ ਕਲਾਕ ਵੱਲ ਦੇਖਿਆ ਪੰਜ ਵੱਜਣ ਵਾਲੇ ਸੀ। ਉਹਨੇ ਤਾਕੀ ਦਾ ਪਰਦਾ ਪਰ੍ਹੇ ਹਟਾ ਕੇ ਬਾਹਰ ਦੇਖਿਆ। ਬਾਹਰ ਕਈਆਂ ਦਿਨਾਂ ਦੀ ਪੇਟ ਪੇਟ ਕਰਦੀ ਬਰਫ ਬੜੇ ਜ਼ੋਰ ਸ਼ੋਰ ਨਾਲ ਪੈ ਰਹੀ ਸੀ। ਸੱਭ ਕੁਝ ਚਿੱਟਾ ਹੋਇਆ ਪਿਆ ਸੀ।

'ਤੂੰ ਵੀ ਕੱਢ ਲੈ ਜਿਹੜੀ ਕਸਰ ਰਹਿੰਦੀ ਆ' ਉਹਨੇ ਬਰਫ ਵੱਲ ਦੇਖਦੇ ਨੇ ਕਿਹਾ। ਉਹਨੂੰ ਯਾਦ ਆਇਆ ਕੱਲ ਟਰੱਕੀ 'ਚੋਂ ਉਤਰਨ ਲੱਗੇ ਨੂੰ ਕਰਮ ਸੈਂਹ ਠੇਕੇਦਾਰ ਨੇ ਕਿਹਾ ਸੀ ਪਈ ਕੱਲ ਨੂੰ ਪੇਪਰ ਰਿਚਮੰਡ ਵਿਚ ਸਿੱਟਣੇ ਆਂ। ਉਥੇ ਤਾਂ ਕਈ ਥਾਂਹੀ ਸਾਈਡ ਵਾਕ ਵੀ ਨਹੀਂ ਬਣੇ ਹੋਏ ਏਸ ਕਰਕੇ ਅੱਜ ਤਾਂ ਸਾਰੀ ਦਿਹਾੜੀ ਬਰਫ ਵਿਚ ਬੜਾ ਔਖਿਆਂ ਹੋਣਾ ਪਊ।

ਫੇਰ ਉਹਨੂੰ ਖਿਆਲ ਆਇਆ ਪਈ ਜਵਾਲਾ ਸੈਂਹ ਨੇ ਇਕ ਦਿਨ ਕਿਹਾ ਸੀ, "ਚਰਨ ਸਿਹਾਂ ਜੇ ਬਰਫ ਪੈਂਦੀ 'ਚ ਕੰਮ ਤੇ ਆਇਆ ਤਾਂ ਜਰਾਬਾਂ ਦਾ ਜੋੜਾ ਇਕ ਵਾਧੂ ਕੋਲ ਰੱਖੀਂ ਕਈ ਵਾਰੀ ਸਾਰੀ ਦਿਹਾੜੀ ਬਰਫ 'ਚ ਫਿਰਦਿਆਂ ਜਰਾਬਾਂ ਗਿੱਲੀਆਂ ਹੋ ਜਾਂਦੀਆਂ ਆਂ, ਭਾਵੇਂ ਕਿੰਨੇ ਵਧੀਆ ਰਬੜੀ ਬੂਟ ਹੋਣ। ਅਵਲ ਤਾਂ ਬੰਦਾ ਏਹੋ ਜਿਹੇ ਦਿਨ 'ਚ ਕੰਮ ਤੇ ਈ ਨਾ ਆਵੇ। ਮੈਂ ਤਾਂ ਜਿਹੜੇ ਵੀ ਠੇਕੇਦਾਰ ਨਾਲ ਕੰਮ ਕਰਾਂ ਉਹਨੂੰ ਪਹਿਲਾਂ ਦੱਸ ਦਿਨਾਂ ਹੁਨਾਂ ਪਈ ਜਿਦਣੇ ਬਰਫ ਬੁਰਫ ਪਈ ਮੈਂ ਤਾਂ ਕੰਮ ਤੇ ਨਈ ਆਉਣਾ। ਤੇ ਨਾ ਹੁਣ ਆਪਾਂ ਕਦੀ ਏਦਾਂ ਦੇ ਮੌਸਮ 'ਚ ਕੰਮ ਕੀਤਾ ਈ ਆ। ਆਪਾਂ ਹੁਣ ਕਿਹੜਾ ਕਿਸੇ ਨੂੰ ਹਿਸਾਬ ਦੇਣਾ ਆਂ, ਐਵੇਂ ਕਿਉਂ ਜਾਨ ਤੋੜੀ ਜਾਈਏ।"

ਜਵਾਲਾ ਸਿੰਘ ਦਾ ਚੇਤਾ ਆਉਂਦਿਆਂ ਹੀ ਉਸਦਾ ਮਨ ਥੋੜਾ ਖੁਸ਼ ਹੋ ਗਿਆ। ਅੱਜ ਕੱਲ ਜਵਾਲਾ ਸੈਂਹ ਹੀ ਸੀ ਜਿਹਦੇ ਨਾਲ ਉਹ ਆਪਣਾ ਦੁਖ ਸੁੱਖ ਸਾਂਝਾ ਕਰਦਾ ਸੀ। ਬੜਾ ਜਿਗਰੇ ਆਲਾ ਤੇ ਦਿਲ ਦਾ ਸੋਨਾ ਬੰਦਾ ਸੀ ਜਵਾਲਾ ਸਿੰਘ। ਉਹਨਾਂ ਨੂੰ ਕੱਠਿਆਂ ਪੇਪਰ ਸਿੱਟਣ ਦਾ ਕੰਮ ਕਰਦਿਆਂ ਨੂੰ ਛੇ ਮਹੀਨੇ ਤੋਂ ਉਪਰ ਹੋ ਗਏ ਸਨ। ਜਵਾਲਾ ਸੈਂਹ ਕਹਿੰਦਾ ਸੀ ਕਿ ਜਿਦਣ ਉਹਦੀ ਪਿਲਸਣ ਲੱਗ ਗੀ ਉਹਨੇ ਤਾਂ ਛੱਡ ਦੇਣਾ ਆਂ ਇਹ ਕੰਮ।

ਚਰਨ ਸਿੰਘ ਨੂੰ ਜਵਾਲਾ ਸਿੰਘ ਦੀਆਂ ਗੱਲਾਂ ਬਾਤਾਂ ਤੇ ਸੁਭਾਅ ਬਹੁਤ ਹੀ ਵਧੀਆ ਲਗਦੇ। ਉਸ ਨਾਲ ਆਪਣੇ ਟੱਬਰ ਦੀਆਂ, ਘਰ ਦੀਆਂ ਵੀ ਸਾਰੀਆਂ ਗੱਲਾਂ ਕਰ ਲੈਂਦਾ। ਇਕ ਰਾਤ ਉਹ ਕੰਮ ਤੋਂ ਲੇਟ ਹੋ ਗਏ ਸਨ ਤੇ ਚਰਨ ਸਿੰਘ ਜਵਾਲਾ ਸਿੰਘ ਦੇ ਘਰ ਹੀ ਰਾਤ ਰਹਿ ਪਿਆ ਸੀ। ਜਵਾਲਾ ਸਿੰਘ ਇਕ ਹੋਰ ਬੰਦੇ ਨਾਲ ਪੁਰਾਣੇ ਘਰ ਦੀ ਬੇਸਮਿੰਟ ਵਿਚ ਰਹਿੰਦਾ ਸੀ। ਦੋ ਸੌਣ ਵਾਲੇ ਕਮਰੇ, ਇਕ ਛੋਟਾ ਜਿਹਾ ਬਹਿਣ ਵਾਲਾ ਕਮਰਾ, ਰਸੋਈ ਤੇ ਗੁਸਲਖਾਨਾ। ਉਹਨਾਂ ਨੇ ਰਸੋਈ ਵਿਚ ਪਈਆਂ ਕੁਰਸੀਆਂ ਤੇ ਬੈਠ ਕੇ ਆਪਣੇ ਕੰਮ ਵਾਲੇ ਬੂਟ ਲਾਹੇ। ਚਰਨ ਸਿੰਘ ਨੇ ਆਲਾ ਦੁਆਲਾ ਦੇਖ ਕੇ ਪੁਛਿਆ ਸੀ, "ਤੇਰਾ ਸਾਥੀ ਨਈ ਦੀਹਦਾ ਅੱਜ ਕਿਤੇ?"

"ਉਹ ਐਵੀਂ ਪੱਠਾ ਆ ਪੂਰਾ। ਜਦੋਂ ਦਿਲ ਕਰੇ ਉਦੋਂ ਈ ਘਰ ਵੜਦਾ ਆ। ਜਿਹਨਾਂ ਦਿਨਾਂ 'ਚ ਉਹਨੂੰ ਵੈਲਫੇਅਰ ਦੇ ਪੈਸੇ ਮਿਲੇ ਹੋਣ ਉਦੋਂ ਉਹ ਘਰ ਲੇਟ ਈ ਆਉਂਦਾ ਹੁੰਦਾ। ਕਿਸੇ ਬੜੇ ਬੀਅਰ ਪਾਲੇ 'ਚ ਬੈਠਾ ਹੋਣਾ ਆ।"

"ਅੱਗਾ ਪਿੱਛਾ ਨਈ ਉਹਦਾ ਕੋਈ?",ਚਰਨ ਸਿੰਘ ਨੇ ਸੁਭਾਵਕ ਹੀ ਪੁੱਛਿਆ।

ਉਸਦੀ ਗੱਲ ਦਾ ਜਵਾਬ ਦੇਣ ਦੀ ਥਾਂ ਜਵਾਲਾ ਸਿੰਘ ਨੇ ਇਕ ਪੱਲ ਚਰਨ ਸਿੰਘ ਵੱਲ ਦੇਖਿਆ। ਫੇਰ ਉਹਨੇ ਆਪਣੀਆਂ ਜਰਾਬਾਂ ਦਾ ਗੁੱਛਾ ਜਿਹਾ ਬਣਾ ਕੇ ਬੂਟਾਂ 'ਚ ਪਾਉਂਦਿਆਂ ਕਿਹਾ, "ਤੇਰਾ ਮੇਰਾ ਪਿੱਛਾ ਰੇ ਗਾ ਈ ਆ ਚਰਨ ਸਿਹਾਂ। ਏਸ ਮੁਲਕ 'ਚ ਕੀ ਫਰਕ ਪੈਂਦਾ ਆ ਅੱਗਿਆਂ ਪਿਛਿਆਂ ਨਾਲ। ਆਪੋ ਆਪਣੇ ਢਿੱਡ ਤੋਂ ਅੱਗੇ ਕਿਸੇ ਨੂੰ ਕੁਛ ਨਈ ਦੀਹਦਾ ਏਥੇ।" ਜਵਾਲਾ ਸਿੰਘ ਨੇ ਪੱਲ ਕੁ ਰੁੱਕ ਕੇ ਤੇ ਫੇਰ ਹਿੰਮਤ ਨਾਲ ਕੁਰਸੀ ਤੋਂ ਉਠਦੇ ਨੇ ਕਿਹਾ, "ਤੂੰ ਐਂ ਕਰ ਪਹਿਲਾਂ ਮਾੜਾ ਜਿਹਾ ਸ਼ਾਵਰ ਲੈ ਲਾ। ਮੈਂ ਚਾਹ ਦਾ ਕੱਪ ਕੱਪ



ਬਣਾਉਨਾਂ। ਫੇਰ ਆਪਾਂ ਥੋੜ੍ਹਾ ਜਿਹਾ ਅਟਕ ਕੇ ਰੋਟੀ ਬਣਾਂਵਾਂਗੇ।"

ਚਰਨ ਸਿੰਘ ਚੰਗੇ ਬੱਚੇ ਦੇ ਆਖਾ ਮੰਨਣ ਵਾਂਗ ਬਿਨ੍ਹਾਂ ਕੁਝ ਕਹੇ ਉਠ ਕੇ ਨਹਾਉਣ ਚਲੇ ਗਿਆ। ਜਦੋਂ ਉਹ ਨਹਾ ਕੇ ਬਾਹਰ ਨਿਕਲਿਆ ਤਾਂ ਰਸੋਈ ਵਿਚੋਂ ਉਹਨੂੰ ਨੜੋਜਿਆਂ ਦੇ ਰਾਗ ਦੀ ਆਵਾਜ਼ ਆਈ। ਜਵਾਲਾ ਸਿੰਘ ਨੇ ਗਾਣਿਆਂ ਵਾਲੀ ਟੇਪ ਲਾਈ ਹੋਈ ਸੀ ਤੇ ਆਪ ਉਹ ਚਾਹ 'ਚ ਦੁੱਧ ਪਾ ਕੇ ਉਬਾਲੀ ਆਉਣ ਦੀ ਉਡੀਕ 'ਚ ਸਟੋਵ ਦੇ ਲਾਗੇ ਹੀ ਖੜਾ ਸੀ। ਉਹਨੇ ਚਰਨ ਸਿੰਘ ਨੂੰ ਦੇਖ ਕੇ ਕਿਹਾ, "ਲੈ ਐਂ ਕਰ ਤੂੰ ਆਹ ਚਾਹ ਦਾ ਖਿਆਲ ਰੱਖੀਂ, ਮੈਂ ਵੀ ਮਾੜਾ ਜਿਹਾ ਪਿੰਡੇ ਤੇ ਪਾਣੀ ਪਾ ਲੈਨਾਂ ਆਂ। ਆਹ ਪੋਣੀ ਪਈ ਆ ਭਾਂਡਿਆਂ ਆਲੀ ਟੋਕਰੀ 'ਚ ਇਹਦੇ ਨਾਲ ਚਾਹ ਪੁਣ ਲਈ।"

ਉਹਨਾਂ ਨੇ ਚਾਹ ਪੀਤੀ ਤੇ ਕਿੰਨੀ ਦੇਰ ਬੈਠੇ ਗੱਲਾਂ ਕਰਦੇ ਰਹੇ। ਫੇਰ ਜਵਾਲਾ ਸਿੰਘ ਹੌਸਲੇ ਨਾਲ ਉਠਿਆ ਤੇ ਫੁਰਤੀ ਨਾਲ ਆਟਾ ਗੁੰਨ ਕੇ ਰੋਟੀਆਂ ਬਣਾ ਲਈਆਂ। ਇਕ ਦੋ ਦਿਨ ਪਹਿਲਾਂ ਬਣਾਏ ਹੋਏ ਮੀਟ ਦੀ ਤਰੀ ਤੱਤੀ ਕਰ ਲਈ। ਚਰਨ ਸਿੰਘ ਹੈਰਾਨ ਜਿਹਾ ਹੋਇਆ ਜਵਾਲਾ ਸਿੰਘ ਵੱਲ ਦੇਖਦਾ ਰਿਹਾ। ਜਵਾਲਾ ਸਿੰਘ ਕੋਲ ਸ਼ਰਾਬ ਦੀ ਅੱਧੀ ਬੋਤਲ ਪਈ ਸੀ ਜਿਹੜੀ ਉਹਨਾਂ ਨੇ ਰੋਟੀ ਖਾਣ ਤੋਂ ਪਹਿਲਾਂ ਹੀ ਪੀ ਲਈ। ਰੋਟੀ ਖਾ ਕੇ ਉਹ ਕਿੰਨੀ ਰਾਤ ਗੱਲਾਂ ਕਰਦੇ ਰਹੇ।

ਥੋੜਾ ਨਸ਼ੇ 'ਚ ਹੋਣ ਕਰਕੇ ਚਰਨ ਸਿੰਘ ਦਾ ਮੱਲੋ ਮੱਲੀ ਦਿਲ ਕਰੀ ਜਾ ਰਿਹਾ ਸੀ ਕਿ ਉਹ ਜਵਾਲਾ ਸਿੰਘ ਨਾਲ ਜਸਵੰਤ ਦੇ ਇਸ ਤਰ੍ਹਾਂ ਬਦਲ ਜਾਣ ਬਾਰੇ ਗੱਲਾਂ ਕਰੀ ਜਾਵੇ। ਉਹਨੂੰ ਯਾਦ ਆ ਰਿਹਾ ਹੈ ਕਿ ਜਦੋਂ ਜਵਾਲਾ ਸਿੰਘ ਨੇ ਉਹਦੇ ਸੌਣ ਲਈ ਬਹਿਣ ਵਾਲੇ ਕਮਰੇ ਵਿਚ ਪਏ ਸੋਫੇ ਦਾ ਮੰਜਾ ਬਣਾਇਆ ਤੇ ਉਸ 'ਤੇ ਇਕ ਪਤਲੀ ਜਿਹੀ ਚਾਦਰ ਵਿਛਾਈ ਸੀ ਤਾਂ ਚਰਨ ਸਿੰਘ ਨੇ ਚਾਦਰ ਉਸਦੇ ਹੱਥੋਂ ਫੜਦਿਆਂ ਕਿਹਾ ਸੀ, "ਜਵਾਲਾ ਸਿਹਾਂ ਸਾਡਾ ਤਾਂ ਐਹੋ ਜਿਹਾ ਹੱਸਦਾ ਵੱਸਦਾ ਘਰ ਸੀ ਪਈ ਮਿਲਣ ਗਿਲਣ ਵਾਲੇ ਸਾਡੇ ਘਰ ਦੀ ਮਿਸਾਲ ਦਿੰਦੇ ਸੀ। ਪਰ ਕਿਸਮਤ! ਮੁੰਡੇ ਦਾ ਸੁਭਾ ਹੁੰਦਾ ਸੀ ਪਈ ਜਾਹ ਤਾਂ ਜੀ ਤੋਂ ਬਿਨ੍ਹਾਂ ਕਦੀ ਬੋਲ ਜਾਵੇ। ਲਾਲਚ ਦਾ ਤਾਂ ਨਾਂ ਨਹੀਂ ਸੀ ਜਾਣਦਾ। ਮੈਨੂੰ ਕਹਿਣਾ, ਭਾਈਆ, ਬੱਸ ਸਾਲ ਕੁ ਹੋਰ ਫਾਰਮਾਂ 'ਚ ਕਰ ਲੈ ਜੇ ਕਰਨਾਂ ਆਂ ਫੇਰ ਨਈ ਤੇਰੇ ਕੋਲੋਂ ਕੰਮ ਕਰਾਉਣਾ"।

ਜਵਾਲਾ ਸਿੰਘ ਨੇ ਫੇਰ ਉਸਦੀ ਗੱਲ ਵਿਚੋਂ ਈ ਟੋਕ ਦਿੱਤੀ ਸੀ ਤੇ ਕਿਹਾ ਸੀ, "ਚਰਨ ਸਿਹਾਂ ਤੂੰ ਜਿੰਨਾਂ ਮਰਜੀ ਆ ਮਨ ਨੂੰ ਕਲਪਾਈ ਜਾ, ਫੈਦਾ ਕੁਛ ਨਈ ਹੋਣਾ। ਜੇ ਤਾਂ ਕੱਲਾ ਤੇਰਾ ਮੁੰਡਾ ਹੀ ਏਦਾਂ ਹੁੰਦਾ ਤਾਂ ਫੇਰ ਤਾਂ ਬੰਦਾ ਉਹਨੂੰ ਬੁਰਾ ਭਲਾ ਕਹਿੰਦਾ ਵੀ ਚੰਗਾ ਲੱਗਦਾ। ਜਦ ਹੁਣ ਏਥੇ ਸਾਰਿਆਂ ਦਾ ਈ ਏਹੋ ਹਾਲ ਆ ਤਾਂ ਹੁਣ ਵਿਚਾਰੇ ਜਸਵੰਤ ਨੂੰ ਤੂੰ ਕੀ ਫਾਂਸੀ ਲਾ ਦੇਵੇਂਗਾ।"

"ਫਾਂਸੀ ਤਾਂ ਕੀ ਲਾਉਣੀ ਆਂ, ਆਪਣੀ ਮੌਜ ਕਰੇ। ਉਹਦੇ ਘਰਾਂ ਦਾ ਉਹਦੇ ਪੈਸੇ ਦਾ ਮੈਨੂੰ ਕੋਈ ਦੁੱਖ ਥੋੜੇ ਆ। ਪਹਿਲਾਂ ਪਹਿਲਾਂ ਮੈਂ ਉਹਨੂੰ ਪਿੰਡ ਜਮੀਨ ਲੈਣ ਲਈ ਦੋ ਚਾਰ ਵਾਰ ਕਿਹਾ ਸੀ, ਉਹ ਨਹੀਂ ਆਖੇ ਲੱਗਾ ਹਾਰ ਕੇ ਮੈਂ ਕਹਿਣੋ ਈ ਹੱਟ ਗਿਆ। ਮੈਂ ਤਾਂ ਬੱਸ ਹੁਣ ਏਨਾ ਕੁ ਚਾਹੁੰਨਾਂ ਪਈ ਆਪਣੀ ਮਾਂ ਨੂੰ ਕੋਲ ਰੱਖੇ, ਅੱਗੇ ਆਂਗ ਟੱਬਰ 'ਚ ਕਦੀ ਬੈਠਿਆ ਖੇਲਿਆ ਕਰੇ। ਸੱਭ ਕੁਛ ਹੁੰਦਿਆਂ ਸੁੰਦਿਆਂ ਕਿਉਂ ਉਹ ਏਦਾਂ ਦਾ ਨਿਰਮੋਹਾ ਹੋ ਗਿਆ। ਏਸੇ ਗੱਲ ਦੀ ਸਮਝ ਨਈ ਲੱਗਦੀ।"

"ਇਹ ਸਮਝ ਲੱਗਣੀ ਵੀ ਨਈ। ਮੈਂ ਤਾਂ ਹਾਰ ਕੇ ਸੋਚਣਾ ਈ ਛੱਡ ਤਾ ਏਹਨਾਂ ਗੱਲਾਂ ਬਾਰੇ। ਮਨ ਨੂੰ ਬੜੀ ਸ਼ਾਂਤੀ ਆ ਹੁਣ। ਆਪਣੇ ਘਰ 'ਚ ਮੁੜ ਕੇ ਰਾਜੇ ਬਣੇ ਬੈਠੇ ਆਂ।"

"ਇਹ ਤਾਂ ਗੱਲ ਤੇਰੀ ਠੀਕ ਆ ਜਵਾਲਾ ਸਿਹਾਂ ਸੱਚੀਂ, ਮੈਂ ਹੁਣ ਘਰ ਵਹੁਟੀ ਦੇ ਹੱਥਾਂ ਵੱਲ ਈ ਦੇਖਦਾ ਰਹਿੰਨਾ ਪਈ ਕਦੋਂ ਪਕਾਉਂਦੀ ਆ।"

"ਤੈਨੂੰ ਅੱਗੇ ਵੀ ਕਿਹਾ ਤੇ ਹੁਣ ਵੀ ਸੁਣ ਲੈ, ਜਿਦਣ ਤੇਰਾ ਦਿਲ ਕਰੇ ਆਪਣੇ ਕਪੜੇ ਚੁੱਕ ਲਿਆਈਂ। ਆਹ ਮੇਰੇ ਆਲੇ ਬੈੱਡਰੂਮ ਵਿਚ ਵਥੇਰਾ ਥਾਂ ਆਂ ਆਪਾਂ ਇਕ ਮੰਜਾ ਹੋਰ ਲਿਆ ਕੇ ਰੱਖ ਲਵਾਂਗੇ। ਜਦੋਂ ਤੇਰੀ ਸਿੰਘਣੀ ਕੈਲਗਰੀ ਤੋਂ ਮੁੜ ਆਈ ਰਾਮ ਨਾਲ ਆਪਣੀ ਕੋਈ ਬੇਸਮਿੰਟ ਕਰਾਏ ਤੇ ਲੈ ਕੇ ਰਹਿਣ ਲੱਗ ਪਿਓ, ਐਸ਼

ਕਰੋਗੇ। ਮੁੰਡਿਆਂ ਨੇ ਤਾਂ ਜੋ ਕੁਝ ਕਰਨਾ, ਆ ਉਹੀ ਕਰਨਾ ਆ। ਨਾਲੇ ਤੈਨੂੰ ਸੱਚੀ ਦੱਸਾਂ, ਆਪਣੀ ਵਲੋਂ ਤਾਂ ਉਹ ਇਹ ਵੀ ਨਹੀਂ ਸਮਝਦੇ ਪਈ ਉਹ ਕੋਈ ਗਲਤ ਜਾਂ ਮਾੜੀ ਗੱਲ ਕਰਦੇ ਆ। ਮੈਂ ਵੀ ਪਹਿਲਾਂ ਪਹਿਲਾਂ ਤੇਰੇ ਆਂਗ ਆਪਣੇ ਮੁੰਡੇ ਤੇ ਬਹੁਤ ਖਿਝਦਾ ਹੁੰਦਾ ਸੀ। ਹੁਣ ਹੌਲੀ ਹੌਲੀ ਮੈਨੂੰ ਉਹਦੇ ਤੇ ਗੁੱਸਾ ਈ ਆਉਣੋ ਹੱਟ ਗਿਆ। ਹੁਣ ਉਹ ਕਦੀ ਕਦੀ ਆ ਕੇ ਮਿਲ ਵੀ ਜਾਂਦਾ ਆ, ਨਾਲੇ ਨਿਆਣਿਆਂ ਨੂੰ ਮਿਲਾ ਜਾਂਦਾ ਆ ਤੇ ਦਿਨ ਸੁਦ ਹੋਵੇ ਮੈਂ ਵੀ ਚਲੇ ਜਾਂਨਾ ਆਂ। ਚਰਨ ਸਿੰਹਾਂ, ਯਾਰ ਸਿੱਧੀ ਜਿਹੀ ਗੱਲ ਆ, ਜਦ ਆਪਣਾ ਕਮਾਉਣਾ ਆਪਣਾ ਖਾਣਾ ਫੇਰ ਕਾਹਨੂੰ ਇਕ ਦੂਜੇ ਦੇ ਗੱਲ 'ਚ ਗੂਠਾ ਦੇਈ ਰੱਖਣਾ। ਜੇ ਤਾਂ ਬਣਦੀ ਹੋਵੇ ਤਾਂ ਉਹਦੇ ਨਾਲ ਦੀ ਰੀਸ ਨਹੀਂ। ਸਾਡੇ ਤਾਂ ਮੁੰਡੇ ਦੀ ਵਹੁਟੀ ਦੀ ਤੇ ਉਹਦੀ ਮਾਂ ਦੀ ਪਹਿਲੇ ਦਿਨੋਂ ਈ ਨਹੀਂ ਸੀ ਆਪਸ 'ਚ ਬਣੀ। ਰੋਜ ਦੇ ਕਲੇਸ਼ ਤੋਂ ਤੰਗ ਆ ਕੇ ਅਸੀਂ ਤਾਂ ਵੱਖ ਈ ਰਹਿਣ ਲੱਗ ਪਏ। ਜਿੰਨਾ ਚਿਰ ਉਹ ਜੀਂਦੀ ਰਹੀ ਬੜੀ ਸੁਹਣੀ ਲੰਘੀਂ ਗਈ। ਉਹਦੇ ਮਰਨ ਤੇ ਥੋੜ੍ਹੀ ਜਿਹੀ ਤੰਗੀ ਹੋਈ ਸੀ ਰੋਟੀ ਪਾਣੀ ਦੀ। ਮੈਂ ਮਹੀਨਾ ਕੁ ਮੁੰਡੇ ਨਾਲ ਰਿਹਾ ਸੀ। ਪਰ ਮੇਰਾ ਜੀ ਈ ਨਹੀਂ ਲੱਗਾ ਉਹਨਾਂ ਨਾਲ। ਮੈਂ ਤਾਂ ਕੱਲਾ ਈ ਇਕੋ ਬੇਸਮਿੰਟ 'ਚ ਆ ਗਿਆ ਸੀ ਫੇਰ ਆਹ ਪ੍ਰੀਤੂ ਨਾਲ ਰਹਿਣ ਲੱਗ ਪਿਆ। ਹੁਣ ਇਹਦੇ ਨਾਲ ਗੱਪਾਂ ਛੱਪਾਂ ਮਾਰ ਕੇ ਘੜੀ ਲੰਘ ਜਾਂਦੀ ਆ। ਕਿਸੇ ਦੀ ਅੱਧੀ ਨਾ ਸਾਰੀ ਨਾ ਆਪਣੀ ਮੌਜ ਕਰੀ ਦੀ ਆ।" ਜਵਾਲਾ ਸਿੰਘ ਨੇ ਰਸੋਈ ਦੀ ਬੱਤੀ ਬੁਝਾਉਂਦਿਆ ਤੇ ਆਪਣੇ ਕਮਰੇ ਵੱਲ ਨੂੰ ਜਾਂਦਿਆਂ ਕਿਹਾ ਸੀ।

ਜਵਾਲਾ ਸਿੰਘ ਨਾਲ ਕੀਤੀਆਂ ਗੱਲਾਂ ਬਾਰੇ ਸੋਚਦਿਆਂ ਚਰਨ ਸਿੰਘ ਨੇ ਇਕ ਵਾਰੀ ਫਿਰ ਬਾਹਰ ਬਰਫ ਵੱਲ ਦੇਖਿਆ। ਉਹਦਾ ਵੀ ਦਿਲ ਕੀਤਾ ਕਿ ਉਹ ਵੀ ਜਵਾਲਾ ਸਿੰਘ ਵਾਂਗ ਅੱਜ ਕੰਮ ਤੇ ਨਾ ਜਾਵੇ। ਫੇਰ ਉਹਨੇ ਸੋਚਿਆ ਪਈ ਅੱਜ ਸਨਿਚਰਵਾਰ ਆ ਨੂੰਹ ਪੁੱਤ ਦੋਹਾਂ ਨੇ ਈ ਘਰ ਹੋਣਾਂ ਤੇ ਉਹਨੀ ਐਵੇਂ ਸਾਰੀ ਦਿਹਾੜੀ ਅੱਖਾਂ ਜਿਹੀਆਂ ਕੱਢੀ ਜਾਣੀਆਂ। ਉਹਨੇ ਜਵਾਲਾ ਸਿੰਘ ਦੀ ਆਖਰੀ ਗੱਲ ਬਾਰੇ ਫੇਰ ਸੋਚਿਆ। ਕਿਉਂ ਨਾ ਸੱਚੀਂ ਉਹ ਜਾ ਕੇ ਜਵਾਲਾ ਸਿੰਘ ਨਾਲ ਰਹਿਣ ਲੱਗ ਪਵੇ। ਜੇ ਉਹਦੇ ਜਾਣ ਦਾ ਜਸਵੰਤ ਨੂੰ ਕੋਈ ਦਰਦ ਹੋਊਗਾ ਤਾਂ ਆਪੇ ਉਹਦੀ ਮਿੰਤ ਕਰ ਕੇ ਲੈ ਆਵੇਗਾ। ਘੱਟੋ ਘੱਟ ਫੇਰ ਐਸ ਠੰਡੇ ਕਮਰੇ ਤੋਂ ਤਾਂ ਜਾਨ ਛੁਟੂਗੀ। ਪਰ ਫੇਰ ਉਹ ਆਪ ਹੀ ਆਪਣੀ ਇਸ ਸੋਚ ਤੇ ਡਰ ਗਿਆ। ਆਪਣਾ ਘਰ ਕਿਤੇ ਏਦਾਂ ਛੱਡਿਆ ਜਾਂਦਾ ਆ? ਪਰ ਫੇਰ ਉਸੇ ਵੇਲੇ ਦੂਜਾ ਖਿਆਲ ਆ ਗਿਆ ਕਿ ਕੀ ਰੱਖਿਆ ਆ ਮੇਰਾ ਏਸ ਘਰ ਵਿਚ? ਉਹਨੂੰ ਆਪਣਾ ਸਿਰ ਘੁੰਮਦਾ ਲੱਗਾ। ਉਹਨੇ ਸਿਰ ਚੁੱਕ ਕੇ ਕਲਾਕ ਵੱਲ ਦੇਖਿਆ।

ਕਲਾਕ ਤੇ ਪੂਰੇ ਪੰਜ ਵੱਜ ਗਏ ਸਨ। ਉਹਨੇ ਕਾਹਲੀ ਨਾਲ ਅਲਾਰਮ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਫੇਰ ਉਹਨੂੰ ਖਿਆਲ ਆਇਆ ਕਿ ਉਹਨੇ ਅਲਾਰਮ ਤਾਂ ਲਾਇਆ ਈ ਨਹੀਂ ਸੀ। ਉਹ ਹੌਲੀ ਹੌਲੀ ਰਜਾਈ ਪਰ੍ਹਾਂ ਕਰਕੇ ਮੰਜੇ ਚੋਂ ਨਿਕਲਿਆ। ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਉਹ ਕਦੀ ਸੁੱਤਾ ਹੀ ਨਹੀਂ ਹੁੰਦਾ। ਉਹਦਾ ਸਰੀਰ ਥਾਂ ਥਾਂ ਤੋਂ ਦੁੱਖ ਰਿਹਾ ਸੀ। ਉਹਨੇ ਮੰਜੇ ਲਾਗੇ ਪਈ ਆਪਣੀ ਪੈਂਟ ਪਾਉਣ ਲਈ ਚੁੱਕੀ। ਉਹ ਠੰਡ ਨਾਲ ਆਕੜੀ ਪਈ ਸੀ। ਕਮੀਜ ਦਾ ਵੀ ਇਹੋ ਹਾਲ ਸੀ। ਫੇਰ ਉਹ ਹੌਲੀ ਹੌਲੀ ਬੂਹਾ ਖੋਲ੍ਹ ਕੇ ਬਾਥਰੂਮ ਗਿਆ। ਬਾਥਰੂਮ ਦਾ ਪਾਣੀ ਛੱਡਣ ਲੱਗੇ ਨੇ ਉਹਨੇ ਗੋਰੇ ਗੋਰੀ ਬਾਰੇ ਸੋਚਿਆ। ਉਹ ਪਤਾ ਨਹੀਂ ਘਰ ਆਏ ਵੀ ਨਹੀਂ ਸੀ ਜਾਂ ਚਰਨ ਸਿੰਘ ਨੇ ਉਹਨਾਂ ਦੀ ਕੋਈ ਖੜਕ ਨਹੀਂ ਸੀ ਸੁਣੀ। ਉਹਨੇ ਕਾਹਲੀ ਕਾਹਲੀ ਬੁਰਸ਼ ਕੀਤਾ ਤੇ ਗਰਮ ਪਾਣੀ ਛੱਡ ਕੇ ਚੰਗੀ ਤਰ੍ਹਾਂ ਮੂੰਹ ਧੋਤਾ। ਸਰੀਰ ਨਾਲ ਲੱਗਦਾ ਗਰਮ ਪਾਣੀ ਉਹਨੂੰ ਬਹੁਤ ਹੀ ਸੋਹਣਾ ਲੱਗਾ। ਉਹਦਾ ਦਿਲ ਕੀਤਾ ਕਿ ਸ਼ਾਵਰ ਲੈ ਲਵੇ। ਫੇਰ ਉਹਨੇ ਸੋਚਿਆ ਕਿ ਬਾਹਰ ਬਰਫ ਵਿਚ ਜਾਣਾ ਹੈ ਕਿਤੇ ਠੰਡ ਹੀ ਨਾ ਲੱਗ ਜਾਵੇ, ਨਾਲੇ ਉਹ ਸ਼ਾਵਰ ਨਾਲ ਹੋਣ ਵਾਲੇ ਖੜਾਕ ਤੋਂ ਵੀ ਡਰਦਾ ਸੀ। ਮੁੜ ਕੇ ਉਹ ਆਪਣੇ ਕਮਰੇ ਵਿਚ ਆ ਗਿਆ। ਮੰਜੇ ਤੇ ਬੈਠ ਕੇ ਉਹ ਜੁਰਾਬਾਂ ਪਾਉਣ ਲੱਗਾ। ਜੁਰਾਬਾਂ ਵੀ ਆਕੜੀਆਂ ਪਈਆਂ ਸਨ। ਜੁਰਾਬਾਂ ਦਾ ਅਕੜਾ ਜਿਹਾ ਛੋਹਦੇ ਉਹਦੇ ਹੱਥ ਇਕ ਪੱਲ ਰੁਕੇ ਉਹਨੂੰ ਲੱਗਾ ਕਿਤੇ ਉਹ ਕੱਚ ਵਾਂਗ ਟੁੱਟ ਨਾ ਜਾਣ ਤੇ ਉਹਨਾਂ ਦੇ ਖੜਕੇ ਨਾਲ ਗੋਰਾ ਗੋਰੀ ਨਾ ਉਠ ਪੈਣ। ਫੇਰ ਆਪ ਈ ਏਸ ਗੱਲ ਤੇ ਅੰਦਰੋਂ ਹੱਸ ਜਿਹਾ ਪਿਆ। ਫੇਰ ਉਹਨੇ ਮੰਜੇ ਤੋਂ ਈ ਤਾਕੀ ਰਾਹੀਂ ਬਾਹਰ ਦੇਖਿਆ। ਬਰਫ ਨਾਲ ਸੱਭ ਕੁਝ ਚਿੱਟਾ ਹੋਇਆ ਪਿਆ ਸੀ। ਉਹਨੇ ਆਪਣੇ ਆਪ ਨੂੰ ਕਿਹਾ 'ਹਾਂ ਬਈ ਜਵਾਲਾ ਸੌਂਹ ਤਾਂ ਨਹੀਂ ਅੱਜ ਆਉਂਦਾ ਕੰਮ 'ਤੇ।' ਉਹਨੂੰ ਇਕ ਪੱਲ ਲਈ ਜਵਾਲਾ ਸਿੰਘ ਨਾਲ ਈਰਖਾ ਜਿਹੀ ਹੋਈ। ਤੇ ਉਹਦੇ ਮਨ ਵਿਚ ਆਇਆ ਕਿ ਉਹ ਵੀ ਜੇ ਅੱਜ ਕੰਮ ਤੇ ਨਾ ਜਾਵੇ ਤਾਂ ਕਿੰਨਾ ਚੰਗਾ ਹੋਵੇ। ਪਰ ਫੇਰ ਉਹਨੂੰ ਖਿਆਲ ਆਇਆ ਕਿ ਇਹ ਗਲ ਤਾਂ ਪਹਿਲਾਂ ਹੀ ਸੋਚ ਕੇ ਰੱਦ ਕਰ ਹਟਿਆ ਹੈ ਤੇ ਉਹਨੂੰ ਕੰਮ ਤੇ ਜਾਣਾ ਹੀ ਚਾਹੀਦਾ ਹੈ।

ਜੁਰਾਬਾਂ ਪਾ ਕੇ ਉਹਨੇ ਪਿੰਨੀਆਂ ਤੱਕ ਆਉਣ ਵਾਲੇ ਰਬੜੀ ਬੂਟ ਪਾ ਲਏ। ਕੰਧ 'ਚ ਗੱਡੀ ਮੇਖ ਤੋਂ ਉਹਨੇ ਆਪਣੀ ਪੱਗ ਲਾਹ ਕੇ ਕਾਹਲੀ ਨਾਲ ਲਪੇਟੀ। ਉਹਨੇ ਵੱਡੀ ਜੈਕਟ ਪਾ ਕੇ ਉਹਦੀ ਹੁੱਡ ਪੱਗ ਉਤੋਂ ਦੀ ਕਰ ਲਈ। ਕੰਧ ਨਾਲ ਪਈ ਆਪਣੀ ਲੰਚ ਵਾਲੀ ਥੈਲੀ ਚੁੱਕੀ ਜਿਹਦੇ ਵਿਚ ਉਹਦੀ ਨੂੰਹ ਨੇ ਰਾਤੀਂ ਹੀ ਆਂਡਿਆਂ ਦੀਆਂ ਦੋ ਸੈਂਡਵਿੱਚਾਂ, ਇਕ ਕੇਲਾ ਤੇ ਦੋ ਕੁ ਕੁੱਕੀਆਂ ਰੱਖ ਦਿੱਤੀਆਂ ਹੋਈਆਂ ਸਨ।

ਉਹਨੇ ਬੜੀ ਸਾਵਧਾਨੀ ਨਾਲ ਬਿਨ੍ਹਾਂ ਖੜਾਕ ਕਰਨ ਤੋਂ ਬੇਸਮਿੰਟ ਦੀ ਡੋਰ ਖੋਹਲੀ। ਬਾਹਰ ਨਿਕਲਦਿਆਂ ਹੀ ਉਸਦੇ ਪੈਰ ਫੁੱਟ ਫੁੱਟ ਬਰਫ ਵਿਚ ਧੱਸ ਗਏ। ਤਾਜੀ ਬਰਫ ਵਿਚ ਉਹਨੂੰ ਥੋੜ੍ਹਾ ਜ਼ੋਰ ਲਾ ਕੇ ਤੁਰਨਾ ਪਿਆ। ਘਰ ਦੇ ਪਾਸੇ ਤੋਂ ਦੀ ਹੋ ਕੇ ਉਹ ਹੌਲੀ ਹੌਲੀ ਸਾਹਮਣੀ ਸੜਕ ਤੇ ਪਹੁੰਚ ਗਿਆ। ਸੜਕ ਦਾ ਮੋੜ ਮੁੜਨ ਤੋਂ ਪਹਿਲਾਂ ਉਹਨੇ ਇਕ ਵਾਰੀ ਮੁੜ ਕੇ ਘਰ ਵੱਲ ਦੇਖਿਆ। ਘਰ ਦੀ ਛੱਤ ਉਪਰ ਤੇ ਆਸੇ ਪਾਸੇ ਪਈ ਬਰਫ ਨਾਲ ਘਰ ਦਾ ਰੰਗ ਰੂਪ ਹੋਰ ਵੀ ਉਘੜਿਆ ਲੱਗਾ। ਤੇ ਉਹਨੂੰ ਅਚਾਨਕ ਉਹ ਘਰ ਬਹੁਤ ਸੋਹਣਾ ਜਾਪਿਆ। ਘਰ ਦੇ ਸਨ-ਸ਼ੈੱਡ ਥੱਲੇ ਖੜ੍ਹੀਆਂ ਉਹਦੀ ਨੂੰਹ ਪੁੱਤ ਦੀਆਂ ਲਾਲ ਤੇ ਹਰੇ ਰੰਗ ਦੀਆਂ ਕਾਰਾਂ। ਦੂਰੋਂ ਦੇਖਿਆਂ ਉਹਨੂੰ ਘਰ ਸਵਰਗ ਦੀ ਕੋਈ ਚੀਜ਼ ਜਾਪੀ – ਉਹਦੀ ਪਹੁੰਚ ਤੋਂ ਪਰ੍ਹੇ ਦੀ ਕੋਈ ਚੀਜ਼।

ਅੰਦਰ ਦੇ ਜਜ਼ਬਾਤ ਨੂੰ ਦਬਾਉਂਦਿਆਂ ਉਹ ਝੱਟ ਹੀ ਮੂੰਹ ਮੋੜ ਕੇ ਬਸ ਅੱਡੇ ਵੱਲ ਨੂੰ ਤੁਰ ਪਿਆ। ਕੁਝ ਕਦਮ ਤੁਰ ਕੇ ਉਹ ਰੁਕ ਗਿਆ। ਫੇਰ ਉਹਨੇ ਆਪਣੀ ਲੰਚ ਵਾਲੀ ਥੈਲੀ ਇਕ ਪੱਲ ਲਈ ਬਰਫ 'ਤੇ ਰੱਖੀ ਅਤੇ ਜੈਕਟ ਦੀ ਹੁੱਡ ਦੇ ਥੱਲੇ ਆਪਣੀ ਪੱਗ ਠੀਕ ਕੀਤੀ।

ਉਹਨੇ ਘੁੰਮ ਕੇ ਸੜਕ ਦੇ ਦੂਜੇ ਪਾਸੇ ਨੂੰ ਵੇਖਿਆ। ਬਰਫ ਨਾਲ ਸੱਭ ਕੁਝ ਚਿੱਟਾ ਹੋਇਆ ਪਿਆ ਸੀ। ਤੇ ਬਿਜਲੀ ਦੀ ਰੌਸ਼ਨੀ ਵਿਚ ਬਰਫ ਚਮਕਦੀ ਉਹਨੂੰ ਸੋਹਣੀ ਲੱਗੀ। ਉਹ ਪੱਲ ਕੁ ਉਥੇ ਖੜਾ ਸੋਚਦਾ ਰਿਹਾ ਤੇ ਬਰਫ ਵੱਲ ਦੇਖਦਾ ਰਿਹਾ। ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ ਕਿ ਉਹਨੇ ਥੈਲੀ ਚੁੱਕ ਕੇ ਕੱਛੇ ਮਾਰੀ ਤੇ ਇਕ ਵਾਰੀ ਮੁੜ ਕੇ ਆਪਣੇ ਘਰ ਵੱਲ ਨੂੰ ਦੇਖਿਆ। ਉਧਰ ਨੂੰ ਦੇਖਦਿਆਂ ਉਹਨੇ ਸਿਰ ਨੂੰ ਝਟਕਾ ਜਿਹਾ ਦਿੱਤਾ ਤੇ ਸੜਕ ਦੇ ਉਲਟੇ ਪਾਸੇ ਵੱਲ ਨੂੰ ਤੁਰ ਪਿਆ। ਬੱਸ ਦੀ ਉਡੀਕ ਕਰਨ ਦੀ ਬਜਾਏ ਉਹ ਜਵਾਲਾ ਸਿੰਘ ਦੇ ਘਰ ਨੂੰ ਤੁਰ ਪਿਆ ਸੀ ਜੋ ਉਥੋਂ ਮੀਲ ਕੁ ਦੀ ਵਿੱਥ ਤੇ ਸੀ। ਆਪਣੇ ਇਸ ਅਜੀਬ ਫੈਸਲੇ ਨਾਲ ਉਹਨੇ ਅਚਾਨਕ ਆਪਣੇ ਆਪ ਨੂੰ ਫੁੱਲ ਵਰਗਾ ਹੌਲਾ ਤੇ ਅਸਮਾਨ ਵਿਚ ਉਡਦੇ ਪੰਛੀ ਵਾਂਗ ਆਜ਼ਾਦ ਮਹਿਸੂਸ ਕੀਤਾ। ਬਰਫ 'ਚ ਤੁਰਦਿਆਂ ਹੁਣ ਉਹਨੂੰ ਪੈਰਾਂ ਥੱਲੇ ਆ ਰਹੀ ਬਰਫ ਦੀ ਕਿਰਚ ਕਿਰਚ ਦੀ ਆਵਾਜ਼ ਬੜੀ ਸੁਖਾਂਵੀ ਲੱਗਣ ਲੱਗੀ। ਅੱਧਾ ਕੁ ਬਲਾਕ ਜਾ ਕੇ ਉਹਨੇ ਇਕ ਵਾਰੀ ਪਿਛਾਂਹ ਮੁੜ ਕੇ ਦੇਖਿਆ। ਉਹਨੂੰ ਆਪਣੇ ਪੈਰਾਂ ਨਾਲ ਬਰਫ ਦੀ ਪੱਧਰੀ ਹਿੱਕ ਤੇ ਪਾਈ ਪੈੜ ਦੇਖ ਕੇ ਨਿਆਣਿਆਂ ਵਾਂਗ ਖੁਸ਼ੀ ਜਿਹੀ ਮਹਿਸੂਸ ਹੋਈ। ਤੇ ਫੇਰ ਉਹ ਲੰਬੀਆਂ ਲੰਬੀਆਂ ਪਲਾਂਘਾ ਭਰ ਕੇ ਤੁਰਨ ਲੱਗਾ। ❐


## ਲਕੀਰ

ਪੰਜਾਬੀ ਸਾਹਿਤਕ ਹਲਕਿਆਂ ਵਿਚ ਲਕੀਰ ਦੇ ਦੋਬਾਰਾ ਸ਼ੁਰੂ ਹੋਣ ਨਾਲ ਇਕ ਵੱਖਰੀ ਕਿਸਮ ਦੀ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਹੈ। ਲਕੀਰ ਦੇਖ ਕੇ ਇਹ ਖੁਸ਼ੀ ਰਤਾ ਵੀ ਓਪਰੀ ਨਹੀਂ ਲੱਗਦੀ। ਅਸੀਂ ਵਤਨ ਵਲੋਂ ਲਕੀਰ ਦਾ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਪੰਜਾਬੀ ਸਾਹਿਤ ਦਾ ਕੱਦ-ਕਾਠ ਮਿਣਦੀ ਇਹ ਲਕੀਰ ਲੰਬੀ ਹੁੰਦੀ ਰਹੇ॥ ਲਕੀਰ ਦਾ ਸਾਲ ਦਾ ਚੰਦਾ ਪੰਦਰਾਂ ਡਾਲਰ ਹੈ ਤੇ ਹੇਠ ਲਿਖੇ ਪਤੇ ਤੇ ਭੇਜਿਆ ਜਾ ਸਕਦਾ ਹੈ।

ਸੰਪਾਦਕ: ਪ੍ਰੇਮ ਪ੍ਰਕਾਸ਼
ਹਾਊਸ ਨੰਬਰ 593, ਮੋਤਾ ਸਿੰਘ ਨਗਰ
ਜਲੰਧਰ, ਪੰਜਾਬ, 144001

# ਦੇਸ ਤੋਂ ਚਿੱਠੀ

ਜਿਉਂਦੇ ਬੰਦਿਆਂ ਨੂੰ ਫੂਕਣ ਦਾ ਦੌਰ ਫੇਰ ਸ਼ੁਰੂ ਹੋ ਗਿਆ ਹੈ। ਨਵੰਬਰ ਚੌਰਾਸੀ ਦੀ ਦਿੱਲੀ ਨੂੰ ਜਨਵਰੀ ਤ੍ਰਿਆਨਵੇਂ 'ਚ ਬੰਬਈ 'ਚ ਦੋਹਰਾਇਆ ਗਿਆ। ਉਦੋਂ ਦਾ ਗ੍ਰਹਿ ਮੰਤਰੀ ਅੱਜ ਪ੍ਰਧਾਨ ਮੰਤਰੀ ਹੈ। ਸ਼ਿਵ ਸੈਨਾ ਨੇ ਜੋ ਬੰਬਈ 'ਚ ਮੁਸਲਮਾਨਾਂ ਨਾਲ ਕੀਤਾ ਉਸ ਦਾ ਮਾਡਲ ਕਾਂਗਰਸ ਸਰਕਾਰ ਨੇ ਦਿੱਲੀ 'ਚ ਮੁਹੱਈਆ ਕਰ ਦਿੱਤਾ ਸੀ। ਦੇਸ ਵਿਚ ਲੁੰਪਨਾਂ ਦੀ ਤਾਕਤ ਹੈ। ਸ਼ਾਹ ਮੁਹੰਮਦ ਅਜਿਹੇ ਅਣਸਰਾਂ ਨੂੰ ਬੁਰਛੇ ਕਹਿੰਦਾ ਹੈ।

ਅੱਜ ਖੁੜ੍ਹੇ-ਟੁੱਟੇ ਤੇ ਬੇਕਾਰ ਲੋਕ ਕੁਲੀਨ ਤੇ ਮਧਲੇ ਸਿਆਸੀ ਨੇਤਾਵਾਂ ਲਈ ਅਸਲੇ ਦਾ ਕੰਮ ਕਰ ਰਹੇ ਹਨ। ਉਹ ਦਹਿਸ਼ਤ ਫੈਲਾਂਦੇ ਹਨ, ਕਤਲ ਤੇ ਸਾੜ-ਫੂਕ ਕਰਦੇ ਹਨ, ਅਜਿਹਾ ਕਰਕੇ ਨੇਤਾਵਾਂ ਨਾਲ ਜੁੜਦੇ ਹਨ। ਤਾਕਤ ਦੇ ਭੁੱਖੇ ਲੀਡਰ ਮਾਹੌਲ ਨੂੰ ਗਰਮ ਕਰਕੇ ਆਪਣੀ ਸਾਖ ਬਣਾਂਦੇ ਹਨ। ਲੱਖਾਂ ਲੋਕ ਸਿਆਸਤ ਦਾ ਧੰਦਾ ਕਰਦੇ ਹਨ ਤੇ ਲੱਖਾਂ ਹੋਰ ਸਿਆਸਤਦਾਨਾਂ ਦੀ ਪ੍ਰਕਰਮਾ ਕਰਦੇ ਹਨ। ਵਿਦਵਾਨ ਲੋਕ ਕਹਿੰਦੇ ਹਨ ਕਿ ਆਮ ਆਦਮੀ ਨੂੰ ਚੇਤਨਾ ਤੇ ਵਿਗਿਆਨਕ ਸੂਝ ਦੀ ਲੋੜ ਹੈ। ਰਾਜ ਕਰਨ ਵਾਲੇ ਸੋਚਦੇ ਹਨ ਕਿ ਆਮ ਆਦਮੀ ਨੂੰ ਜਹਾਲਤ ਦੀ ਲੋੜ ਹੈ। ਦਿੱਲੀ ਯੂਨੀਵਰਸਿਟੀ 'ਚ ਪ੍ਰੋਫੈਸਰ ਰਹਿ ਚੁੱਕੇ ਰਣਧੀਰ ਸਿੰਘ ਦਾ ਵਿਚਾਰ ਹੈ ਕਿ ਜਿਵੇਂ ਅੰਗ੍ਰੇਜ਼ ਆਪਣੀ ਚੜ੍ਹਤ ਕਾਇਮ ਰੱਖਣ ਲਈ ਧਰਮ ਦੇ ਨਾਂ ਤੇ ਵਖੇਵੇਂ ਪੈਦਾ ਕਰਦੇ ਸਨ, ਅੱਜ ਦੇਸ ਦੀਆਂ ਬੁਰਜੂਆ ਪਾਰਟੀਆਂ ਪਾਸ ਧਰਮ ਸਭ ਤੋਂ ਸੌਖੀ ਜੁਗਤ ਹੈ। ਮਸਲਾ ਤਾਕਤ ਹਾਸਲ ਕਰਨ ਦਾ ਹੈ, ਲੋਕਾਂ ਨੂੰ ਵਰਗਲਾ ਕੇ ਪਿੱਛੇ ਲਗਾਣ ਦਾ ਹੈ।

> ਬੰਬਈ 'ਚ ਕਾਤਲ ਵੰਗਾਰਾਂ ਸੁੱਟ ਰਹੇ ਹਨ: 'ਜੇ ਹਿੰਮਤ ਹੈ ਤਾਂ ਫੜੋ! ਤਾਂ ਪ੍ਰਧਾਨ ਮੰਤਰੀ ਕਹਿੰਦਾ ਹੈ: 'ਸੱਭ ਕਾਬੂ 'ਚ ਹੈ।
>
> ਪੰਜਾਬ 'ਚ ਮਾਜਰਾ ਵੱਖਰਾ ਹੈ। ਸਰਕਾਰੀ ਖਾੜਕੂਆਂ (ਪੁਲੀਸ) ਦੀ ਚੜ੍ਹਤ ਹੈ। ਸਰਕਾਰ ਵਿਰੋਧੀ ਖਾੜਕੂ ਚੁੱਪ ਹਨ।

ਹੁਣ ਬੰਬਈ 'ਚ ਅਮਨ ਹੈ। ਜਾਂ ਅਮਨ ਦਾ ਭਰਮ ਹੈ। ਚੌਰਾਸੀ ਦੇ ਕਾਤਲ ਸ਼ਰੇਆਮ ਤੁਰ ਫਿਰ ਰਹੇ ਹਨ ਤੇ ਦਿੱਲੀ 'ਚ ਅਮਨ ਹੈ। ਕਤਲੇਆਮ ਕਰਾਣ ਵਾਲੇ ਮੰਤਰੀ ਬਣੇ ਬੈਠੇ ਹਨ ਤੇ ਰਾਜਧਾਨੀ 'ਚ ਸਭ ਅੱਛਾ ਹੈ। ਬੰਬਈ 'ਚ ਕਾਤਲ ਵੰਗਾਰਾਂ ਸੁੱਟ ਰਹੇ ਹਨ: 'ਜੇ ਹਿੰਮਤ ਹੈ ਤਾਂ ਫੜੋ! ਤਾਂ ਪ੍ਰਧਾਨ ਮੰਤਰੀ ਕਹਿੰਦਾ ਹੈ: ਸਭ ਕੁਝ ਕਾਬੂ 'ਚ ਹੈ। ਚੌਰਾਸੀ 'ਚ ਨਰਸਿਮ੍ਹਾ ਰਾਓ ਨੇ ਫੁਰਮਾਇਆ ਸੀ: 'ਬਸ ਕਰੋ ਹੁਣ, ਬਹੁਤ ਹੋ ਗਿਆ'। ਡਾਂਟ ਸੁਣ ਕੇ ਕਾਤਲ ਘਰਾਂ ਨੂੰ ਪਰਤ ਜ਼ਰੂਰ ਗਏ ਹੋਣਗੇ। ਅੱਜ ਬੰਬਈ ਦੀ ਖਾਮੋਸ਼ੀ 'ਚ ਆਮ ਬੰਦੇ ਦੀ ਲਾਚਾਰੀ ਹੈ। ਭੈਅ ਤੇ ਸਮਝੌਤਾ ਹੈ। ਦਹਿਸ਼ਤ ਅਗੇ ਰੂਹ ਦੀ ਉਦਾਸੀ ਹੈ। ਮਗਰਮੱਛ ਨਾਲ ਵੈਰ ਨਾ ਕਮਾਉਣ ਦਾ ਫੈਸਲਾ ਹੈ। ਫੈਸਲਾ ਹੈ ਪਰ ਕੁਝ ਕਹਿਣ ਦਾ ਹੌਸਲਾ ਨਹੀਂ।

ਪੰਜਾਬ 'ਚ ਮਾਜਰਾ ਵੱਖਰਾ ਹੈ। ਸਰਕਾਰੀ ਖਾੜਕੂਆਂ (ਪੁਲਿਸ) ਦੀ ਚੜ੍ਹਤ ਹੈ। ਸਰਕਾਰ ਵਿਰੋਧੀ ਖਾੜਕੂ ਚੁੱਪ ਹਨ। ਲੋਕ ਸੁਖ ਦਾ ਸਾਹ ਲੈ ਰਹੇ ਹਨ। ਪੁਰਾਣੀਆਂ ਲਹਿਰਾਂ 'ਚ ਹਨ। ਪੰਚਾਇਤੀ ਚੋਣਾਂ ਸਮੇਂ ਸ਼ਰਾਬ ਦੀਆਂ ਨਦੀਆਂ ਵਹਿ ਤੁਰੀਆਂ। ਕਈ ਨਦੀਆਂ 'ਚ ਮੱਛੀ ਵਾਂਗ ਤੈਰੇ। ਕਈ ਡੁੱਬ ਗਏ। ਸਿਆਣੇ ਗੱਲਾਂ ਕਰਦੇ ਹਨ ਕਿ ਹਜ਼ਾਰਾਂ ਨਿਰਦੋਸ਼ੇ ਮਾਰ ਤੇ ਮਰਵਾ ਕੇ ਪੰਜਾਬ ਨੇ ਕੀ ਖੱਟਿਆ। ਕੇਂਦਰੀ ਸਰਕਾਰ ਟੱਸ ਤੋਂ ਮਸ ਹੋਣ 'ਚ ਸ਼ਰਮ ਮਹਿਸੂਸ ਕਰਦੀ ਹੈ। ਪਹਿਲਾਂ ਦਲੀਲ ਸੀ: 'ਗੱਲ ਕੀਹਦੇ ਨਾਲ ਕਰੀਏ? ਹੁਣ ਗਰਦਨ ਰਤਾ ਮੁੜ ਗਈ ਹੈ: 'ਕਾਹਦੀ ਗੱਲ?'

ਜਨਵਰੀ ਦੇ ਮਹੀਨੇ ਜਦੋਂ ਦਿੱਲੀ 'ਚ ਕੌਮਾਂਤਰੀ ਫਿਲਮ ਮੇਲਾ ਲਗਾਇਆ ਗਿਆ ਤਾਂ 'ਪਾਪੂਲਰ ਸਿਨੇਮਾ ਤੇ ਭਾਰਤੀ ਸਿਆਸਤ' ਬਾਰੇ ਇਕ ਸੈਮੀਨਾਰ ਵੀ ਹੋਇਆ। ਸਿੱਟਾ ਇਹ ਸੀ ਕਿ ਮਜ਼੍ਹਬੀ ਤੇ ਸਿਆਸੀ ਨਾਹਰਿਆਂ ਵਾਂਗ ਚਾਲੂ ਫਿਲਮਾਂ ਵੀ ਲੋਕਾਂ ਦੇ ਮਨਾਂ ਨੂੰ ਕਾਬੂ ਕਰਨ ਦਾ ਜ਼ਰੀਆ ਹਨ ਵਰਨਾ ਰਾਮਾ ਰਾਓ ਜਾਂ ਜੈ ਲਲਿਤਾ ਵਰਗੇ ਵਿਅਕਤੀ ਮੁੱਖ ਮੰਤਰੀ ਨਾ ਬਣ ਸਕਣ। ਸਿਆਸੀ, ਮਜ਼੍ਹਬੀ ਤੇ ਫਿਲਮੀ ਪ੍ਰਵਚਨ ਇਕੋ ਜਿਹਾ ਹੈ। ਇਹ ਪ੍ਰਵਚਨ ਸੱਚ ਤੇ ਤੱਥ ਉਤੇ ਭਰਾਂਤੀਆਂ ਤੇ ਨਾਹਰਿਆਂ ਦੀਆਂ ਤੈਹਾਂ ਜਮਾਂਦਾ ਹੈ। ਜਿਹੜੇ ਲੋਕੀਂ ਇਸ ਦੀ ਗ੍ਰਿਫਤ 'ਚ ਹਨ ਉਹੀ - ਖਾਸ ਕਰਕੇ ਉਨ੍ਹਾਂ 'ਚੋਂ ਨੌਜਵਾਨ - ਲੁੰਪਨਾਂ ਦੀ ਫੌਜ ਬਣਦੇ ਹਨ।

ਦੇਸ ਦਾ ਆਮ ਬੰਦਾ, ਖਾਸ ਕਰਕੇ ਸ਼ਹਿਰਾਂ 'ਚ, ਪਰਾਈ ਭੀੜ ਤੋਂ ਤ੍ਰਹਿੰਦਾ ਹੈ। ਇਸ ਲਈ ਆਪਣਿਆਂ ਦੀ ਭੀੜ 'ਚ ਸ਼ਾਮਲ ਹੁੰਦਾ ਹੈ, ਢਾਰਸ ਤੇ ਸੁਰੱਖਿਆ ਦੀ ਖਾਤਰ। ਤਦ ਉਸ ਅੰਦਰ ਧਾੜਵੀਆਂ ਵਾਲੀ ਮਾਨਸਿਕਤਾ ਉਭਰ ਆਉਂਦੀ ਹੈ। ਜ਼ਿੰਦਗੀ ਦੀਆਂ ਬੇਸ਼ੁਮਾਰ ਦਿੱਕਤਾਂ ਤੇ ਬੇਚੈਨੀਆਂ ਦਾ ਸਤਾਇਆ ਉਹ ਕਿਸੇ ਨਿਸ਼ਾਨੇ ਦੀ ਉਡੀਕ 'ਚ ਰਹਿੰਦਾ ਹੈ ਤਾਂ ਜੋ ਅੰਦਰਲਾ ਗੁਬਾਰ ਕੱਢ ਸਕੇ। ਸਿਆਸਤ, ਧਰਮ ਤੇ ਫਿਲਮਾਂ ਦਾ ਧੰਦਾ ਕਰਨ ਵਾਲਿਆਂ ਨੂੰ ਅਜਿਹੀ ਭੀੜ ਨਾਲ ਖੇਡਣਾ ਆਉਂਦਾ ਹੈ। ਭੀੜ ਮਾਨਸਿਕਤਾ ਆਪਣਾ ਖੂਨੀ ਚਿਹਰਾ ਬੇਨਕਾਬ ਕਰਦੀ ਹੈ। ਬਿਨਾਂ ਭੀੜ ਦੇ ਬੁਰਛਾਗਰਦੀ ਦੇ ਕੋਈ ਅਰਥ ਨਹੀਂ। ਜੇ ਸਿਆਸਤਦਾਨ ਭੀੜਾਂ ਤੋਂ ਸੱਖਣਾ ਹੈ ਤਾਂ ਨਕਾਰਾ ਹੋ ਜਾਵੇਗਾ ਤੇ ਫਿਲਮੀ ਹੀਰੋ ਬੇਕਾਰ!

ਕਿਸੇ ਵੇਲੇ ਬੰਬਈ ਤਰੱਕੀ-ਪਸੰਦ ਲੇਖਕਾਂ ਦਾ ਗੜ੍ਹ ਸੀ। ਸਰਦਾਰ ਜਾਫ਼ਰੀ, ਕ੍ਰਿਸ਼ਨ ਚੰਦਰ, ਰਜਿੰਦਰ ਸਿੰਘ ਬੇਦੀ, ਸਾਹਿਰ, ਅੱਬਾਸ, ਬਲਰਾਜ ਸਾਹਨੀ, ਅਜਿਹੇ ਨਾਂ ਹਨ ਜਿਨ੍ਹਾਂ ਕਰਕੇ ਇਕ ਦੌਰ ਰੋਸ਼ਨ ਹੋ ਉਠਿਆ। ਅੱਜ ਸੁਲਝੇ ਤੇ ਚੇਤੰਨ ਫਿਲਮ ਡਾਇਰੈਕਟਰ ਕਮਰਸ਼ਲ ਲਾਚਾਰੀ ਦਾ ਸ਼ਿਕਾਰ ਹਨ। ਰਹਿੰਦੀ ਕਸਰ ਸਰਕਾਰ ਦੀ ਦੋਗਲੀ ਨੀਤੀ ਪੂਰੀ ਕਰ ਦੇਂਦੀ ਹੈ। ਆਨੰਦ ਪਟਵਰਧਨ ਦੀ ਡਾਕੂਮੈਂਟਰੀ 'ਰਾਮ ਕੇ ਨਾਮ ਪਰ' ਸਰਕਾਰੀ ਟੀ. ਵੀ. ਨੇ ਰੱਦ ਕਰ ਦਿੱਤੀ ਤੇ ਨਾ ਹੀ ਫਿਲਮ ਫੈਸਟੀਵਲ 'ਚ ਸ਼ਾਮਲ ਕੀਤੀ ਗਈ। ਕਾਰਨ: ਇਸ ਫਿਲਮ ਵਿਚ ਬਾਬਰੀ ਮਸਜਿਦ - ਰਾਮ ਮੰਦਰ ਖਿੱਚੋਤਾਨ ਬਾਰੇ ਅਣਜਾਣੇ ਤੱਥ ਸ਼ਾਮਲ ਕੀਤੇ ਗਏ ਸਨ। ਇਸੇ ਹੀ ਡਰਾਇਕਟਰ ਦੀ ਪੰਜਾਬ ਬਾਰੇ ਫਿਲਮ 'ਮੋਏ ਮਿਤਰਾਂ ਦੇ ਨਾਂ' ਵੀ ਪਾਸ ਨਹੀਂ ਸੀ ਕੀਤੀ ਗਈ। ਅੱਜ ਕਲਾਕਾਰ ਸੱਚ ਬੋਲਣ ਕਰਕੇ ਖਵਾਰ ਹੋ ਰਹੇ ਹਨ। ਸਨਕੀਪਣ ਤੇ ਨਿਰਾਸ਼ਾਂ ਦਾ ਫੈਲਣਾ ਸੁਭਾਵਕ ਹੈ। ਇਸ ਦੇ ਉਲਟ ਫਿਲਮ ਫੈਸਟੀਵਲ 'ਚ ਹੌਲੀਵੁੱਡ ਦੀ 'ਬੇਸਿਕ ਇੰਸਟਿੰਕਟ' ਨੇ ਸਭ ਤੋਂ ਵੱਧ ਭੀੜ ਖਿੱਚੀ। ਅਫਸਰ ਤੇ ਮੰਤਰੀ ਵੀ ਆਏ। ਆਸਟ੍ਰੇਲੀਆ ਦਾ ਫਿਲਮਸਾਜ਼ ਪਾਲ ਕੌਕਸ ਪੁੱਛਣ ਲੱਗਾ: 'ਬੇਸਿਕ ਇੰਸਟਿੰਕਟ ਜਿਹੀ ਗਲੀਜ਼ ਫਿਲਮ ਇਸ ਫੈਸਟੀਵਲ 'ਚ ਕੀ ਕਰ ਰਹੀ ਹੈ?' ਉੱਤਰ ਮਿਲਿਆ: 'ਇਸ ਫਿਲਮ ਨਾਲ ਹੀ ਤਾਂ ਫੈਸਟੀਵਲ 'ਚ ਗਰਮੀ ਆਈ ਹੈ।'

ਬੰਬਈ ਦੀ ਗੱਲ ਤੁਰੀ ਹੈ ਤਾਂ ਪੰਜਾਬੀ ਲੇਖਕਾਂ ਦੇ ਹਵਾਲੇ ਬਗੈਰ ਪੂਰੀ ਨਹੀਂ ਹੋਣੀ। ਪੰਜਾਹਾਂ ਦੇ ਦਹਾਕੇ 'ਚ ਹੀ ਬੰਬਈ 'ਚ ਪੰਜਾਬੀ ਸਾਹਿਤ ਸਭਾ ਕਾਇਮ ਹੋ ਚੁੱਕੀ ਸੀ। ਮੀਟਿੰਗਾਂ ਰਾਜਿੰਦਰ ਸਿੰਘ ਬੇਦੀ ਦੇ ਘਰ ਤੇ ਬਾਦ ਵਿਚ ਬਲਰਾਜ ਸਾਹਨੀ ਦੇ ਘਰ ਹੁੰਦੀਆਂ ਰਹੀਆਂ। ਬੇਹਤ੍ਰੀਨ ਪੰਜਾਬੀ ਤ੍ਰੈਮਾਸਕ 'ਚੇਤਨਾ' ਬੰਬਈ 'ਚ 1955 'ਚ ਸ਼ੁਰੂ ਹੋਇਆ ਜਿਸ ਦੇ ਸ਼ੁਰੂ ਵਿਚ ਕਰਤਾ-ਧਰਤਾ ਸੁਖਬੀਰ ਤੋਂ ਇਲਾਵਾ ਅੱਜ ਦਾ ਪ੍ਰਸਿੱਧ ਗੀਤਕਾਰ ਤੇ ਡਾਇਰੈਕਟਰ

ਗੁਲਜ਼ਾਰ (ਉਦੋਂ ਗੁਲਜ਼ਾਰ ਦੀਨਵੀ), ਸਵਰਨ ਤੇ ਪੇਂਟਰ ਪ੍ਰਦੁਮਨ ਸਨ। ਬਾਦ ਵਿਚ 'ਚੇਤਨਾ' ਦੀ ਸਾਰੀ ਜ਼ਿੰਮੇਵਾਰੀ ਸਵਰਨ ਸਿਰ ਪੈ ਗਈ ਜੋ ਉਸਨੇ ਬਾਰਾਂ ਸਾਲ ਨਿਭਾਈ। ਸਵਰਨ ਹੁਣ ਵੀ ਬੰਬਈ 'ਚ ਹੈ ਤੇ ਪਹਿਲਾਂ ਵਾਂਗ ਕਵਿਤਾ ਨਹੀਂ ਲਿਖਦਾ। ਹਰਨਾਮ ਸਿੰਘ ਨਾਜ਼ ਜ਼ਿੰਦਗੀ ਭਰ ਬੰਬਈ ਦੀਆਂ ਸੜਕਾਂ ਗਾਂਹਦਾਂ ਰਿਹਾ, ਮਿਹਨਤ ਕਰਦਾ ਰਿਹਾ, ਸੰਤੋਖ ਸਿੰਘ ਧੀਰ ਵਾਂਗ ਸਿਆਸੀ ਰੰਗਣ ਦੀ ਕਵਿਤਾ ਲਿਖਦਾ ਰਿਹਾ। ਉਸਨੇ ਬੇਦੀ ਦਾ 'ਇਕ ਚਾਦਰ ਮੈਲੀ ਸੀ' ਦਾ ਪੰਜਾਬੀ 'ਚ ਅਨੁਵਾਦ ਕੀਤਾ, 1961 'ਚ। ਕੁਝ ਵਰ੍ਹੇ ਹੋਏ ਉਹ ਬੰਬਈ ਸਮੇਤ ਇਸ ਸੰਸਾਰ ਨੂੰ ਫਤਿਹ ਬੁਲਾ ਗਿਆ। ਕਵੀ ਕ੍ਰਿਸ਼ਨ ਸਰਸ਼ਾਰ ਵੀ ਰੋਟੀ-ਰੋਜ਼ੀ 'ਚ ਕਵਿਤਾ ਭੁਲ ਗਿਆ। ਬੂਟਾ ਸਿੰਘ ਸ਼ਾਦ ਨੇ 'ਅੱਧੀ ਰਾਤ ਪਹਿਰ ਦਾ ਤੜਕਾ' ਤੇ 'ਕੁੱਤਿਆਂ ਵਾਲੇ ਸਰਦਾਰ' ਨਾਵਲਾਂ ਨਾਲ ਹਲਚਲ ਪੈਦਾ ਕੀਤੀ। ਹੁਣ ਉਹ ਵਾਰਸੋਵਾ ਰੋਡ ਦੇ ਫਲੈਟ 'ਚ ਰਹਿ ਕੇ ਪੰਜਾਬੀ ਨਾਵਲ ਵੀ ਲਿਖੀ ਜਾਂਦਾ ਹੈ ਤੇ ਰੇਖਾ, ਸ੍ਰੀ ਦੇਵੀ ਆਦਿ ਨੂੰ ਲੈ ਕੇ ਮਸਾਲਾ ਫਿਲਮਾਂ ਵੀ ਬਣਾਂਦਾ ਹੈ। ਰਤਾ ਕੁ ਅਗਾਂਹ ਅਮਰੀਕ ਗਿੱਲ ਰਹਿੰਦਾ ਹੈ ਜਿਸਦਾ ਇਕੋ ਵੇਲੇ ਓਮਪੁਰੀ, ਅਨੂਪਮ ਖੇਰ, ਬਲਵੰਤ ਗਾਰਗੀ ਦੇ ਨਾਲੋਂ ਨਾਲ ਵੈਨਕੂਵਰ, ਜਲੰਧਰ, ਚੰਡੀਗੜ੍ਹ ਨਾਲ ਰਾਬਤਾ ਹੈ। ਅਮਰੀਕ ਅੱਜ ਕੱਲ੍ਹ ਬੰਬਈ 'ਚ ਪੰਜਾਬੀ ਸਾਹਿਤ ਦਾ ਸਫ਼ੀਰ ਹੈ।

ਅਖੀਰ ਵਿਚ ਖਬਰ ਏ ਕਿ ਪ੍ਰੇਮ ਪ੍ਰਕਾਸ਼ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਣ ਨਾਲ ਸਾਰੇ ਖੁਸ਼ ਹਨ। ਇਹ ਸਰਬਪੱਖੀ ਖੁਸ਼ੀ ਬੜੇ ਸਾਲਾਂ ਬਾਦ ਨਸੀਬ ਹੋਈ ਹੈ। ਪ੍ਰੇਮ ਨਾਲ ਪੰਜਾਬੀ ਕਹਾਣੀ ਵਿਸ਼ਵ ਪੱਧਰ ਤਕ ਪੁੱਜ ਜਾਂਦੀ ਹੈ। ਉਹ ਮਨੋ-ਬਿਰਤਾਂਤ ਸਿਰਜਦਾ ਹੈ। ਮਨੁੱਖੀ ਮਨ ਦੇ ਹਨੇਰੇ ਕੋਨੇ ਪਲ ਭਰ ਲਈ ਇਕ ਲਿਸ਼ਕਾਰ 'ਚੋਂ ਗੁਜ਼ਰ ਜਾਂਦੇ ਹਨ। ਉਸ ਦੀਆਂ ਕਹਾਣੀਆਂ ਉਹ ਕੁੱਝ ਕਹਿ ਜਾਂਦੀਆਂ ਹਨ ਜੋ ਪੰਜਾਬੀ 'ਚ ਅੱਗੇ ਕਦੀ ਨਹੀ ਕਿਹਾ ਗਿਆ। ਇਹੀ ਪ੍ਰੇਮ ਪ੍ਰਕਾਸ਼ ਦਾ ਕਮਾਲ ਹੈ। ❐

**ਗੁਰਬਚਨ** - ਚੰਡੀਗੜ੍ਹ


# CLAY OVEN RESTAURANT

## ਕਲੇਅ ਓਵਨ ਰੈਸਟੋਰੈਂਟ

9386-120 ਸਟਰੀਟ, ਸਰੀ ਬੀ.ਸੀ.

ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।

ਵੈਜੇਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

**ਫੋਨ: ਜਗਮਿੰਦਰ ਮਾਂਗਟ**

**(604) 589-7622**


ਵਤਨ ਦੇ ਮਿਹਨਤਕਸ਼ਾਂ ਦੀ ਇਹ ਖਾਹਿਸ਼ ਹੈ ਕਿ ਇਹ [illegible] ਹੋ ਜਿਹਨਾਂ ਨਾਲ ਅਸੀਂ ਵਤਨ ਬਾਰੇ ਲੋਕਾਂ ਨੂੰ ਦੱਸ ਸਕੀਏ ਤੇ ਉਹਨਾਂ ਨੂੰ ਪਾਠਕ ਬਣਨ ਲਈ ਕਹਿ ਸਕੀਏ। ਇਸ ਕੰਮ ਵਿਚ ਸਾਨੂੰ ਵਤਨ [illegible] ਬਣਾ ਸਕੋ। ਤੁਹਾਡੀ ਇਸ ਛੋਟੀ ਜਿਹੀ ਕੋਸ਼ਿਸ਼ ਨਾਲ ਸਾਡੇ ਪਾਠਕਾਂ ਦੀ ਗਿਣਤੀ ਦੁਗਣੀ ਹੋ ਸਕਦੀ ਹੈ। ਕੁਦਰਤੀ ਸਾਨੂੰ ਤਾਂ ਇਸ ਗੱਲ ਨਾਲ ਖੁਸ਼ੀ ਮਿਲਣੀ ਹੀ, ਸੰਭਵ ਹੈ ਕਿ ਅਜਿਹਾ ਕਰਨ ਨਾਲ ਤੁਹਾਨੂੰ ਵੀ ਖੁਸ਼ੀ ਮਿਲੇ।


ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

*New *Usaed * Trad-Ins Lowest Prices Guaranteed in B.C.

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

# Royal Furniture Ltd.

**2607 Main St. (at 10 th. ave.), Vancouver, B.C. Tel. 874-9525**

visa and master card accepted

# LOWEST PRICES GURANTEED IN B.C.

# ਅੰਤਰਰਾਸ਼ਟਰੀ ਮੁਦਰਾ ਕੋਸ਼ (IMF) ਅਤੇ ਤੀਜੀ ਦੁਨੀਆਂ ਦੇ ਦੇਸ਼

## ਸੁਖਵੰਤ ਹੁੰਦਲ

ਵੱਖ ਵੱਖ ਤੱਥਾਂ ਅਨੁਸਾਰ ਹਰ ਸਾਲ 2,000 ਕਰੋੜ ਡਾਲਰ ਦੇ ਕਰੀਬ ਦੌਲਤ ਤੀਜੀ ਦੁਨੀਆਂ ਦੇ ਦੇਸ਼ਾਂ ਤੋਂ ਪਹਿਲੀ ਦੁਨੀਆਂ ਦੇ ਦੇਸ਼ਾਂ ਵੱਲ ਦਾ ਸਫਰ ਕਰਦੀ ਹੈ। ਦੌਲਤ ਦਾ ਇਹ ਸਫਰ ਸੰਸਾਰ ਪ੍ਰਬੰਧ ਦੀ ਅਜੋਕੀ ਬਣਤਰ ਦਾ ਨਤੀਜਾ ਹੈ। ਇਸ ਬਣਤਰ ਕਰਕੇ ਤੀਜੀ ਦੁਨੀਆਂ ਦੇ (ਵਿਕਾਸਸ਼ੀਲ) ਦੇਸ਼ ਪਹਿਲੀ ਦੁਨੀਆਂ ਦੇ (ਵਿਕਸਤ) ਦੇਸ਼ਾਂ ਲਈ ਕੱਚੇ ਮਾਲ ਦੇ ਸੋਮੇ ਅਤੇ ਵਿਕਸਤ ਦੇਸ਼ਾਂ ਵਿਚ ਤਿਆਰ ਕੀਤੇ ਮਾਲ ਦੀ ਖਪਤ ਲਈ ਮੰਡੀ ਹਨ। ਪਹਿਲੀ ਦੁਨੀਆਂ ਵਿਚ ਜੀਵਨ ਤੇ ਖੁਸ਼ਹਾਲੀ ਦਾ ਪੱਧਰ ਉੱਚਾ ਰੱਖਣ ਲਈ ਤੀਜੀ ਦੁਨੀਆਂ ਤੋਂ ਆਈ ਇਸ ਦੌਲਤ ਦਾ ਵੱਡਾ ਹੱਥ ਹੈ। ਦੌਲਤ ਦਾ ਇਹ ਵਹਾਅ ਚਲਦਾ ਰੱਖਣ ਲਈ ਪਹਿਲੀ ਦੁਨੀਆਂ ਦੇ ਦੇਸ਼ ਕਈ ਤਰ੍ਹਾਂ ਦੇ ਢੰਗ ਵਰਤਦੇ ਹਨ। ਇਹਨਾਂ ਢੰਗਾਂ ਵਿਚੋਂ ਇਕ ਢੰਗ ਹੈ ਅੰਤਰਰਾਸ਼ਟਰੀ ਪੱਧਰ ਦੇ ਅਦਾਰਿਆਂ ਨੂੰ ਆਪਣੇ ਕੰਟਰੋਲ ਵਿਚ ਰੱਖ ਕੇ ਸੰਸਾਰ ਦਾ ਵਿਉਪਾਰਕ ਪ੍ਰਬੰਧ ਆਪਣੇ ਹਿਤਾਂ ਅਨੁਸਾਰ ਚਲਾਉਣਾ। ਅੰਤਰਰਾਸ਼ਟਰੀ ਪੱਧਰ ਦੇ ਇਸ ਤਰ੍ਹਾਂ ਦੇ ਅਦਾਰਿਆਂ ਵਿਚੋਂ ਇਕ ਅਦਾਰਾ ਹੈ ਅੰਤਰਰਾਸ਼ਟਰੀ ਮੁਦਰਾ ਕੋਸ਼ (ਇੰਟਰਨੈਸ਼ਨਲ ਮੋਨਟਰੀ ਫੰਡ)।

ਇਸ ਲੇਖ ਦਾ ਮਕਸਦ ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਨਾਲ ਇਸ ਦੇ ਸਬੰਧਾਂ ਦਾ ਨਿਰੀਖਣ ਕਰਨਾ ਹੈ। ਅਜਿਹਾ ਕਰਨ ਲਈ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਪਿਛੋਕੜ, ਇਸ ਦੀ ਤਾਕਤ, ਇਸ ਵਲੋਂ ਅਪਣਾਈਆਂ ਜਾਂਦੀਆਂ ਪਾਲਸੀਆਂ, ਇਹਨਾਂ ਪਾਲਸੀਆਂ ਦੇ ਤੀਜੀ ਦੁਨੀਆਂ ਦੇ ਦੇਸ਼ਾਂ ਤੇ ਲੋਕਾਂ ਤੇ ਪੈਂਦੇ ਅਸਰਾਂ ਅਤੇ ਇਹਨਾਂ ਪਾਲਸੀਆਂ ਨਾਲ ਪਹਿਲੀ ਦੁਨੀਆਂ ਦੇ ਦੇਸ਼ਾਂ ਨੂੰ ਹੁੰਦੇ ਫਾਇਦਿਆਂ ਉਪਰ ਨਿਗ੍ਹਾ ਮਾਰੀ ਜਾਵੇਗੀ।

ਅੰਤਰਰਾਸ਼ਟਰੀ ਮੁਦਰਾ ਕੋਸ਼ ਆਪਣੀ ਸਾਥੀ ਸੰਸਥਾ, ਸੰਸਾਰ ਬੈਂਕ, ਦੇ ਨਾਲ ਸੰਨ 1944 ਵਿਚ ਹੋਂਦ ਵਿਚ ਆਇਆ। ਇਹਨਾਂ ਦੋਹਾਂ ਸੰਸਥਾਵਾਂ ਦਾ ਮਕਸਦ ਅੰਤਰਰਾਸ਼ਟਰੀ ਪੱਧਰ ਤੇ ਸਰਮਾਏਦਾਰੀ ਆਰਥਿਕ ਅਤੇ ਵਿਉਪਾਰਕ ਪ੍ਰਬੰਧ ਦੇ ਠੀਕ ਢੰਗ ਨਾਲ ਚੱਲ ਸਕਣ ਲਈ ਹਾਲਤ ਕਾਇਮ ਕਰਨਾ ਸੀ ਤਾਂ ਕਿ ਫਿਰ 1920ਵਿਆਂ ਵਾਲਾ ਮੰਦਵਾੜਾ ਨਾ ਆ ਸਕੇ। ਸੰਸਾਰ ਬੈਂਕ ਦਾ ਕੰਮ ਲੰਮੇ ਸਮੇਂ ਦੇ ਵਿਕਾਸ - ਪ੍ਰਾਜੈਕਟਾਂ ਲਈ ਮਦਦ ਅਤੇ ਕਰਜੇ ਦੇਣਾ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਮਕਸਦਾਂ ਵਿਚੋਂ ਮੁੱਖ ਮਕਸਦ ਅੰਤਰਰਾਸ਼ਟਰੀ ਪੱਧਰ ਤੇ ਵਿਉਪਾਰਕ ਲੈਣ ਦੇਣ ਵਿਚ ਅਦਾਇਗੀ ਲਈ ਸਾਧਨ ਮੁਹੱਈਆ ਕਰਨਾ ਹੈ। ਇਹ ਮਕਸਦ ਪੂਰਾ ਕਰਨ ਲਈ ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਇਕ ਕਾਰਜ ਉਹਨਾਂ ਦੇਸ਼ਾਂ ਨੂੰ ਥੋੜ੍ਹੇ ਵਕਫੇ ਲਈ ਕਰਜੇ ਦੇਣਾ ਹੈ ਜਿਹਨਾਂ ਨੂੰ 'ਬੈਲੈਂਸ ਆਫ ਪੇਮੈਂਟ' ਦੀ ਸਮੱਸਿਆ ਆ ਰਹੀ ਹੋਵੇ। ('ਅੰਤਰਰਾਸ਼ਟਰੀ ਵਿਉਪਾਰ ਦੌਰਾਨ ਜਿੰਨੀ ਰਕਮ ਇਕ ਦੇਸ਼ ਨੂੰ ਦੂਜੇ ਦੇਸ਼ਾਂ ਅਤੇ ਅਦਾਰਿਆਂ ਤੋਂ ਮਿਲੀ ਹੈ ਅਤੇ ਜਿੰਨੀ ਰਕਮ ਉਸ ਦੇਸ਼ ਨੇ ਦੂਜੇ ਦੇਸ਼ਾਂ ਅਤੇ ਅੰਤਰਰਾਸ਼ਟਰੀ ਅਦਾਰਿਆਂ ਨੂੰ ਅਦਾ ਕੀਤੀ ਹੈ, ਇਹਨਾਂ ਦੋਹਾਂ ਦੇ ਫਰਕ ਨੂੰ 'ਬੈਲੈਂਸ ਆਫ ਪੇਮੈਂਟ' ਕਹਿੰਦੇ ਹਨ।)

1944 ਦਾ ਸਮਾਂ ਉਹ ਸਮਾਂ ਸੀ ਜਦੋਂ ਯੂਰਪ ਦੂਜੀ ਸੰਸਾਰ ਜੰਗ ਦੀ ਤਬਾਹੀ ਨਾਲ ਆਰਥਿਕ ਤੌਰ ਤੇ ਕਾਫੀ ਕਮਜ਼ੋਰ ਹੋ ਗਿਆ ਸੀ ਅਤੇ ਸਯੁੰਕਤ ਰਾਜ ਅਮਰੀਕਾ ਇਕ ਸੰਸਾਰ ਤਾਕਤ ਵਜੋਂ ਸਥਾਪਤ ਹੋ ਰਿਹਾ ਸੀ। ਆਪਣੇ ਸਰਮਾਏ ਦੇ ਵਾਧੇ ਲਈ ਉਸਨੂੰ ਇਸ ਤਰ੍ਹਾਂ ਦੇ ਅਦਾਰਿਆਂ ਦੀ ਲੋੜ ਸੀ ਜਿਹਨਾਂ ਨਾਲ ਉਹ ਸੰਸਾਰ ਦਾ ਵਿਉਪਾਰਕ ਪ੍ਰਬੰਧ ਆਪਣੀ ਮਰਜੀ ਅਨੁਸਾਰ ਢਾਲ ਸਕੇ। ਇਸ ਕਾਰਨ ਸਯੁੰਕਤ ਰਾਜ ਅਮਰੀਕਾ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼ ਵਿਚ ਆਪਣੀ ਸਰਦਾਰੀ ਕਾਇਮ ਕਰ ਲਈ। ਮੁਦਰਾ ਕੋਸ਼ ਦੇ ਬਹੁਤੇ ਨਿਯਮ ਅਤੇ ਪਾਲਸੀਆਂ ਸਯੁੰਕਤ ਰਾਜ ਅਮਰੀਕਾ ਦੀ ਮਰਜੀ ਅਨੁਸਾਰ ਹੀ ਬਣੀਆਂ ਹਨ। ਜਿਵੇਂ ਇਹ ਗੱਲ ਉਸਦੇ ਡੈਲੀਗੇਸ਼ਨ ਦੇ ਕਹੇ ਅਨੁਸਾਰ ਹੀ ਹੋਈ ਕਿ ਜਿਸ ਦੇਸ਼ ਨੂੰ ਸੰਸਾਰ ਵਿਉਪਾਰ ਵਿਚ 'ਬੈਲੇਂਸ ਆਫ ਪੇਮੈਂਟ' ਦੀਆਂ ਮੁਸ਼ਕਿਲਾਂ ਆ ਰਹੀਆਂ ਹੋਣ, ਤਾਂ ਇਸ ਸਮੱਸਿਆ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਉਸਦੀ ਹੀ ਹੈ। ਇਸਦੇ ਨਾਲ ਹੀ ਕਰਜਾ ਦੇਣ ਵਾਲੇ ਅਦਾਰੇ ਕੋਲ ਅਜਿਹੇ ਸਾਧਨ ਹੋਣੇ ਚਾਹੀਦੇ ਹਨ ਕਿ ਜਿਸ ਨਾਲ ਉਹ ਅਦਾਇਗੀ ਨਾ ਕਰ ਸਕਣ ਵਾਲੇ ਦੇਸ਼ ਨੂੰ 'ਬੈਲੈਂਸ ਆਫ ਪੇਮੈਂਟ' ਦੇ ਡਸਿਪਲਨ ਹੇਠ ਲਿਆ ਸਕੇ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਫੈਸਲੇ ਲੈਣ ਦਾ ਢੰਗ ਅਜਿਹਾ ਰੱਖਿਆ ਗਿਆ ਹੈ ਕਿ ਜਿਸ ਨਾਲ ਉਸ ਵਿਚ ਪੱਛਮ ਦੇ ਵਿਕਸਤ ਦੇਸ਼ਾਂ ਤੇ ਖਾਸ ਕਰਕੇ ਸਯੁੰਕਤ ਰਾਜ ਅਮਰੀਕਾ ਦੀ ਸਰਦਾਰੀ ਕਾਇਮ ਰਹਿ ਸਕੇ। ਮੁਦਰਾ ਕੋਸ਼ ਵਿਚ ਇਕ ਦੇਸ਼ ਲਈ ਇਕ ਵੋਟ ਦਾ ਹੱਕ ਨਹੀਂ ਸਗੋਂ ਇਕ ਦੇਸ਼ ਨੂੰ ਕਿੰਨੀਆਂ ਵੋਟਾਂ ਮਿਲਣੀਆਂ ਹਨ ਇਹ ਕੋਟੇ ਤੇ ਆਧਾਰਿਤ ਹੈ। ਇਕ ਦੇਸ਼ ਦੀਆਂ ਵੋਟਾਂ ਦਾ ਕੋਟਾ ਨਿਸ਼ਚਿਤ ਕਰਨ ਲਈ ਉਸ ਦੇਸ਼ ਦੀ ਕੌਮੀ ਆਮਦਨ, ਸੋਨੇ ਅਤੇ ਰਾਖਵੀਂ ਵਿਦੇਸ਼ੀ ਮੁਦਰਾ (ਫਾਰਨ ਐਕਸਚੇਂਜ ਰੀਜ਼ਰਵ), ਵਿਦੇਸ਼ੀ ਵਿਉਪਾਰ, ਨਿਰਯਾਤ ਤੇ ਨਿਰਭਰਤਾ ਅਤੇ ਅਜਿਹਿਆਂ ਹੋਰ ਗੱਲਾਂ ਨੂੰ ਧਿਆਨ ਵਿਚ ਰੱਖਿਆ ਗਿਆ। ਇਸ ਹੀ ਕਾਰਨ ਅੱਜ ਤੱਕ ਮੁਦਰਾ ਕੋਸ਼ ਵਿਚ ਵੋਟਾਂ ਦੀ ਤਾਕਤ ਸੰਸਾਰ ਦੇ ਪੰਜ ਸਨਅਤੀ ਦੇਸ਼ਾਂ ਅਤੇ ਖਾਸ ਕਰਕੇ ਸਯੁੰਕਤ ਰਾਜ ਅਮਰੀਕਾ ਦੇ ਹੱਥ ਵਿਚ ਹੀ ਰਹੀ ਹੈ। ਹੁਣ ਪੰਜ ਪ੍ਰਮੁੱਖ ਸਨਅਤੀ ਦੇਸ਼ਾਂ ਵਿਚਕਾਰ ਵੋਟਾਂ ਦੀ ਵੰਡ ਇਸ ਪ੍ਰਕਾਰ ਹੈ: ਸਯੁੰਕਤ ਰਾਜ ਅਮਰੀਕਾ (19.3 %), ਗਰੇਟ ਬ੍ਰਿਟੇਨ (6.7%), ਜਰਮਨੀ (5.8%), ਫਰਾਂਸ (4.8%) ਅਤੇ ਜਾਪਾਨ (4.6 %)। ਇਹਨਾਂ ਚਾਰ ਦੇਸ਼ਾਂ ਵਿਚੋਂ ਕਿਸੇ ਵੀ ਇਕ ਦੇਸ਼ ਦੀ ਮਦਦ ਨਾਲ ਸਯੁੰਕਤ ਰਾਜ ਅਮਰੀਕਾ ਮੁਦਰਾ ਕੋਸ਼ ਦੇ ਫੈਸਲਿਆਂ ਤੇ ਕੰਟਰੋਲ ਕਰ ਸਕਦਾ ਹੈ ਕਿਉਂਕਿ ਬਹੁਤੇ ਫੈਸਲਿਆਂ ਦੇ ਪਾਸ ਹੋਣ ਲਈ 75% ਵੋਟਾਂ ਦੀ ਲੋੜ ਹੈ। ਖਾਸ ਫੈਸਲਿਆਂ, ਜਿਵੇਂ ਵੋਟਾਂ ਦੇ ਕੋਟੇ ਵਿਚ ਤਬਦੀਲੀ, ਵਿਚ ਸਯੁੰਕਤ ਰਾਜ ਅਮਰੀਕਾ ਕੋਲ ਇਕ ਕਿਸਮ ਦੀ ਵੀਟੋ ਹੀ ਹੈ ਕਿਉਂਕਿ ਇਹਨਾਂ ਫੈਸਲਿਆਂ ਦੇ ਪਾਸ ਹੋਣ ਲਈ 85% ਵੋਟਾਂ ਦੀ ਲੋੜ ਹੈ।

1944 ਵਿਚ ਮੁਦਰਾ ਕੋਸ਼ ਦੇ ਬਣਨ ਸਮੇਂ ਇਸਦੇ 44 ਮੈਂਬਰ ਸਨ ਪਰ ਹੁਣ ਇਸਦੇ ਮੈਂਬਰਾਂ ਦੀ ਗਿਣਤੀ 148 ਹੈ। ਸੰਨ 1944 ਵਿਚ ਬਹੁਤੇ ਵਿਕਾਸਸ਼ੀਲ ਦੇਸ਼ਾਂ ਦੀ ਆਜ਼ਾਦ ਮੁਲਕਾਂ ਦੇ ਤੌਰ ਤੇ ਕੋਈ ਹਸਤੀ ਨਹੀਂ ਸੀ ਕਿਉਂਕਿ ਉਹ ਸਾਮਰਾਜੀ ਮੁਲਕਾਂ ਦੀਆਂ ਬਸਤੀਆਂ ਸਨ। ਇਸ ਲਈ ਵੀ ਮੁਦਰਾ ਕੋਸ਼ ਦੇ ਬਣਨ ਸਮੇਂ ਵਿਕਾਸਸ਼ੀਲ ਦੇਸ਼ਾਂ ਦੇ ਹਿਤਾਂ ਦਾ ਕਿਸੇ ਤਰ੍ਹਾਂ ਦਾ ਖਿਆਲ ਨਹੀਂ ਰੱਖਿਆ ਗਿਆ। ਅਜ਼ਾਦੀ ਹਾਸਲ ਕਰਨ ਸਮੇਂ ਕਿਉਂਕਿ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਆਪਣੇ ਪੁਰਾਣੇ ਸ਼ਾਸਕਾਂ ਨਾਲ ਬੱਝੀ ਹੋਈ ਸੀ ਇਸ ਲਈ ਉਹ ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਇਸ ਤਰ੍ਹਾਂ ਦੇ ਹੋਰ ਅਦਾਰਿਆਂ ਦੇ ਮੈਂਬਰ ਬਣੇ।

ਜਿਵੇਂ ਉੱਪਰ ਦਸਿਆ ਗਿਆ ਹੈ ਕਿ ਮੁਦਰਾ ਕੋਸ਼ ਦੇ ਫੈਸਲੇ ਕਰਨ ਦੇ ਢੰਗ ਵਿਚ ਵਿਕਾਸਸ਼ੀਲ ਦੇਸ਼ਾਂ ਦੀ ਕੋਈ ਬਹੁਤੀ ਤਾਕਤ ਨਹੀਂ ਪਰ ਮੁਦਰਾ ਕੋਸ਼ ਕੋਲ ਇਹਨਾਂ ਦੇਸ਼ਾਂ ਬਾਰੇ ਫੈਸਲੇ ਕਰਨ ਵਿਚ ਬਹੁਤ ਵੱਡੀ ਤਾਕਤ ਹੈ। ਸੰਸਾਰ ਪੱਧਰ ਤੇ ਵਿਉਪਾਰ ਕਰਨ ਲਈ ਹਰ ਵਿਕਾਸਸ਼ੀਲ ਦੇਸ਼ ਨੂੰ ਪੂੰਜੀ ਦੀ ਲੋੜ ਰਹਿੰਦੀ ਹੈ। ਅੰਤਰਰਾਸ਼ਟਰੀ ਪੂੰਜੀ ਮੰਡੀ ਦੇ ਅਸੂਲ ਇਸ ਤਰ੍ਹਾਂ ਦੇ ਹਨ ਕਿ ਮੁਦਰਾ ਕੋਸ਼ ਦਾ ਮੈਂਬਰ ਬਣੇ ਬਗੈਰ ਇਸ ਪੂੰਜੀ ਨੂੰ ਹਾਸਿਲ ਕਰਨਾ ਅਸੰਭਵ ਹੈ। ਬਹੁਤੇ ਵਿਕਾਸਸ਼ੀਲ

ਦੇਸ਼ਾਂ ਲਈ ਆਪਣੇ ਆਪ ਨੂੰ ਅੰਤਰਰਾਸ਼ਟਰੀ ਪੂੰਜੀ ਦੀ ਮੰਡੀ ਵਿਚ ਉਧਾਰ ਲੈਣ ਲਈ ਇਤਬਾਰਯੋਗ ਸਾਬਤ ਕਰਨ ਲਈ ਅੰਤਰਰਾਸ਼ਟਰੀ ਮੁਦਰਾ ਕੋਸ਼ ਨਾਲ ਕਰਜੇ ਦਾ ਸਮਝੌਤਾ ਕਰਨਾ ਜ਼ਰੂਰੀ ਹੈ। ਅਜਿਹਾ ਕਰਨ ਤੇ ਦੂਸਰੇ ਪੂੰਜੀ ਅਦਾਰੇ ਸਮਝਦੇ ਹਨ ਕਿ ਉਹ ਦੇਸ਼ ਉਧਾਰ ਚੁਕਾਉਣ ਦਾ ਚਾਹਵਾਨ ਹੈ, ਤੇ ਯੋਗ ਵੀ, ਅਤੇ ਉਹ ਵੀ ਉਸ ਦੇਸ਼ ਨੂੰ ਉਧਾਰ ਦੇਣਾ ਮੰਨਦੇ ਹਨ। ਇਸਦੇ ਨਾਲ ਹੀ ਮੁਦਰਾਕੋਸ਼ ਵੱਖ ਵੱਖ ਸਮੇਂ ਹਰ ਦੇਸ਼ ਦੀ ਆਰਥਿਕਤਾ ਬਾਰੇ ਰੀਪੋਰਟ ਤਿਆਰ ਕਰਦਾ ਹੈ। ਉਸ ਦੇਸ਼ ਦੀ ਆਰਥਿਕਤਾ ਬਾਰੇ ਇਹ ਰੀਪੋਰਟ ਸੰਸਾਰ ਦੇ ਵਿਕਸਤ ਦੇਸ਼ਾਂ ਅਤੇ ਸੰਸਾਰ ਪੱਧਰ ਦੇ ਹੋਰ ਪੂੰਜੀ ਅਦਾਰਿਆਂ ਵਲੋਂ ਆਖਰੀ ਸ਼ਬਦ ਮੰਨੀ ਜਾਂਦੀ ਹੈ। ਇਸ ਲਈ ਜੇ ਇਹ ਰੀਪੋਰਟ ਉਸ ਦੇਸ਼ ਦੀ ਆਰਥਿਕਤਾ ਬਾਰੇ ਹਾਂ ਪੱਖੀ ਹੈ ਤਾਂ ਅੰਤਰਰਾਸ਼ਟਰੀ ਵਿਉਪਾਰਕ ਪ੍ਰਬੰਧ ਵਿਚ ਉਸ ਦੇਸ਼ ਨੂੰ ਉਧਾਰ ਦੇਣ ਦੇ ਇਤਬਾਰਯੋਗ ਸਮਝਿਆ ਜਾਂਦਾ ਹੈ ਨਹੀਂ ਤਾਂ ਨਹੀਂ। ਇਹ ਇਕ ਵੱਡਾ ਕਾਰਨ ਹੈ ਜਿਸ ਕਰਕੇ ਵਿਕਾਸਸ਼ੀਲ ਦੇਸ਼ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਨਾਲ ਸਮਝੌਤਾ ਕਰਦੇ ਹਨ ਅਤੇ ਆਪਣੀ ਆਰਥਿਕਤਾ ਮੁਦਰਾਕੋਸ਼ ਦੀਆਂ ਸ਼ਰਤਾਂ ਅਧੀਨ ਚਲਾਉਣ ਦੀਆਂ ਸ਼ਰਤਾਂ ਮੰਨਦੇ ਹਨ।

**ਵੱਖ ਵੱਖ ਤੱਥਾਂ ਅਨੁਸਾਰ ਹਰ ਸਾਲ 2,000 ਕਰੋੜ ਡਾਲਰ ਦੇ ਕਰੀਬ ਦੌਲਤ ਤੀਜੀ ਦੁਨੀਆਂ ਦੇ ਦੇਸ਼ਾਂ ਤੋਂ ਪਹਿਲੀ ਦੁਨੀਆਂ ਦੇ ਦੇਸ਼ਾਂ ਵੱਲ ਦਾ ਸਫਰ ਕਰਦੀ ਹੈ।**

ਬੇਸ਼ੱਕ ਕ੍ਰੋੜਾਂ ਦੀ ਵਸੋਂ ਵਾਲੇ ਵਿਕਾਸਸ਼ੀਲ ਦੇਸ਼ਾਂ ਨੂੰ ਮੁਦਰਾਕੋਸ਼ ਦੇ ਫੈਸਲੇ ਕਰਨ ਦੇ ਪ੍ਰਬੰਧ ਵਿਚ ਕੋਈ ਬਹੁਤਾ ਹੱਕ ਨਹੀਂ ਪਰ ਮੁਦਰਾਕੋਸ਼ ਵਲੋਂ ਕੀਤੇ ਫੈਸਲੇ ਇਹਨਾਂ ਦੇਸ਼ਾਂ 'ਚ ਰਹਿ ਰਹੇ ਕ੍ਰੋੜਾਂ ਲੋਕਾਂ ਦੀ ਪਹਿਲਾਂ ਹੀ ਔਖੀ ਜ਼ਿੰਦਗੀ ਨੂੰ ਹੋਰ ਔਖਾ ਬਣਾਉਣ ਵਾਲੇ ਅਸਰ ਪਾਉਂਦੇ ਹਨ।

ਆਮ ਤੌਰ ਤੇ ਜਦੋਂ ਕੋਈ ਦੇਸ਼ ਮੁਦਰਾ ਕੋਸ਼ ਕੋਲ ਕਰਜੇ ਲਈ ਆਉਂਦਾ ਹੈ ਤਾਂ ਉਹ 'ਬੈਲੇਂਸ ਆਫ ਪੇਮੈਂਟ' ਦੇ ਸੰਕਟ ਵਿਚ ਹੁੰਦਾ ਹੈ। ਭਾਵ ਕਿ ਉਸ ਕੋਲ ਬਾਹਰੋਂ ਲਏ ਕਰਜਿਆਂ ਦੀ ਕਿਸ਼ਤ ਦੀ ਅਦਾਇਗੀ ਅਤੇ ਅੰਤਰਰਾਸ਼ਟਰੀ ਵਿਉਪਾਰ ਦੇ ਲੈਣ ਦੇਣ ਲਈ ਵਿਦੇਸ਼ੀ ਮੁਦਰਾ ਨਹੀਂ ਹੁੰਦੀ। ਉਦਾਹਰਣ ਲਈ ਅੱਜ ਕਲ ਹਿੰਦੁਸਤਾਨ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼ ਤੱਕ ਪਹੁੰਚ ਕੀਤੀ ਹੈ ਕਿਉਂਕਿ ਹਿੰਦੁਸਤਾਨ ਸਿਰ 7000 ਕਰੋੜ ਡਾਲਰ ਤੋਂ ਉੱਪਰ ਵਿਦੇਸ਼ੀ ਕਰਜਾ ਹੈ ਅਤੇ 1990-91 ਦੌਰਾਨ 'ਉਸਦੇ ਬੈਲੈਂਸ ਆਫ ਪੇਮੈਂਟ' ਵਿਚ 13088 ਕਰੋੜ ਰੁਪਏ ਦਾ ਘਾਟਾ ਸੀ। ਅਜਿਹੇ ਸਮੇਂ ਜਦੋਂ ਕੋਈ ਵਿਕਾਸਸ਼ੀਲ ਦੇਸ਼ ਮੁਦਰਾ ਕੋਸ਼ ਕੋਲ ਪਹੁੰਚ ਕਰਦਾ ਹੈ ਤਾਂ ਮੁਦਰਾ ਕੋਸ਼ ਅਤੇ ਉਸ ਦੇਸ਼ ਦੇ ਵਿਤ ਮੰਤਰਾਲਾ ਦਾ ਇਕ ਸਮਝੌਤਾ ਹੁੰਦਾ ਹੈ। ਇਸ ਸਮਝੌਤੇ ਨੂੰ ਪ੍ਰਸਤਾਵ ਦਾ ਖੱਤ ('ਲੈਟਰ ਆਫ ਇਨਟੈਂਟ') ਕਹਿੰਦੇ ਹਨ। ਇਹ ਪ੍ਰਸਤਾਵ ਦਾ ਖੱਤ ਮੁਦਰਾ ਕੋਸ਼ ਦੇ ਅਧਿਕਾਰੀਆਂ ਵਲੋਂ ਉਸ ਦੇਸ਼ ਦੇ ਵਿਤ ਮੰਤਰੀ ਦੀ ਬਿਨਾ ਤੇ ਲਿਖਿਆ ਜਾਂਦਾ ਹੈ। ਇਸ ਖੱਤ ਵਿਚ ਉਸ ਦੇਸ਼ ਦੀ ਆਰਥਿਕਤਾ ਮੁਦਰਾ ਕੋਸ਼ ਦੇ ਢੰਗ ਨਾਲ ਚਲਾਉਣ ਦੀਆਂ ਸ਼ਰਤਾਂ ਹੁੰਦੀਆਂ ਹਨ। ਮੁਦਰਾ ਕੋਸ਼ ਵਲੋਂ ਵੱਖ ਵੱਖ ਦੇਸ਼ਾਂ ਦੀਆਂ ਵੱਖਰੀਆਂ ਵੱਖਰੀਆਂ ਹਾਲਤਾਂ ਨੂੰ ਧਿਆਨ ਵਿਚ ਰੱਖਕੇ ਅਤੇ ਉਹਨਾਂ ਅਨੁਸਾਰ ਆਰਥਿਕਤਾ ਵਿਚ ਤਬਦੀਲੀਆਂ ਕਰਨ ਦੀ ਬਜਾਏ ਇਹ ਸ਼ਰਤਾਂ ਸਾਰੇ ਹੀ ਦੇਸ਼ਾਂ ਉੱਪਰ ਲਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਅਜਿਹੀਆਂ ਸ਼ਰਤਾਂ ਸਹੀ ਆਰਥਿਕ ਪਹੁੰਚ ਹੋਣ ਦੀ ਥਾਂ ਮੁਦਰਾ ਕੋਸ਼ ਵਲੋਂ ਵਿਕਾਸਸ਼ੀਲ ਦੇਸ਼ਾਂ ਉੱਪਰ ਆਪਣੀ ਆਰਥਿਕ ਵਿਚਾਰਧਾਰਾ ਠੋਸਣ ਦੀ ਪਹੁੰਚ ਜ਼ਿਆਦਾ ਮਲੂਮ ਹੁੰਦੀਆਂ ਹਨ। ਨਾਂ ਹੀ ਕੋਸ਼ ਵਲੋਂ 'ਬੈਲੈਂਸ ਆਫ ਪੇਮੈਂਟ' ਦਾ ਸੰਕਟ ਆਉਣ ਦੇ ਸਾਰੇ ਕਾਰਨਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਉਸ ਵਲੋਂ ਇਸ ਸੰਕਟ ਦੀ ਸਾਰੀ ਜ਼ਿੰਮੇਵਾਰੀ ਉਸ ਦੇਸ਼ ਉੱਪਰ ਸੁੱਟ ਦਿੱਤੀ ਜਾਂਦੀ ਹੈ ਜਿਸਨੂੰ ਇਹ ਸੰਕਟ ਆ ਰਿਹਾ ਹੈ। ਉਸ ਦੇਸ਼ ਦੇ ਵੱਸੋਂ-ਬਾਹਰਲੇ ਕਾਰਨਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਉਦਾਹਰਣ ਲਈ ਸੰਸਾਰ ਮੰਡੀ ਵਿਚ ਆਏ ਮੰਦਵਾੜੇ ਕਾਰਨ ਵਿਕਾਸਸ਼ੀਲ ਦੇਸ਼ਾਂ ਵਲੋਂ ਵੇਚੇ ਜਾਂਦੇ ਕੱਚੇ ਮਾਲ ਅਤੇ ਹੋਰ ਵਸਤਾਂ ਦੀਆਂ ਕੀਮਤਾਂ ਡਿਗਣ ਕਾਰਨ ਉਹਨਾਂ ਦੇਸ਼ਾਂ ਦੀ ਨਿਰਯਾਤ ਦੀ ਆਮਦਨ ਦਾ ਘਟਣਾ 'ਬੈਲੈਂਸ ਆਫ ਪੇਮੈਂਟ' ਦੇ ਸੰਕਟ ਦਾ ਇਕ ਕਾਰਨ ਹੈ। ਇਸ ਤਰ੍ਹਾਂ ਦੀਆਂ ਹਾਲਤਾਂ ਵੱਲ ਧਿਆਨ ਦੇਣ ਦੀ ਵਜਾਏ ਉਸ ਦੇਸ਼ ਦੀ ਆਰਥਿਕਤਾ ਨੂੰ ਹੀ ਠੀਕ ਕਰਨ ਲਈ ਉਸ ਦੇਸ਼ ਉੱਪਰ ਨਿਰਯਾਤ ਵਧਾਉਣ ਅਤੇ ਅਯਾਤ ਘਟਾਉਣ, ਸਰਕਾਰ ਦੇ ਬੱਜਟ ਨੂੰ ਘਟਾਉਣ, ਦੇਸ਼ ਵਿਚ ਵਿਦੇਸ਼ੀ ਪੂੰਜੀ ਲਾਉਣ ਲਈ ਹਾਲਤਾਂ ਤਿਆਰ ਕਰਨ ਆਦਿ ਵਰਗੀਆਂ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਹਨ। ਇਹਨਾਂ ਸ਼ਰਤਾਂ ਨੂੰ ਪੂਰਾ ਕਰਨ ਲਈ ਜੋ ਕਦਮ ਪੁੱਟੇ ਜਾਂਦੇ ਹਨ ਉਹ ਉਸ ਦੇਸ਼ ਦੀ ਆਰਥਿਕਤਾ ਦਾ ਸੰਕਟ ਦੂਰ ਕਰਨ ਦੀ ਬਜਾਏ ਇਹਨਾਂ ਦੇਸ਼ਾਂ ਦੀ ਬਹੁਗਿਣਤੀ ਵਸੋਂ ਦੇ ਜੀਵਨ ਉਪਰ ਬੜੇ ਗੰਭੀਰ ਅਸਰ ਪਾਉਂਦੇ ਹਨ।

ਨਿਰਯਾਤ ਵਧਾਉਣ ਅਤੇ ਆਯਾਤ ਘਟਾਉਣ ਲਈ ਮੁਦਰਾ ਕੋਸ਼ ਵਲੋਂ ਇਹ ਸ਼ਰਤਾਂ ਲਾਈਆਂ ਜਾਂਦੀਆਂ ਹਨ: ਕਰਜਾ ਲੈਣ ਵਾਲਾ ਦੇਸ਼ ਆਪਣੀ ਮੁਦਰਾ (ਕਰੰਸੀ) ਦੀ ਕੀਮਤ ਘਟਾਵੇ ਅਤੇ ਮਜ਼ਦੂਰਾਂ ਦੀਆਂ ਤਨਖਾਹਾ ਘਟਾਵੇ ਜਾਂ ਉਹਨਾਂ ਦੇ ਵਧਣ ਤੇ ਰੋਕ ਲਾਵੇ। ਮੁਦਰਾ ਕੋਸ਼ ਦੀ ਦਲੀਲ ਹੈ ਕਿ ਅਜਿਹਾ ਕਰਨ ਨਾਲ ਉਸ ਦੇਸ਼ ਦੀਆਂ ਬਾਹਰ ਨੂੰ ਭੇਜਣ ਵਾਲੀਆਂ (ਨਿਰਯਾਤੀ) ਵਸਤਾਂ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤੀਆਂ ਹੋਣਗੀਆਂ ਅਤੇ ਉਹਨਾਂ ਦੀ ਮੰਗ ਵਧੇਗੀ ਅਤੇ ਨਤੀਜੇ ਵਜੋਂ ਉਸ ਦੇਸ਼ ਦੀ ਨਿਰਯਾਤ ਤੋਂ ਹੋਣ ਵਾਲੀ ਆਮਦਨ ਵਧੇਗੀ। ਕਰੰਸੀ ਦੀ ਕੀਮਤ ਘਟਣ ਨਾਲ ਬਾਹਰੋਂ ਮੰਗਵਾਉਣ ਵਾਲੀਆਂ (ਆਯਾਤੀ) ਵਸਤਾਂ ਮਹਿੰਗੀਆਂ ਹੋ ਜਾਣਗੀਆਂ ਅਤੇ ਉਹਨਾਂ ਦੀ ਮੰਗ ਘਟੇਗੀ ਅਤੇ ਨਤੀਜੇ ਵੱਜੋਂ ਦੇਸ਼ ਦਾ ਆਯਾਤੀ ਵਸਤਾਂ ਤੇ ਆਉਣ ਵਾਲਾ ਖਰਚ ਘਟੇਗਾ। ਅੰਤ ਵਿਚ ਨਿਰਯਾਤ ਤੋਂ ਹੋਣ ਵਾਲੀ ਆਮਦਨ ਵਧਣ ਅਤੇ ਆਯਾਤ ਤੇ ਆਉਣ ਵਾਲਾ ਖਰਚਾ ਘਟਣ ਨਾਲ ਉਸ ਦੇਸ਼ ਦੀ 'ਬੈਲੈਂਸ ਆਫ ਪੇਮੈਂਟ' ਅਤੇ ਵਿਦੇਸ਼ੀ ਮੁਦਰਾ ਦੀ ਸਮੱਸਿਆਂ ਦਾ ਹੱਲ ਹੋ ਜਾਵੇਗਾ। ਦੇਖਣ ਨੂੰ ਤਾਂ ਇਹ ਦਲੀਲ ਬਿਲਕੁਲ ਸਹੀ ਲੱਗਦੀ ਹੈ। ਆਉ ਦੇਖੀਏ ਇਸ ਬਾਰੇ ਅੰਕੜੇ ਕੀ ਕਹਿੰਦੇ ਹਨ ਅਤੇ ਅਸਲੀ ਤਸਵੀਰ ਕੀ ਉਭਰਦੀ ਹੈ।

ਇਹ ਗੱਲ ਸੱਚ ਹੈ ਕਿ ਕਰੰਸੀ ਦੀ ਕੀਮਤ ਘਟਣ ਨਾਲ ਉਸ ਦੇਸ਼ ਤੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਦੀ ਮੰਗ ਵਧਦੀ ਹੈ ਪਰ ਉਸ ਨਾਲ ਨਿਰਯਾਤ ਤੋਂ ਹੋਣ ਵਾਲੀ ਆਮਦਨ ਵਧੇ ਇਹ ਜ਼ਰੂਰੀ ਨਹੀਂ। ਕਿਉਂਕਿ ਹੁਣ ਉਸ ਦੇਸ਼ ਦੀ ਕਰੰਸੀ ਦੀ ਕੀਮਤ ਘਟਣ ਨਾਲ ਪਹਿਲਾਂ ਜਿੰਨੀ ਆਮਦਨ ਕਮਾਉਣ ਲਈ ਉਸ ਨੂੰ ਜ਼ਿਆਦਾ ਗਿਣਤੀ ਵਿਚ ਵਸਤਾਂ ਬਾਹਰ ਭੇਜਣੀਆਂ ਪੈਣਗੀਆਂ। ਇਸਦੇ ਨਾਲ ਹੀ ਵਿਕਾਸਸ਼ੀਲ ਦੇਸ਼ਾਂ ਵਿਚੋਂ ਬਾਹਰ ਭੇਜਣ ਵਾਲੀਆਂ ਬਹੁਤੀਆਂ ਵਸਤਾਂ ਵਿਚ ਕੱਚਾ ਮਾਲ ਅਤੇ 'ਲੋਅ ਵੈਲਿਉ ਐਡਿਡ' ਵਸਤਾਂ ਹੁੰਦੀਆਂ ਹਨ ਜਿਹਨਾਂ ਦੀਆਂ ਕੀਮਤਾਂ ਵਿਚ ਵਾਧਾ ਨਹੀਂ ਹੁੰਦਾ ਸਗੋਂ ਇਕ ਰੀਪੋਰਟ ਮੁਤਾਬਕ ਅਜਿਹੀਆਂ ਵਸਤਾਂ ਦੀ ਕੀਮਤਾਂ ਪਿਛਲੇ 30 ਸਾਲਾਂ ਦੌਰਾਨ ਹੁਣ ਸੱਭ ਤੋਂ ਘੱਟ ਹੈ। ਨਤੀਜੇ ਵਜੋਂ ਕਈਆਂ ਹਾਲਤਾਂ ਵਿਚ ਨਿਰਯਾਤ ਵਧਾਉਣ ਤੇ ਵੀ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਨਿਰਯਾਤ ਤੋਂ ਹੋਣ ਵਾਲੀ ਆਮਦਨ ਘਟੀ ਹੈ। ਜਿਵੇਂ ਸੰਨ 1980 - 85 ਵਿਚਕਾਰ ਲਾਤੀਨੀ ਅਮਰੀਕਾ ਤੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਵਿਚ 23 ਪ੍ਰਤੀਸ਼ਤ ਦਾ ਵਾਧਾ ਹੋਇਆ ਪਰ ਇਸ ਸਮੇਂ ਦੌਰਾਨ ਲਾਤੀਨੀ ਅਮਰੀਕਾ ਨੂੰ ਨਿਰਯਾਤ ਤੋਂ ਹੋਣ ਵਾਲੀ ਆਮਦਨ ਪਹਿਲਾਂ ਨਾਲੋਂ ਇਕ ਪ੍ਰਤੀਸ਼ਤ ਘਟੀ।

ਇਸਦੇ ਨਾਲ ਹੀ ਕਰੰਸੀ ਦੀ ਕੀਮਤ ਘਟਾਉਣ ਦੀ ਸਲਾਹ ਮੁਦਰਾ ਕੋਸ਼ ਵਲੋਂ ਸਾਰੇ ਹੀ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੀ ਜਾਂਦੀ ਹੈ। ਇਸ ਨਾਲ ਇਕੋ ਜਿਹੀਆਂ ਵਸਤਾਂ ਬਾਹਰ ਭੇਜਣ ਵਾਲੇ ਦੇਸ਼ਾਂ ਵਿਚ ਗੱਲ-ਵੱਢਵਾਂ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਨਤੀਜੇ ਵਜੋਂ ਵਸਤਾਂ ਦੀ ਬਹੁਤਾਤ ਹੋਣ ਕਾਰਨ ਉਹਨਾਂ ਵਲੋਂ ਬਾਹਰ ਭੇਜਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਹੋਰ ਡਿੱਗ ਪੈਂਦੀਆਂ ਹਨ ਅਤੇ ਇਹਨਾਂ ਵਸਤਾਂ ਦੇ ਨਿਰਯਾਤ ਤੋਂ ਵਿਦੇਸ਼ੀ ਮੁਦਰਾ ਵਿਚ ਹੋਣ ਵਾਲੀ ਆਮਦਨ ਹੋਰ ਘੱਟ ਜਾਂਦੀ ਹੈ। ਇਸਦੀ ਇਕ ਉਦਾਹਰਣ ਪੇਸ਼ ਹੈ। ਸੰਨ 1975 ਵਿਚ ਸੰਸਾਰ ਮੰਡੀ ਵਿਚ ਤਾਂਬੇ ਦੀਆਂ ਕੀਮਤਾਂ ਇਕ ਦਮ ਡਿੱਗ ਪਈਆਂ। ਨਤੀਜੇ ਵਜੋਂ ਤਾਂਬਾ ਪੈਦਾ ਕਰਨ ਵਾਲੇ ਚਾਰ ਦੇਸ਼ਾਂ- ਚਿੱਲੀ, ਜ਼ਾਇਰ, ਜਾਂਬੀਆ ਅਤੇ ਪੀਰੂ- ਨੂੰ 'ਬੈਲੇਂਸ ਆਫ ਪੇਮੈਂਟ' ਦਾ ਸਾਹਮਣਾ

**ਕਰੰਸੀ ਦੀ ਕੀਮਤ ਘਟਣ ਨਾਲ ਉਸ ਦੇਸ਼ ਤੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਦੀ ਮੰਗ ਵਧਦੀ ਹੈ ਪਰ ਉਸ ਨਾਲ ਨਿਰਯਾਤ ਤੋਂ ਹੋਣ ਵਾਲੀ ਆਮਦਨ ਵਧੇ ਇਹ ਜ਼ਰੂਰੀ ਨਹੀਂ।**

ਕਰਨਾ ਪਿਆ। ਮਦਦ ਲਈ ਉਹ ਅੰਤਰਰਾਸ਼ਟਰੀ ਮੁਦਰਾ ਕੋਸ਼ ਕੋਲ ਗਏ। ਮੁਦਰਾ ਕੋਸ਼ ਨੇ ਆਪਣਾ 'ਸਦਾਬਹਾਰ' ਨੁਸਖਾ ਵਰਤਦਿਆਂ ਉਹਨਾਂ ਚਾਰਾਂ ਨੂੰ ਆਪਣੀ ਮੁਦਰਾ (ਕਰੰਸੀ) ਦੀ ਕੀਮਤ ਘਟਾਉਣ ਲਈ ਕਿਹਾ। ਸਿੱਟਾ ਇਹ ਨਿਕਲਿਆ ਕਿ ਅਗਲੇ ਦੋ ਸਾਲਾਂ ਵਿਚ ਤਾਂਬੇ ਦੇ ਵਾਧੂ ਉਤਪਾਦਨ ਕਾਰਨ ਤਾਂਬੇ ਦੀਆਂ ਕੀਮਤਾਂ 1975 ਤੋਂ ਵੀ ਘੱਟ ਗਈਆਂ।

ਇਸ ਸਬੰਧ ਵਿਚ ਇਕ ਹੋਰ ਉਦਾਹਰਣ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੀ ਲਈ ਜਾ ਸਕਦੀ ਹੈ। ਸਾਲ 1991-92, ਦੌਰਾਨ ਮੁਦਰਾ ਕੋਸ਼ ਦੀਆਂ ਸ਼ਰਤਾਂ ਅਧੀਨ ਹਿੰਦੁਸਤਾਨ ਨੇ ਆਪਣੀ ਕਰੰਸੀ ਦੀ ਕੀਮਤ ਘਟਾਈ ਹੈ। ਉਸਦੇ ਮੁਕਾਬਲੇ ਪਾਕਿਸਤਾਨ ਵੀ ਆਪਣੀ ਕਰੰਸੀ ਦੀ ਕੀਮਤ ਘਟਾਉਣ ਵੱਲ ਕਦਮ ਪੁੱਟ ਰਿਹਾ ਹੈ ਕਿਉਂਕਿ ਬਾਹਰਲੇ ਦੇਸ਼ਾਂ ਨੂੰ ਭੇਜਣ ਵਾਲੀਆਂ ਕਈ ਵਸਤਾਂ- ਜਿਵੇਂ ਦਰੀਆਂ-ਗਲੀਚੇ, ਚਮੜੇ ਦਾ ਸਾਮਾਨ, ਕਪਾਹ, ਚੀਗਾ ਮੱਛੀ ਆਦਿ- ਵਿਚ ਇਹਨਾਂ ਦੋਹਾਂ ਦਾ ਮੁਕਾਬਲਾ ਹੈ।

ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਕਰੰਸੀ ਦੀ ਕੀਮਤ ਡਿਗਣ ਨਾਲ ਕੱਚੇ ਮਾਲ ਦੇ ਨਾਲ ਨਾਲ ਵਿਕਾਸਸ਼ੀਲ ਦੇਸ਼ਾਂ ਵਲੋਂ ਪੈਦਾ ਕੀਤੀਆਂ ਜਾਂਦੀਆਂ ਉਤਪਾਦਿਤ ਵਸਤਾਂ (ਮੈਨੂਫੈਕਚਰਡ ਗੁਡਜ਼) ਦੀ ਵੀ ਕੀਮਤ ਘਟਦੀ ਹੈ। ਪਰ ਉਹਨਾਂ ਲਈ ਇਹ ਵਸਤਾਂ ਬਾਹਰ ਭੇਜਣੀਆਂ ਬਹੁਤ ਮੁਸ਼ਕਿਲ ਹਨ ਕਿਉਂਕਿ ਸਨਅਤੀ-ਵਿਕਸਤ ਦੇਸ਼ਾਂ ਵਲੋਂ ਅਜਿਹੀਆਂ ਵਸਤਾਂ ਦੇ ਵਪਾਰ ਤੇ ਕਈ ਤਰ੍ਹਾਂ ਦੀਆਂ ਰੋਕਾਂ ਤੇ ਬੰਦਸ਼ਾਂ ਲਾਈਆਂ ਹੋਈਆਂ ਹਨ। ਤੱਥਾਂ ਮੁਤਾਬਕ ਵਿਕਾਸਸ਼ੀਲ ਦੇਸ਼ਾਂ ਵਲੋਂ ਬਾਹਰ ਭੇਜੀਆਂ ਜਾਣ ਵਾਲੀਆਂ 'ਮੈਨੂਫੈਕਚਰਡ ਗੁਡਜ਼' ਵਿਚੋਂ 86 ਪ੍ਰਤੀਸ਼ਤ ਅਜਿਹੀਆਂ ਹਨ ਜਿਹਨਾਂ ਬਾਰੇ ਯੂਰਪੀਨ ਕਮਿਊਨਟੀ ਦੇ ਦੇਸ਼ਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਰੋਕਾਂ ਲਾਈਆਂ ਹੋਈਆਂ ਹਨ ਅਤੇ 56 ਪ੍ਰਤੀਸ਼ਤ ਅਜਿਹੀਆਂ ਵਸਤਾਂ ਹਨ ਜਿਹਨਾਂ ਉਪਰ ਸਯੁੰਕਤ ਰਾਜ ਅਮਰੀਕਾ ਨੇ ਰੋਕਾਂ ਲਾਈਆਂ ਹੋਈਆਂ ਹਨ। ਸਿੱਧੀ ਗੱਲ ਹੈ ਕਿ ਵਿਕਾਸਸ਼ੀਲ ਦੇਸ਼ਾਂ ਤੋਂ ਕੱਚਾ ਮਾਲ ਹੀ ਵਿਕਸਤ ਦੇਸ਼ਾਂ ਨੂੰ ਨਿਰਯਾਤ ਹੋ ਸਕਦਾ ਹੈ ਅਤੇ ਜਿਸਦੀਆਂ ਕੀਮਤਾਂ ਘੱਟ ਹੋਣ ਕਾਰਨ ਵਿਕਾਸਸ਼ੀਲ ਦੇਸ਼ਾਂ ਦੀ ਆਮਦਨ ਵਿਚ ਕੋਈ ਬਹੁਤਾ ਫਰਕ ਨਹੀਂ ਪੈਂਦਾ।

> ਸੰਨ 1980 - 85 ਵਿਚਕਾਰ ਲਾਤੀਨੀ ਅਮਰੀਕਾ ਤੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਵਿਚ 23 ਪ੍ਰਤੀਸ਼ਤ ਦਾ ਵਾਧਾ ਹੋਇਆ ਪਰ ਇਸ ਸਮੇਂ ਦੌਰਾਨ ਲਾਤੀਨੀ ਅਮਰੀਕਾ ਨੂੰ ਨਿਰਯਾਤ ਤੋਂ ਹੋਣ ਵਾਲੀ ਆਮਦਨ ਪਹਿਲਾਂ ਨਾਲੋਂ ਇਕ ਪ੍ਰਤੀਸ਼ਤ ਘਟੀ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਕਰੰਸੀ ਦੀ ਕੀਮਤ ਘਟਣ ਨਾਲ ਬਾਹਰੋਂ ਮੰਗਵਾਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ। ਮੁਦਰਾ ਕੋਸ਼ ਦੀ ਸੋਚ ਅਨੁਸਾਰ ਅਜਿਹਾ ਹੋਣ ਨਾਲ ਉਸ ਦੇਸ਼ ਵਿਚ ਬਾਹਰੋਂ ਮੰਗਵਾਉਣ ਵਾਲੀਆਂ ਵਸਤਾਂ ਦੀ ਮੰਗ ਘੱਟ ਜਾਂਦੀ ਹੈ ਅਤੇ ਇਸ ਨਾਲ ਬਾਹਰ ਨੂੰ ਜਾਣ ਵਾਲੀ ਵਿਦੇਸ਼ੀ ਮੁਦਰਾ ਘੱਟ ਜਾਂਦੀ ਹੈ। ਪਰ ਕਿੰਨੀਆਂ ਹੀ ਅਜਿਹੀਆਂ ਜ਼ਰੂਰੀ ਵਸਤਾਂ ਹਨ ਜਿਹਨਾਂ ਲਈ ਵਿਕਾਸਸ਼ੀਲ ਦੇਸ਼ ਬਾਹਰਲੇ ਦੇਸ਼ਾਂ ਤੇ ਨਿਰਭਰ ਹਨ। ਉਦਾਹਰਣ ਲਈ ਕੁੱਝ ਵਸਤਾਂ ਇਹ ਹੋ ਸਕਦੀਆਂ ਹਨ- ਮਸ਼ੀਨਰੀ, ਸਪੇਅਰ ਪਾਰਟਸ, ਤਕਨੋਲੋਜੀ, ਤੇਲ (ਤੇਲ ਨਾਂ ਪੈਦਾ ਕਰਨ ਵਾਲੇ ਦੇਸ਼ਾਂ ਲਈ), ਖਾਦਾਂ, ਦਵਾਈਆਂ ਆਦਿ। ਅਜਿਹੀਆਂ ਵਸਤਾਂ ਵਿਕਾਸਸ਼ੀਲ ਦੇਸ਼ਾਂ ਨੂੰ ਬਾਹਰੋਂ ਮੰਗਵਾਉਣੀਆਂ ਹੀ ਪੈਣੀਆਂ ਹਨ ਅਤੇ ਕਰੰਸੀ ਦੀ ਕੀਮਤ ਘਟਣ ਕਾਰਨ ਅਜਿਹੀਆਂ ਵਸਤਾਂ ਬਾਹਰੋਂ ਮੰਗਵਾਉਣ ਦਾ ਬਿੱਲ ਉਸ ਦੇਸ਼ ਲਈ ਕਾਫੀ ਵਧ ਜਾਂਦਾ ਹੈ। ਇਸ ਸਬੰਧ ਵਿਚ ਹਿੰਦੁਸਤਾਨ ਦੀ ਉਦਾਹਰਣ ਕਾਬਲੇ-ਗੌਰ ਹੈ। ਸੰਨ 1980-81 ਵਿਚ ਅਮਰੀਕਾ ਦੇ ਇਕ ਡਾਲਰ ਦੀ ਕੀਮਤ 7.91 ਰੁਪਏ ਸੀ। ਅਗਲੇ ਦਸਾਂ ਸਾਲਾਂ ਵਿਚ ਹਿੰਦੁਸਤਾਨ ਦੇ ਰੁਪਏ ਦੀ ਕੀਮਤ ਏਨੀ ਘੱਟ ਗਈ ਕਿ ਮਈ 1991 ਵਿਚ ਅਮਰੀਕਾ ਦੇ ਇਕ ਡਾਲਰ ਦੀ ਕੀਮਤ 20.54 ਰੁਪਏ ਹੋ ਗਈ। ਇਸ ਹੀ ਸਮੇਂ ਦੌਰਾਨ ਹਿੰਦੁਸਤਾਨ ਦੇ ਆਯਾਤ ਦਾ ਖਰਚ ਤਿੰਨ ਗੁਣਾ ਦੇ ਨੇੜੇ ਵੱਧ ਗਿਆ। ਸਾਲ 1980-81 ਵਿਚ ਹਿੰਦੁਸਤਾਨ ਨੇ 12,549 ਕਰੋੜ ਰੁਪਏ ਦੀਆਂ ਵਸਤਾਂ ਬਾਹਰੋਂ ਮੰਗਵਾਈਆਂ ਅਤੇ ਸਾਲ 1989-90 ਦੌਰਾਨ ਹਿੰਦੁਸਤਾਨ ਦਾ ਬਾਹਰੋਂ ਵਸਤਾਂ ਮੰਗਵਾਉਣ ਦਾ ਖਰਚਾ 35,412 ਕਰੋੜ ਰੁਪਏ ਸੀ।

ਇਥੇ ਇਕ ਗੱਲ ਹੋਰ ਧਿਆਨ ਵਿਚ ਰੱਖਣ ਵਾਲੀ ਹੈ ਕਿ ਸਾਰੇ ਵਿਕਾਸਸ਼ੀਲ ਦੇਸ਼ਾਂ ਦੀ ਕਮਾਈ ਹੋਈ ਵਿਦੇਸ਼ੀ ਮੁਦਰਾ ਦਾ ਕਾਫੀ ਵੱਡਾ ਹਿੱਸਾ ਵਿਦੇਸ਼ੀ ਕਰਜਿਆਂ ਦੀ ਕਿਸ਼ਤ ਦੇਣ ਤੇ ਖਰਚ ਆਉਂਦਾ ਹੈ। ਕਰੰਸੀ ਦੀ ਕੀਮਤ ਘੱਟ ਹੋਣ ਕਾਰਨ ਕਰਜੇ ਦਾ ਭਾਰ ਉਸ ਦੇਸ਼ ਤੇ ਹੋਰ ਵੱਧ ਜਾਂਦਾ ਹੈ। ਉਦਾਹਰਣ ਲਈ ਮੰਨ ਲਉ ਕਿ ਇਸ ਸਮੇਂ ਹਿੰਦੁਸਤਾਨ ਨੂੰ ਬਾਹਰੋਂ ਲਏ ਕਰਜੇ ਲਈ 12,000 ਕਰੋੜ ਰੁਪਏ ਦੇ ਬਰਾਬਰ ਦੀ ਵਿਦੇਸ਼ੀ ਮੁਦਰਾ ਦੇਣੀ ਪੈਂਦੀ ਹੈ। ਹੁਣ ਜੇ ਹਿੰਦੁਸਤਾਨ ਦੇ ਰੁਪਏ ਦੀ ਕੀਮਤ 20% ਡਿੱਗ ਪਵੇ ਤਾਂ ਹਿੰਦੁਸਤਾਨ ਨੂੰ 15000 ਕਰੋੜ ਰੁਪਏ ਦੇ ਬਰਾਬਰ ਦੀ ਵਿਦੇਸ਼ੀ ਮੁਦਰਾ ਦੇਣੀ ਪਵੇਗੀ। ਇਸ ਨਾਲ ਉਸਦੀ 'ਬੈਲੇਂਸ ਆਫ ਪੇਮੇਂਟ' ਦੀ ਸਮੱਸਿਆ ਹੋਰ ਵਧੇਗੀ।

ਨਿਰਯਾਤ ਵਧਾਉਣ ਲਈ ਮੁਦਰਾ ਕੋਸ਼ ਵਲੋਂ ਇਕ ਹੋਰ ਸ਼ਰਤ ਇਹ ਲਾਈ ਜਾਂਦੀ ਹੈ, ਕਿ ਕੀਮਤਾਂ ਦੇ ਵਾਧੇ ਦੇ ਹਿਸਾਬ ਨਾਲ ਮਜ਼ਦੂਰਾਂ ਤੇ ਕਾਮਿਆਂ ਦੀ ਤਨਖਾਹਾਂ ਵਧਣ ਤੇ ਰੋਕ ਲਾਈ ਜਾਵੇ। ਮੁਦਰਾ ਕੋਸ਼ ਅਨੁਸਾਰ ਅਜਿਹਾ ਕਰਕੇ ਤੀਜੀ ਦੁਨੀਆਂ ਦੇ ਦੇਸ਼ ਬਾਹਰ ਭੇਜਣ ਵਾਲੀਆਂ ਵਸਤਾਂ ਦੇ ਉਤਪਾਦਨ ਦਾ ਖਰਚਾ ਘਟਾ ਸਕਣਗੇ ਜਿਸ ਨਾਲ ਉਹ ਅੰਤਰਰਾਸ਼ਟਰੀ ਵਿਉਪਾਰ ਪ੍ਰਬੰਧ ਵਿਚ ਆਪਣੀਆਂ ਵਸਤਾਂ ਦੂਜੇ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਵੇਚ ਸਕਣਗੇ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਮੁਦਰਾ ਕੋਸ਼ ਵਲੋਂ ਅਜਿਹੀਆਂ ਸ਼ਰਤਾਂ ਆਪਣੇ ਕੋਲ ਆਉਣ ਵਾਲੇ ਸਾਰੇ ਵਿਕਾਸਸ਼ੀਲ ਦੇਸ਼ਾਂ ਉਪਰ ਲਾਈਆਂ ਜਾਂਦੀਆਂ ਹਨ ਜਿਸ ਕਾਰਨ ਸਾਰੇ ਦੇਸ਼ਾਂ ਵਿਚਕਾਰ ਉਜਰਤਾਂ ਘੱਟ ਕਰਨ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਜਿਵੇਂ ਮੁਦਰਾ ਕੋਸ਼ ਦੇ ਪ੍ਰੋਗਰਾਮਾਂ ਕਾਰਨ ਮੈਕਸੀਕੋ ਵਿਚ ਸੰਨ 1981-84 ਦੌਰਾਨ 30 ਪ੍ਰਤੀਸ਼ਤ, ਘਾਨਾ ਵਿਚ 1979-84 ਦੌਰਾਨ 22 ਪ੍ਰਤੀਸ਼ਤ ਅਤੇ ਸ੍ਰੀ ਲੰਕਾ ਵਿਚ 1978-83 ਦੌਰਾਨ 18 ਪ੍ਰਤੀਸ਼ਤ ਤਨਖਾਹਾਂ ਘਟੀਆਂ। ਜੇ ਕਰੰਸੀ ਦੀ ਕੀਮਤ ਘਟਣ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ ਤਾਂ ਤਨਖਾਹਾਂ ਵਿਚ ਹੋਇਆ ਇਹ ਘਾਟਾ ਹੋਰ ਵੀ ਵੱਡਾ ਦਿਸੇਗਾ।

ਤਨਖਾਹਾਂ ਘਟਾਉਣ ਦੀ ਇਸ ਸ਼ਰਤ ਦੀ ਪਾਲਣਾ ਮੁਦਰਾ ਕੋਸ਼ ਵਲੋਂ ਧਰਮ ਵਾਂਗ ਕੀਤੀ ਜਾਂਦੀ ਹੈ। ਜੇ ਇਹ ਸ਼ਰਤ ਮੰਨਵਾਉਣ ਲਈ ਕਿਸੇ ਦੇਸ਼ ਦੀ ਸਰਕਾਰ ਨੂੰ ਆਪਣੇ ਹੀ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨੀ ਪੈਂਦੀ ਹੋਵੇ ਤਾਂ ਮੁਦਰਾ ਕੋਸ਼ ਉਸਨੂੰ ਅਜਿਹੀ ਸਲਾਹ ਦੇਣੋਂ ਵੀ ਨਹੀਂ ਝਿਜਕਦਾ। ਸੰਨ 1987 ਵਿਚ ਟਰੀਨੀਡੈਡ ਦੀ ਸਰਕਾਰ ਨੇ ਮੁਦਰਾ ਕੋਸ਼ ਦੇ ਕਹੇ ਤੇ ਆਪਣੇ ਬੱਜਟ ਵਿਚ ਤਨਖਾਹਾਂ ਦੇ ਵਾਧੇ ਤੇ ਰੋਕ ਲਾਉਣ ਅਤੇ ਸਰਕਾਰੀ ਕਰਮਚਾਰੀਆਂ ਨੂੰ ਮਿਲਦੇ ਮਹਿੰਗਾਈ ਭੱਤੇ (ਕਾਸਟ ਆਫ ਲਿਵਿੰਗ ਅਲਾਊਂਸ) ਨੂੰ ਖਤਮ ਕਰਨ ਦੀ ਪਾਲਸੀ ਪੇਸ਼ ਕੀਤੀ। ਪਰ ਮੁਦਰਾ ਕੋਸ਼ ਦੇ ਅਧਿਕਾਰੀਆਂ ਨੂੰ ਸ਼ੱਕ ਸੀ ਕਿ ਟਰੀਨੀਡੈਡ ਦੀ 'ਇੰਡਸਟਰੀਅਲ ਕੋਰਟ' ਵਿਚ ਸ਼ਾਇਦ ਇਹ ਪਾਲਸੀ ਜਿੱਤ ਨਾ ਸਕੇ ਅਤੇ ਹੋ ਸਕਦਾ ਹੈ ਇੰਡਸਟਰੀਅਲ ਕੋਰਟ, ਜਿਸਦੇ ਫੈਸਲੇ ਆਖਰੀ ਹੁੰਦੇ ਹਨ, ਇਹਨਾਂ ਪਾਲਸੀਆਂ ਦੇ ਵਿਰੁੱਧ ਫੈਸਲਾ ਦੇ ਦੇਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ 26 ਜੂਨ 1987 ਨੂੰ ਆਪਣੇ ਇਕ ਬਰੀਫਿੰਗ ਪੇਪਰ ਵਿਚ ਮੁਦਰਾ ਕੋਸ਼ ਨੇ ਟਰੀਨੀਡੈਡ ਦੀ ਸਰਕਾਰ ਨੂੰ ਕਿਹਾ ਕਿ ਉਹ ਆਪਣੀ ਸਾਰੀਆਂ ਪਾਲਸੀਆਂ ਨੂੰ ਲਾਗੂ ਕਰੇ ਭਾਵੇਂ ਉਹਨਾਂ ਦੀ ਸਹਿਮਤੀ ਇੰਡਸਟਰੀਅਲ ਕੋਰਟ ਵਲੋਂ ਦਿੱਤੀ ਜਾਂਦੀ ਹੈ ਜਾਂ ਨਹੀਂ ਤੇ ਭਾਵੇਂ ਇਹਨਾਂ ਪਾਲਸੀਆਂ ਦਾ ਕਾਨੂੰਨੀ ਆਧਾਰ ਹੈ ਜਾਂ ਨਹੀਂ। ਜੇ ਸਿੱਧੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਸਦਾ ਮਤਲਬ ਹੈ ਕਿ ਟਰੀਨੀਡੈਡ ਦੀ ਸਰਕਾਰ ਆਪਣੇ ਕਾਨੂੰਨਾਂ ਮੁਤਾਬਕ ਬਣਾਈ ਗਈ ਇੰਡਸਟਰੀਅਲ ਕੋਰਟ ਦਾ ਫੈਸਲਾ ਮੰਨਣੋਂ ਨਾਂਹ ਕਰ ਦੇਵੇ।

ਮੁਦਰਾ ਕੋਸ਼ ਵਲੋਂ ਲਾਈ ਜਾਂਦੀ ਅਗਲੀ ਸ਼ਰਤ ਸਰਕਾਰ ਦੇ ਖਰਚਿਆਂ ਨੂੰ ਘਟਾਉਣਾ ਹੈ। ਅਜਿਹਾ ਕਰਨ ਲਈ ਮੁਦਰਾ ਕੋਸ਼ ਵਲੋਂ ਖਾਣ ਦੀਆਂ ਤੇ ਖੇਤੀਬਾੜੀ ਨਾਲ ਸਬੰਧਤ ਵਸਤਾਂ ਲਈ ਦਿੱਤੀ ਜਾਂਦੀ ਸਰਕਾਰੀ ਸਹਾਇਤਾ ਤੇ ਕਟੌਤੀ ਲਾਉਣ, ਸਰਕਾਰੀ ਯੋਜਨਾਵਾਂ ਵਿਚ ਪੂੰਜੀ ਲਾਉਣ ਤੇ ਰੋਕਾਂ ਲਾਉਣ, ਸਰਕਾਰੀ ਖੇਤਰ ਦੀਆਂ ਸਨਅਤਾਂ ਦੇ ਨਿਜੀਕਰਨ ਕਰਨ ਅਤੇ ਸਮਾਜਿਕ ਸੇਵਾਵਾਂ -ਜਿਵੇਂ ਵਿਦਿਆ, ਸਿਹਤ, ਆਵਾਜਾਈ ਦੇ ਸਾਧਨਾਂ- ਤੇ ਕੀਤੇ ਜਾਂਦੇ ਖਰਚਿਆਂ ਨੂੰ ਘਟਾਉਣ ਬਾਰੇ ਕਿਹਾ ਜਾਂਦਾ ਹੈ। ਬਹੁਤੇ ਕੇਸਾਂ ਵਿਚ ਇਹ ਸ਼ਰਤਾਂ ਆਮ ਲੋਕਾਂ ਅਤੇ ਦੇਸ਼ ਦੀ ਆਰਥਿਕਤਾ ਤੇ ਨਾਂਹ ਪੱਖੀ

ਅਸਰ ਕਰਦੀਆਂ ਹਨ।

ਤੀਜੀ ਦੁਨੀਆਂ ਦੇ ਦੇਸ਼ਾਂ ਦੇ ਬਹੁਗਿਣਤੀ ਲੋਕਾਂ ਲਈ ਮੁੱਢਲਾ ਖਾਣਾ ਪ੍ਰਾਪਤ ਕਰ ਸਕਣ ਦੇ ਯੋਗ ਹੋਣ ਲਈ ਸਰਕਾਰਾਂ ਵਲੋਂ ਅਨਾਜ ਅਤੇ ਖੇਤੀ ਦੀ ਪੈਦਾਵਾਰ ਲਈ ਲੋੜੀਂਦੀਆਂ ਵਸਤਾਂ –ਜਿਵੇਂ ਖਾਦਾਂ ਅਦਿ– ਲਈ ਮਾਲੀ ਸਹਾਇਤਾ (ਸਬਸਡੀ) ਦਿੱਤੀ ਜਾਂਦੀ ਹੈ। ਅੰਕੜੇ ਦਸਦੇ ਹਨ ਕਿ ਇਸ ਸਹਾਇਤਾ ਦੇ ਹੁੰਦੇ ਹੋਏ ਵੀ ਤੀਜੀ ਦੁਨੀਆਂ ਵਿਚ ਇਕ ਵੱਡੀ ਗਿਣਤੀ ਲੋਕਾਂ ਲਈ ਦੋ ਡੰਗ ਖਾਣਾਂ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ। ਪਰ ਜਦੋਂ ਮੁਦਰਾ ਕੋਸ਼ ਦੇ ਕਹਿਣ ਤੇ ਇਹ ਸਹਾਇਤਾ (ਸਬਸਡੀ) ਬੰਦ ਕਰ ਦਿੱਤੀ ਜਾਂਦੀ ਹੈ ਤਾਂ ਅਨਾਜ ਦੀਆਂ ਕੀਮਤਾਂ ਵਿਚ ਇਕ ਵੱਡਾ ਵਾਧਾ ਹੋ ਜਾਂਦਾ ਹੈ ਅਤੇ ਆਮ ਲੋਕਾਂ ਲਈ ਖਾਣਾ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਉਦਾਹਰਣ ਲਈ ਪਿਛਲੇ ਦੋ ਸਾਲਾਂ ਦੌਰਾਨ ਹਿੰਦੁਸਤਾਨ ਵਿਚ ਅਨਾਜ ਦੀਆਂ ਕੀਮਤਾਂ ਵਿਚ 70 ਪ੍ਰਤੀਸ਼ਤ ਤੋਂ ਵੱਧ ਵਾਧਾ ਹੋਇਆ ਹੈ। ਇਸੇ ਤਰ੍ਹਾਂ ਸਾਲ 92–93 ਦੌਰਾਨ ਖਾਦਾਂ ਦੀ ਕੀਮਤ ਵਿਚ 30 ਪ੍ਰਤੀਸ਼ਤ ਤੋਂ ਵੱਧ ਵਾਧਾ ਹੋਣ ਦੀ ਸੰਭਾਵਨਾ ਹੈ ਜਿਸ ਨਾਲ ਅਨਾਜ ਦੀਆਂ ਕੀਮਤਾਂ ਵਿਚ ਹੋਰ ਵਾਧਾ ਹੋਵੇਗਾ।

ਖੇਤੀ ਵਿਚ ਵਰਤੀਆਂ ਜਾਂਦੀਆਂ ਵਸਤਾਂ ਲਈ ਸਬਸਡੀ ਕੱਟਣ ਅਤੇ ਫਿਰ ਉਸ ਹਿਸਾਬ ਸਰਕਾਰ ਵਲੋਂ ਅਨਾਜ ਦੀ ਖਰੀਦ ਕੀਮਤ ਨਾਂ ਵਧਾਉਣ ਕਾਰਨ ਕਿਸਾਨਾਂ ਵਿਚ ਅਨਾਜ ਦੀਆਂ ਫਸਲਾਂ, ਜਿਵੇਂ ਕਣਕ, ਨਾ ਉਗਾਉਣ ਦੀ ਰੁਚੀ ਪੈਦਾ ਹੋ ਸਕਦੀ ਹੈ। ਜਿਸ ਕਾਰਨ ਹਿੰਦੁਸਤਾਨ ਨੂੰ ਆਪਣੀ ਅਨਾਜ ਦੀ ਲੋੜ ਪੂਰੀ ਕਰਨ

**ਅੰਤਰਰਾਸ਼ਟਰੀ ਮੁਦਰਾ ਕੋਸ਼ ਆਪਣੀਆਂ ਸ਼ਰਤਾਂ ਨਾਲ ਕਰਜ਼ਈ ਦੇਸ਼ ਦੀਆਂ ਆਰਥਿਕ ਤੇ ਸਿਆਸੀ ਪਾਲਸੀਆਂ ਤੇ ਕੰਟਰੋਲ ਕਰ ਕਰਜ਼ੇ ਦੀ ਅਦਾਇਗੀ ਸੰਭਵ ਬਣਾਉਂਦਾ ਹੈ।**

ਲਈ ਬਾਹਰਲੇ ਦੇਸ਼ਾਂ (ਸਯੁੰਕਤ ਰਾਜ ਅਮਰੀਕਾ, ਕੈਨੇਡਾ ਆਦਿ) ਤੋਂ ਅਨਾਜ (ਕਣਕ) ਮੰਗਵਾਉਣ ਲਈ ਨਿਰਭਰ ਹੋਣਾ ਪਵੇਗਾ ਅਤੇ ਸੰਸਾਰ ਮੰਡੀ ਵਿਚ ਸਥਾਪਤ ਕਣਕ ਦੀ ਕੀਮਤ ਤਾਰਨੀ ਪਵੇਗੀ। ਉੱਥੇ ਸੰਸਾਰ ਦੀ ਆਜ਼ਾਦ ਮੰਡੀ ਦੇ ਸਮਰਥਕ ਸ਼ਾਇਦ ਇਥੇ ਇਹ ਕਹਿਣ ਕੀ ਸੰਸਾਰ ਮੰਡੀ ਵਿਚ ਕਣਕ ਦੀ ਕੀਮਤ ਹਿੰਦੁਸਤਾਨ ਵਿਚ ਪੈਦਾ ਕੀਤੀ ਜਾਂਦੀ ਕਣਕ ਦੀ ਕੀਮਤ ਨਾਲ ਘੱਟ ਹੋਵੇਗੀ। ਪਰ ਹੁਣ ਤੱਕ ਮਿਲਦੇ ਤੱਥਾਂ ਦੀ ਕਹਾਣੀ ਇਸ ਧਾਰਨਾ ਦੇ ਉਲਟ ਹੈ। ਸਾਲ 92 ਦੇ ਅਖੀਰ ਵਿਚ ਹਿੰਦੁਸਤਾਨ ਨੇ ਕੈਨੇਡਾ ਤੋਂ 1500 ਕਰੋੜ ਰੁਪਏ ਦੇ ਨੇੜੇ ਦੀ ਕਣਕ ਮੰਗਵਾਈ। ਹਿੰਦੁਸਤਾਨ ਨੇ ਇਹ ਕਣਕ 526 ਰੁਪਏ ਪ੍ਰਤੀ ਕੁਇੰਟਲ ਖਰੀਦੀ ਜਦੋਂ ਕਿ ਉਸ ਸਮੇਂ ਹਿੰਦੁਸਤਾਨ ਦੇ ਕਿਸਾਨਾਂ ਤੋਂ ਖਰੀਦੀ ਜਾਂਦੀ ਕਣਕ ਦੀ ਕੀਮਤ 290 ਰੁਪਏ ਕੁਇੰਟਲ ਸੀ। ਇਸਦੇ ਨਾਲ ਹੀ ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਜੇ ਹਿੰਦੁਸਤਾਨ ਬਾਹਰੋਂ ਕਣਕ ਮੰਗਵਾਏਗਾ ਤਾਂ ਉਸ ਲਈ ਵਿਦੇਸ਼ੀ ਮੁਦਰਾ ਦੀ ਲੋੜ ਪਵੇਗੀ ਜਿਸ ਨਾਲ ਉਸਦੀ 'ਬੈਲੇਂਸ ਆਫ ਪੇਮੈਂਟ' ਦੀ ਸਮੱਸਿਆ ਵੱਧ ਵੀ ਸਕਦੀ ਹੈ।

ਸਬਸਡੀ ਵਿਚ ਕਟੌਤੀ ਹੋਣ ਕਾਰਨ ਖੇਤੀਬਾੜੀ ਵਿਚ ਵਰਤੀਆਂ ਜਾਂਦੀਆਂ ਵਸਤਾਂ ਦੀਆਂ ਕੀਮਤਾਂ ਵਧਣ ਦੇ ਨਤੀਜੇ ਅਨਾਜ ਦੀਆਂ ਕੀਮਤਾਂ ਵਿਚ ਵਾਧੇ ਤੱਕ ਹੀ ਸੀਮਤ ਨਹੀਂ ਸਗੋਂ ਇਹਨਾਂ ਨਾਲ ਦੇਸ਼ ਵਿਚ ਸਿਆਸੀ ਪੱਧਰ ਤੇ ਟਕਰਾਅ ਦੀ ਸਥਿਤੀ ਵਿਚ ਵੀ ਵਾਧਾ ਹੋ ਸਕਦਾ ਹੈ। ਉਦਾਹਰਣ ਲਈ ਪੰਜਾਬ ਵਿਚ ਅਜੋਕੀ ਹਾਲਤ ਦਾ ਇਕ ਕਾਰਨ 70ਵਿਆਂ ਦੇ ਅਖੀਰ ਵਿਚ ਪੰਜਾਬ ਦੇ ਕਿਸਾਨਾਂ ਦੀ ਆਮਦਨ ਦਾ ਘਟਣਾ ਵੀ ਹੈ। ਇਸ ਸਮੇਂ ਦੌਰਾਨ ਪੰਜਾਬ ਵਿਚ ਖੇਤੀ ਵਿਚ ਵਰਤੀਆਂ ਜਾਂਦੀਆਂ ਵਸਤਾਂ– ਦੀਆਂ ਕੀਮਤ ਵਧਣ ਅਤੇ ਕਿਸਾਨਾਂ ਵਲੋਂ ਪੈਦਾ ਕੀਤੀਆਂ ਜਾਂਦੀਆਂ ਫਸਲਾਂ ਦੀਆਂ ਕੀਮਤਾਂ ਉਸ ਹਿਸਾਬ ਨਾਲ ਨਾ ਵਧਣ ਕਾਰਨ ਪੰਜਾਬ ਦੇ ਕਿਸਾਨਾਂ ਦੀ ਆਮਦਨ ਵਿਚ ਵੱਡਾ ਫਰਕ ਪਿਆ। ਜਿਵੇਂ ਸੰਨ 1970 – 72 ਦੌਰਾਨ ਪੰਜਾਬ ਦੇ ਕਿਸਾਨਾ ਵਲੋਂ ਖੇਤੀ ਵਿਚ ਲਾਈ ਪੂੰਜੀ ਮਗਰ ਮੁਨਾਫੇ ਦੀ ਦਰ 25.89 ਪ੍ਰਤੀਸ਼ਤ ਸੀ। ਮੁਨਾਫੇ ਦੀ ਇਹ ਦਰ ਸੰਨ 1977–79 ਦੌਰਾਨ 6.11 ਪ੍ਰਤੀਸ਼ਤ ਦੀਆਂ ਪਾਲਸੀਆਂ ਅਨੁਸਾਰ ਸਬਸਡੀਜ਼ ਦੀ ਕਟੌਤੀ ਕਾਰਨ ਖਾਦਾਂ, ਕੀੜੇ ਮਾਰ ਦਵਾਈਆਂ ਆਦਿ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਅਤੇ ਪੰਜਾਬ ਦੇ ਕਿਸਾਨਾਂ ਵਲੋਂ ਪੈਦਾ ਕੀਤੀਆਂ ਫਸਲਾਂ ਦੀਆਂ ਕੀਮਤਾਂ ਵਿਚ ਉਸ ਹਿਸਾਬ ਨਾਲ ਵਾਧਾ ਨਾ ਹੋਇਆ ਤਾਂ ਇਹ ਗੱਲ ਪੰਜਾਬ ਦੇ ਹਾਲਤਾਂ ਤੇ ਨਾਂਹ ਪੱਖੀ ਅਸਰ ਵੀ ਪਾ ਸਕਦੀ ਹੈ।

ਮੁਦਰਾ ਕੋਸ਼ ਦੀਆਂ ਸ਼ਰਤਾਂ ਮੰਨ ਕੇ ਚਲਦੇ ਵਿਕਾਸਸ਼ੀਲ ਦੇਸ਼ਾਂ ਤੇ ਮੁਦਰਾ ਕੋਸ਼ ਦੀਆਂ ਪਾਲਸੀਆਂ ਦਾ ਇਕ ਬਹੁਤ ਹੀ ਖਤਰਨਾਕ ਅਸਰ ਜੋ ਪੈਂਦਾ ਹੈ ਉਹ ਹੈ ਉਹਨਾਂ ਦੀ ਆਰਥਿਕਤਾ 'ਚ ਮੰਦਾ ਆਉਣਾ। ਸੰਨ 1978 ਵਿਚ ਮੁਦਰਾ ਕੋਸ਼ ਦੀਆਂ ਪਾਲਸੀਆਂ ਕਾਰਨ ਪੁਰਤਗਾਲ ਦੀ ਆਰਥਿਕਤਾ ਵਿਚ ਵਾਧਾ (ਇਕਨਾਮਿਕ ਗਰੋਥ) ਅੱਧਾ ਹੋ ਗਿਆ। ਆਰਥਿਕਤਾ ਵਿਚ ਮੰਦਾ ਆਉਣ ਕਾਰਨ ਇਹਨਾਂ ਦੇਸ਼ਾਂ ਵਿਚ ਇਕ ਵਿਅਕਤੀ ਪਿੱਛੇ ਔਸਤ ਆਮਦਨ (ਪਰ ਕੈਪਿਟਾ ਇਨਕਮ) ਵੀ ਘੱਟਦੀ ਹੈ। ਸੰਨ 1975 ਵਿਚ ਚਿੱਲੀ ਵਿਚ ਪ੍ਰਤੀ ਵਿਅਕਤੀ ਮਗਰ ਔਸਤ ਆਮਦਨ 12.7 ਪ੍ਰਤੀਸ਼ਤ ਘਟੀ। ਇਸੇ ਤਰ੍ਹਾਂ ਸੰਨ 1977–78 ਦੌਰਾਨ ਪੀਰੂ ਵਿਚ ਇਹ ਆਮਦਨ ਕ੍ਰਮਵਾਰ 3.9, 4.6 ਪ੍ਰਤੀਸ਼ਤ, ਜਾਂਬੀਆਂ ਵਿਚ 1977–79 ਦੌਰਾਨ ਕ੍ਰਮਵਾਰ 7.4, 2.6, 11.8, ਪ੍ਰਤੀਸ਼ਤ, ਅਤੇ 1979– 80 ਦੌਰਾਨ ਟਰਕੀ ਵਿਚ 2.8 ਅਤੇ 3.2 ਪ੍ਰਤੀਸ਼ਤ ਘਟੀ। ਸੰਨ 1986 ਵਿਚ ਜਦੋਂ ਮੁਦਰਾ ਕੋਸ਼ ਦਾ 'ਸਟਰਕਚਰਲ ਅਡਜਸਟਮੈਂਟ' ਪ੍ਰੋਗਰਾਮ ਨਾਈਜੀਰੀਆ ਵਿਚ ਸ਼ੁਰੂ ਕੀਤਾ ਤਾਂ ਉਸ ਸਮੇਂ ਉੱਥੇ ਸਾਲ ਦੀ ਪ੍ਰਤੀ ਵਿਅਕਤੀ ਆਮਦਨ 400 ਡਾਲਰ ਸੀ ਤੇ ਅੱਜ ਇਸ ਪ੍ਰੋਗਰਾਮ ਦੇ ਕਈ ਸਾਲ ਚੱਲਣ ਪਿੱਛੋਂ ਉੱਥੇ ਸਾਲ ਦੀ ਪ੍ਰਤੀ ਵਿਅਕਤੀ ਆਮਦਨ 100 ਡਾਲਰ ਹੈ।

ਮੰਦਾ ਪੈਣ ਦਾ ਇਕ ਹੋਰ ਅਸਰ ਬੇਰੁਜਗਾਰੀ ਵਿਚ ਵਾਧਾ ਹੋਣਾ ਹੈ। ਚਿੱਲੀ ਵਿਚ 1973 ਅਤੇ 1975 ਵਿਚਕਾਰ ਬੇਰੁਜਗਾਰੀ 4.8 ਪ੍ਰਤੀਸ਼ਤ ਤੋਂ ਵੱਧ ਕੇ 14.5 ਪ੍ਰਤੀਸ਼ਤ ਹੋ ਗਈ। ਇਸੇ ਤਰ੍ਹਾਂ ਟਰਕੀ ਵਿਚ 1977 ਤੇ 1981 ਵਿਚਕਾਰ ਬੇਰੁਜਗਾਰੀ ਦੀ ਸਰਕਾਰੀ ਦਰ ਵਿਚ 13.1 ਪ੍ਰਤੀਸ਼ਤ ਤੋਂ 17.5 ਪ੍ਰਤੀਸ਼ਤ ਦਾ ਵਾਧਾ ਹੋਇਆ।

ਅੰਤਰਰਾਸ਼ਟਰੀ ਮੁਦਰਾ ਕੋਸ਼ ਵਲੋਂ ਆਮ ਤੌਰ ਤੇ ਲਾਈ ਜਾਣ ਵਾਲੀ ਇਕ ਹੋਰ ਸ਼ਰਤ ਹੈ ਕਿ ਤੀਜੀ ਦੁਨੀਆਂ ਦੇ ਦੇਸ਼ ਵਿਦੇਸ਼ੀ ਪੂੰਜੀ ਲਾਉਣ ਲਈ ਦੇਸ਼ ਅੰਦਰ ਵਧੀਆ ਹਾਲਤਾਂ ਪੈਦਾ ਕਰਨ। ਮੁਦਰਾ ਕੋਸ਼ ਦੀ ਦਲੀਲ ਮੁਤਾਬਕ ਅਜਿਹਾ ਕਰਨ ਨਾਲ ਨੰਬਰ ਇਕ ਤਾਂ ਵਿਦੇਸ਼ੀ ਪੂੰਜੀ ਲੱਗਣ ਨਾਲ ਵਿਦੇਸ਼ੀ ਮੁਦਰਾ ਦੇਸ਼ ਵਿਚ ਆਏਗੀ ਤੇ ਫਿਰ ਬਾਅਦ ਵਿਚ ਜਦੋਂ ਇਸ ਵਿਦੇਸ਼ੀ ਪੂੰਜੀ ਨਾਲ ਲਾਈਆਂ ਕੰਪਨੀਆਂ ਵਲੋਂ ਤਿਆਰ ਕੀਤੀਆਂ ਵਸਤਾਂ ਬਾਹਰ ਭੇਜੀਆਂ ਜਾਣਗੀਆਂ ਤਾਂ ਹੋਰ ਵਿਦੇਸ਼ੀ ਮੁਦਰਾ ਦੇਸ਼ ਅੰਦਰ ਆਵੇਗੀ ਜਿਸ ਨਾਲ ਦੇਸ਼ ਦੀ 'ਬੈਲੇਂਸ ਆਫ ਪੇਮੈਂਟ' ਦੀ ਸਮੱਸਿਆ ਹੱਲ ਹੋਵੇਗੀ। ਆਉ ਇਸ ਦਲੀਲ ਦੀ ਅੰਕੜਿਆਂ ਨਾਲ ਪਰਖ ਕਰੀਏ। ਹਿੰਦੁਸਤਾਨ ਦੀ ਇਕ ਵੱਡੀ ਕੰਪਨੀ ਹਿੰਦੁਸਤਾਨ ਲੀਵਰ ਦੀ 51 ਪ੍ਰਤੀਸ਼ਤ ਮਾਲਕ ਵਿਦੇਸ਼ੀ ਕੰਪਨੀ ਯੂਨੀਲੀਵਰ ਹੈ। 1981–90 ਦੌਰਾਨ ਇਸ ਕੰਪਨੀ ਦੀਆਂ ਕਾਰਜੁਗਾਰੀਆਂ ਕਾਰਨ ਨਿਰੋਲ ਰੂਪ ਵਿਚ 194.16 ਕਰੋੜ ਰੁਪਏ ਦੇ ਬਰਾਬਰ ਦੀ ਵਿਦੇਸ਼ੀ ਮੁਦਰਾ ਹਿੰਦੁਸਤਾਨ ਤੋਂ ਬਾਹਰ ਗਈ ਹੈ। ਇਕ ਹੋਰ ਅਧਿਅਨ ਮੁਤਾਬਕ ਹਿੰਦੁਸਤਾਨ ਵਿਚ ਵਿਦੇਸ਼ੀ ਕੰਟਰੋਲ ਵਿਚ ਚੱਲ ਰਹੀਆਂ 279 ਕੰਪਨੀਆਂ ਕਾਰਨ ਨਿਰੋਲ ਰੂਪ ਵਿਚ ਸੰਨ 1984–85 ਦੌਰਾਨ 183.6 ਕਰੋੜ, ਸੰਨ 1985–86 ਦੌਰਾਨ 273 ਕਰੋੜ ਅਤੇ ਸੰਨ 1986–87 ਦੌਰਾਨ 352 ਕਰੋੜ ਦੀ ਵਿਦੇਸ਼ੀ ਮੁਦਰਾ ਦੇਸ਼ ਤੋਂ ਬਾਹਰ ਗਈ ਹੈ। ਵਿਦੇਸ਼ੀ ਕੰਟਰੋਲ ਵਾਲੀਆਂ ਕੰਪਨੀਆਂ ਵਲੋਂ ਵਿਦੇਸ਼ੀ ਮੁਦਰਾ ਬਾਹਰ ਜਾਣ ਦੇ ਕਾਰਨਾਂ ਵਿਚੋਂ ਕੁੱਝ ਕਾਰਨ ਹਨ: ਵਿਦੇਸ਼ੀ ਹਿੱਸੇਦਾਰਾਂ ਨੂੰ ਮੁਨਾਫੇ ਦਾ ਹਿਸਾ ਦੇਣਾ, ਆਪਣੀਆਂ ਮੂਲ ਮਾਲਕ (ਪੇਰੇਂਟ) ਕੰਪਨੀਆਂ ਤੋਂ ਤਕਨੋਲੋਜੀ ਖਰੀਦਣਾਂ ਅਤੇ ਉਹਨਾਂ ਨੂੰ ਤਕਨੀਕੀ ਸਲਾਹ ਮਸ਼ਵਰੇ ਲਈ ਕੀਮਤ ਦੇਣਾ ਆਦਿ।

ਹੁਣ ਤੱਕ ਦੀ ਗੱਲਬਾਤ ਤੋਂ ਇਹ ਗੱਲ ਤਾਂ ਸਾਫ ਹੋ ਗਈ ਹੈ ਕਿ ਅੰਤਰਰਾਸ਼ਟਰੀ ਮੁਦਰਾ ਕੋਸ਼ ਦੀਆਂ ਪਾਲਸੀਆਂ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਆਰਥਿਕ ਸਮੱਸਿਆਵਾਂ ਦੇ ਹੱਲਾਂ ਲਈ ਕੋਈ ਫਾਇਦੇਮੰਦ ਸਾਬਤ ਨਹੀਂ ਹੁੰਦੀਆਂ। ਇਹਨਾਂ ਪਾਲਸੀਆਂ ਕਾਰਨ ਵਧਣ ਵਾਲੀ ਮਹਿੰਗਾਈ ਤੇ ਬੇਰੁਜ਼ਗਾਰੀ, ਆਰਥਿਕਤਾ 'ਚ ਪੈਣ ਵਾਲਾ ਮੰਦਾ, ਅਸਲ ਤਨਖਾਹਾਂ 'ਚ ਪੈਣ ਵਾਲੇ ਘਾਟੇ ਕਾਰਨ ਮਜ਼ਦੂਰਾਂ ਦੀ ਖਰੀਦ ਸ਼ਕਤੀ ਘਟਣ ਅਤੇ ਅਜਿਹੇ ਸਮੇਂ ਸਮਾਜਿਕ ਸੇਵਾਵਾਂ 'ਚ ਕਟੌਤੀਆਂ ਨਾਲ

ਆਮ ਗਰੀਬ ਲੋਕਾਂ ਦੀ ਜ਼ਿੰਦਗੀ ਹੋਰ ਔਖੀ ਹੋ ਜਾਂਦੀ ਹੈ। ਹੁਣ ਸਵਾਲ ਉੱਠਦਾ ਹੈ ਕਿ ਜੇ ਪਿਛਲੇ ਕਈ ਦਹਾਕਿਆਂ ਤੋਂ ਮੁਦਰਾ ਕੋਸ਼ ਦੀਆਂ ਪਾਲਸੀਆਂ ਕਾਰਨ ਇਕ ਦੇਸ਼ ਤੋਂ ਬਾਅਦ ਦੂਜੇ ਦੇਸ਼ ਵਿਚ ਅਜਿਹੇ ਨਤੀਜੇ ਨਿਕਲ ਰਹੇ ਹਨ ਤਾਂ ਮੁਦਰਾ ਕੋਸ਼ ਵਲੋਂ ਮਿਸ਼ਨਰੀਆਂ ਵਰਗੀ ਗਰਮਜੋਸ਼ੀ ਨਾਲ ਆਪਣੀਆਂ ਪਾਲਸੀਆਂ ਤੀਜੀ ਦੁਨੀਆਂ ਦੇ ਦੇਸ਼ਾਂ ਤੇ ਲਾਗੂ ਕਰਨ ਦੀ ਜ਼ਿੱਦ ਕਿਉਂ ਕੀਤੀ ਜਾ ਰਹੀ ਹੈ? ਇਸਦੇ ਕੁੱਝ ਪ੍ਰਮੁੱਖ ਕਾਰਨ ਇਹ ਹਨ।

ਸੱਭ ਤੋਂ ਪਹਿਲਾ ਕਾਰਨ ਤਾਂ ਹੈ ਪਹਿਲੀ ਦੁਨੀਆਂ ਦੇ ਬੈਂਕਾਂ ਵਲੋਂ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਦਿੱਤੇ ਕਰਜਿਆਂ ਦੀ ਵਾਪਸੀ ਨਿਸ਼ਚਤ ਬਣਾਉਣਾ ਤਾਂ ਕਿ ਇਹਨਾਂ ਬੈਂਕਾਂ ਦਾ ਆਰਥਿਕ ਨੁਕਸਾਨ ਨਾ ਹੋਵੇ ਅਤੇ ਨਾਂ ਹੀ ਸੰਸਾਰ ਪੱਧਰ ਤੇ ਚਲਦੇ ਵਿਤੀ ਪ੍ਰਬੰਧ (ਇੰਟਰਨੈਸ਼ਨਲ ਫਾਈਨੈਂਸ਼ਲ ਸਿਸਟਮ) ਵਿਚ ਕਿਸੇ ਤਰ੍ਹਾਂ ਦੀ ਅਸਿਥਰਤਾ ਆਉਣ ਦਾ ਮੌਕਾ ਆਵੇ। ਸੰਨ 1982–83 ਵਿਚ ਜਦੋਂ ਲਾਤੀਨੀ ਅਮਰੀਕਾ 'ਕਰਜੇ ਦੇ ਸੰਕਟ (ਡੈਬਟ ਕਰਾਈਸਿਸ)' ਵਿਚੋਂ ਗੁਜ਼ਰ ਰਿਹਾ ਸੀ ਤਾਂ ਉਸ ਸਮੇਂ ਹਾਲਤ ਇਹ ਸਨ ਕਿ ਲਾਤੀਨੀ ਅਮਰੀਕਾ ਦੀਆਂ ਬਹੁਗਿਣਤੀ ਕੰਪਨੀਆਂ, ਜਿਹਨਾਂ ਨੇ ਵਿਦੇਸ਼ੀ ਬੈਂਕਾਂ ਤੋਂ ਕਰਜਾ ਲਿਆ ਸੀ, ਆਪਣਾ ਕਰਜਾ ਲਾਹੁਣ ਦੇ ਕਾਬਲ ਨਹੀਂ ਸਨ। ਉਸ ਸਮੇਂ ਲਾਤੀਨੀ ਅਮਰੀਕਾ ਦੀਆਂ ਸਰਕਾਰਾਂ ਤੇ ਜ਼ੋਰ ਪਾਇਆ ਗਿਆ ਕਿ ਉਹ ਇਹ ਕਰਜਾ ਲਾਹੁਣ ਦੀ ਜ਼ਿੰਮੇਵਾਰੀ ਲੈਣ ਭਾਵੇਂ ਕਰਜਾਂ ਲੈਣ ਸਮੇਂ ਸਰਕਾਰਾਂ ਨੇ ਜ਼ਿੰਮੇਵਾਰੀ ਦਾ ਵਚਨ ਦਿੱਤਾ ਸੀ ਜਾਂ ਨਹੀਂ। ਇਕ ਰੀਪੋਰਟ ਮੁਤਾਬਕ 1981 ਤੋਂ 1987 ਦੇ ਅਖੀਰ ਤੱਕ ਸਯੁੰਕਤ ਰਾਜ ਅਮਰੀਕਾ ਦੇ ਬੈਂਕਾਂ ਨੂੰ ਕਰਜਿਆਂ ਦੀ ਅਦਾਇਗੀ ਦੇ ਸਬੰਧ ਵਿਚ ਲਾਤੀਨੀ ਅਮਰੀਕਾ ਵਲੋਂ 15910 ਕਰੋੜ ਡਾਲਰ ਅਦਾ ਕੀਤੇ ਗਏ। ਪੁਰਾਣੇ ਸਮਿਆਂ ਵਿਚ ਜਦੋਂ ਕੋਈ ਦੇਸ਼ ਦੂਜੇ ਦੇਸ਼ ਦਾ ਕਰਜਾ ਨਹੀਂ ਸੀ ਦਿੰਦਾ ਤਾਂ ਕਰਜਾ ਦੇਣ ਵਾਲਾ ਦੇਸ਼ ਦੂਜੇ ਦੇਸ਼ ਤੇ ਫੌਜੀ ਹਮਲਾ ਕਰਕੇ ਉਸ ਤੇ ਕਬਜਾ ਕਰ ਲੈਂਦਾ ਸੀ ਅਤੇ ਆਪਣਾ ਕਰਜਾ ਵਸੂਲ ਕਰਦਾ ਸੀ। ਅੱਜਕਲ ਇਹ ਕੰਮ ਅੰਤਰਰਾਸ਼ਟਰੀ ਮੁਦਰਾ ਕੋਸ਼ ਕਰਦਾ ਹੈ। ਉਹ ਆਪਣੀਆਂ ਸ਼ਰਤਾਂ ਨਾਲ ਕਰਜਈ ਦੇਸ਼ ਦੀ ਆਰਥਿਕ ਤੇ ਸਿਆਸੀ ਪਾਲਸੀਆਂ ਤੇ ਕੰਟਰੋਲ ਕਰ ਕਰਜੇ ਦੀ ਅਦਾਇਗੀ ਸੰਭਵ ਬਣਾਉਂਦਾ ਹੈ।

ਦੂਸਰਾ ਕਾਰਨ ਹੈ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਆਰਥਿਕਤਾ ਨੂੰ ਸੰਸਾਰ ਦੇ ਵਪਾਰਕ ਪ੍ਰਬੰਧ ਨਾਲ ਬੰਨਣਾ ਤਾਂਕਿ ਅਮੀਰ ਵਿਕਸਤ ਦੇਸ਼ਾਂ ਨੂੰ ਵਿਕਾਸਸ਼ੀਲ ਦੇਸ਼ਾਂ ਦੇ ਕੱਚੇ ਮਾਲ, ਕੁਦਰਤੀ ਸੋਮਿਆਂ ਤੇ ਸਸਤੀ ਮਜ਼ਦੂਰੀ ਨੂੰ ਆਪਣੀ ਮਰਜੀ ਮੁਤਾਬਕ ਵਰਤਣ ਦੀ ਖੁਲ੍ਹ ਮਿਲਦੀ ਰਹੇ।

ਮੁਦਰਾ ਕੋਸ਼ ਵਲੋਂ ਆਪਣੀਆਂ ਪਾਲਸੀਆਂ ਲਾਗੂ ਕਰਨ ਮਗਰ ਤੀਜਾ ਕਾਰਨ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਆਪਣੀਆਂ ਵਿਦੇਸ਼ੀ ਪਾਲਸੀਆਂ ਅਮੀਰ ਵਿਕਸਤ ਦੇਸ਼ਾਂ, ਖਾਸ ਕਰਕੇ ਸਯੁੰਕਤ ਰਾਜ ਅਮਰੀਕਾ, ਦੀਆਂ ਪਾਲਸੀਆਂ ਮੁਤਾਬਕ ਢਾਲਣ ਲਈ ਮਜ਼ਬੂਰ ਕਰਨਾ ਹੈ। ਇਸ ਸਬੰਧ ਵਿਚ ਪਿਛਲੇ ਸਾਲ ਹੋਈ ਖਾੜੀ ਦੀ ਜੰਗ ਦੀ ਉਦਾਹਰਣ ਲਈ ਜਾ ਸਕਦੀ ਹੈ। ਹੁਣ ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਬਹੁਤੇ ਤੀਜੀ ਦੁਨੀਆਂ ਦੇ ਦੇਸ਼ਾਂ ਨੇ ਇਸ ਲੜਾਈ ਦੌਰਾਨ ਸੰਯੁਕਤ ਰਾਜ ਅਮਰੀਕਾ ਅਤੇ ਉਹਦੇ ਮਿੱਤਰਾਂ ਦੀ ਮਦਦ ਇਸ ਕਰਕੇ ਕੀਤੀ ਕਿਉਂਕਿ ਉਹਨਾਂ ਨੂੰ ਜਾਂ ਤਾਂ ਅੰਤਰਰਾਸ਼ਟਰੀ ਮੁਦਰਾ ਕੋਸ਼ ਵਲੋਂ ਨਵਾਂ ਕਰਜਾ ਦੇਣ ਜਾਂ ਪਹਿਲਾਂ ਦਿੱਤੇ ਹੋਏ ਕਰਜੇ ਵਿਚ ਰਿਆਇਤ ਦਾ ਵਚਨ ਦਿੱਤਾ ਗਿਆ ਸੀ। ਜਿਵੇਂ ਹਿੰਦੁਸਤਾਨ ਦੀ ਸਰਕਾਰ ਨੇ ਖਾੜੀ ਦੀ ਜੰਗ ਨੂੰ ਜਾਣ ਵਾਲੇ ਅਮਰੀਕੀ ਜਹਾਜ਼ਾਂ ਨੂੰ ਹਿੰਦੁਸਤਾਨ ਵਿਚ ਤੇਲ ਭਰਨ ਦੀ ਇਜਾਜ਼ਤ ਤਾਂ ਦਿੱਤੀ ਸੀ ਕਿਉਂਕਿ ਇਸ ਨਾਲ ਹਿੰਦੁਸਤਾਨ ਨੂੰ ਅੰਤਰਰਾਸ਼ਟਰੀ ਮੁਦਰਾ ਕੋਸ਼ ਵਲੋਂ 100 ਕਰੋੜ ਡਾਲਰ ਦਾ ਕਰਜਾ ਮਿਲਣ ਵਿਚ ਸਹਾਇਤਾ ਮਿਲੀ ਸੀ।

ਹੁਣ ਤੱਕ ਦੇ ਪ੍ਰਮਾਣਾਂ ਨੂੰ ਦੇਖਦੇ ਹੋਏ ਇਹ ਹੀ ਨਤੀਜਾ ਨਿਕਲਦਾ ਹੈ ਕਿ ਅੰਤਰਰਾਸ਼ਟਰੀ ਮੁਦਰਾ ਕੋਸ਼ ਦੀਆਂ ਪਾਲਸੀਆਂ ਤੀਜੀ ਦੁਨੀਆਂ ਦੀ ਆਰਥਿਕਤਾ ਨੂੰ ਸੁਧਾਰਨ ਲਈ ਨਹੀਂ ਹਨ ਸਗੋਂ ਤੀਜੀ ਦੁਨੀਆਂ ਉਪਰ ਪਹਿਲੀ ਦੁਨੀਆਂ ਦਾ ਗਲਬਾ ਰੱਖਣ ਦਾ ਇਕ ਢੰਗ ਹਨ।

### ਜਾਣਕਾਰੀ ਦੇ ਸੋਮੇ:


Birtill, Paul. " A note on foreign investment in India's 'new' econmy". Race and Class, 34 (July-September 1992), 17-22.

Branford, Sue, and Bernardo Kucinski. The Debt Squads. London: Zed Books, 1990.

Budhoo, Davison L. Enough is Enough. New York: Council on International and Public Affairs, 1990.

Desai, Rajni, ed. Aspect of India's Economy. vol. 4, 5, 7.

George, Susan. A Fate Worse Than Debt. London: Penguin Books, 1988.

Komer, Peter, Gero Maass, Thomas Siebold, and Rainer Tetzlaff. The IMF and the Debt Crisis. London: Zed Books, 1984.

Lokshahi Hakk Sanghatana. Behind Our Backs: The IMF Loan & Democratic Rights. Bombay, 1991.

New Internationalist No. 189, November, 1988.

Olori, Toye. " Nigeria: No gain from the pain." Third World Resurgent, December 1992, pp. 29.

Torrie, Jill, ed. Banking On Poverty: The Global Impact of the IMF & World Bank. Toronto: Between the Lines, 1983.


● ● ● ● ● ● ● ● ● ● ● ● ● ● ● ● ●

---

## ਆਤਮ ਸ਼ਕਤੀ

### ਸੁਖਦਰਸ਼ਨ ਧਾਲੀਵਾਲ

ਲਹੂ!
ਜੋ ਮੋਨ ਧਾਰ ਕੇ ਜੰਮ ਜਾਂਦਾ ਹੈ ਕਿਤੇ,
ਧੁਰ ਅੰਦਰ
ਦੇਂਦਾ ਹੈ ਸੁਕਾ
ਇਨਕਲਾਬੀ ਉੱਤੇਜਨਾ ਦੀ ਫ਼ਸਲ
ਅਤੇ ਇੰਜ!
ਵੱਗ ਤੁਰਦੀ ਹੈ
ਮਨੁੱਖੀ ਵੇਦਨਾ ਦੀ ਤੁਸ਼ਾਰ–ਨਦੀ
ਜਿਸ ਦੀ ਪਰਿਭਾਸ਼ਾ
ਭਾਂਵੇਂ ਕੁਝ ਵੀ ਹੋਵੇ

ਪਰ!
ਜਿਸਮ ਦੇ ਅੰਬਰ ਤੀਕ
ਫੈਲ ਜਾਂਦਾ ਹੈ ਅੰਧਕਾਰ
ਤੇ
ਗਰਭ ਅੰਦਰ ਪਲ ਰਿਹਾ ਵਰਤਮਾਨ
ਹੋ ਜਾਂਦਾ ਹੈ ਅਸਮਰੱਥ
ਕਰਨ ਲਈ ਸਾਹਮਣਾ
ਹੋ ਰਹੀ ਹਰ ਸਾਜਿਸ਼ ਦਾ

ਜਜ਼ਬਿਆਂ ਦੀ ਉਤਪੱਤੀ ਲਈ
ਜ਼ਰੂਰੀ ਹੈ
ਲਹੂ ਦਾ ਰੱਗਾਂ ਵਿਚ ਦੌੜਨਾ
ਖੌਫ਼ ਦੀਆਂ ਸੀਤ ਹਵਾਵਾਂ ਨਾਲ ਜੂਝਣਾ
ਅਤੇ ਕਰਨੀ ਪ੍ਰਕਰਮਾ
ਅਗਨ–ਭਾਸ਼ਾ ਦੇ ਕੁੰਡ ਦੁਆਲੇ
ਕਰਨ ਲਈ ਪੈਦਾ
ਹਰਾਰਤ, ਰਵਾਨੀ ਅਤੇ ਗਤੀ।

ਅਜੋਕੀ ਕਾਲੀ ਧੁੰਦ ਵਿਚ
ਗੁੰਮ ਹੋਏ ਸੁਖਾਵੇਂ ਮੌਸਮਾਂ ਦੀ
ਲਿਖਣ ਲਈ ਇਬਾਰਤ
ਕਲਮ ਨੂੰ ਦਰਕਾਰ ਹੈ
ਆਤਮ–ਸ਼ਕਤੀ ਦੀ ਰੁਸ਼ਨਾਈ!
ਆਤਮ–ਸ਼ਕਤੀ ਦੀ ਰੁਸ਼ਨਾਈ!
ਆਤਮ–ਸ਼ਕਤੀ ਦੀ ਰੁਸ਼ਨਾਈ! ❐



# MOTI RAJA

**CURRY IN HURRY FOODS INC.**

Serving Indian & Canadian Cuisine Since 1975
Complete Wedding Banquet Centre

8246 FRASER
VANCOUVER, B.C. V5X 3X6

Ph.: 325-5014
Fax.: 321- 3223

City Kitchen
Ph.: 322-2489

# BUYING OR SELLING

**Residential, Farms, Lots**

## Always Remember To Call Your Friendly Realtor



**Kuldip (Kal) Rangi**
**Ph.: Res. 278-8320**
**Bus. 322-3272**

**AMEX INTERNATIONAL REALTY CORP.**
200-6325 Fraser St. Vancouver B.C. V5W 3A3

# ਸਤਲੁੱਜ ਫੈਸ਼ਨਜ਼ ਫੋਨ :

9332 - 120 St. Surrey, B.C. 589 - 6161

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਓ।

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**

# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

## Ph: (403) 462-7555

**General Paractice of Law including:**

* ਕ੍ਰਿਮੀਨਲ (Criminal) • ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortagage)
• ਵਿੱਲ ਤੇ ਅਸਟੇਟ (Wills & Estate) • ਸਿਵਲ(Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
**Ph. (403) 436-7060**
**# 440-4445 Calgary Tr. South, Edmonton**
***Millwood Office:***
**9209-34th Ave. Edmonton Alberta, T6E 5T5**

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# ਪੁਸਤਕ ਪਰਿਚੈ

## ਨਵੇਂ ਸੂਰਜ (ਕਾਵਿ ਸੰਗ੍ਰਹਿ)
## ਲੇਖਕ: ਸੁਖਵਿੰਦਰ ਕੰਬੋਜ

ਰਵੀ ਸਾਹਿਤ ਪ੍ਰਕਾਸ਼ਨ ਵਲੋਂ ਛਾਪੀ, 132 ਸਫਿਆਂ ਵਿਚ ਫੈਲਰੀ, ਸੁਖਵਿੰਦਰ ਕੰਬੋਜ ਦੀ ਪਹਿਲੀ ਕਾਵਿ ਕਿਤਾਬ "ਨਵੇਂ ਸੂਰਜ" ਅਸਲ ਵਿਚ ਦੋ ਕਿਤਾਬਾਂ ਦੀ ਸਾਮਗਰੀ ਨੂੰ ਇਕ ਜਿਲਦ ਵਿਚ ਲਪੇਟਕੇ ਪੇਸ਼ ਕਰਦੀ ਹੈ। ਮੁੱਖ ਤੌਰ ਤੇ ਇਸ ਕਿਤਾਬ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ: 'ਵਤਨ' ਅਤੇ 'ਪਰਵਾਸ'। ਤੀਜਾ ਹਿੱਸਾ ਮਿੰਨੀ ਕਵਿਤਾਵਾਂ ਅਤੇ ਪਾਸ਼ ਦੇ ਨਾਮ ਕਵਿਤਾਵਾਂ ਦੇ ਹਵਾਲੇ ਕੀਤਾ ਗਿਆ ਹੈ।

'ਵਤਨ' ਵਾਲੇ ਹਿੱਸੇ ਵਿਚ ਦਿੱਤੀਆਂ ਕਵਿਤਾਵਾਂ ਦਾ ਚਿਹਰਾ-ਮੁਹਰਾ ਅਤੇ ਥੀਮ 'ਪਰਵਾਸ' ਵਾਲੇ ਹਿੱਸੇ ਦੀਆਂ ਕਵਿਤਾਵਾਂ ਨਾਲੋਂ ਵੱਖਰਾ ਹੈ। 'ਵਤਨ' ਦੀਆਂ ਕਵਿਤਾਵਾਂ ਪੰਜਾਬ ਦੇ ਪਿਛਲੇ 20 ਸਾਲਾਂ ਦੇ ਇਤਿਹਾਸਕ ਦੌਰ ਨੂੰ ਜ਼ਿਹਨ ਵਿਚ ਰੱਖਕੇ ਪੜ੍ਹੇ ਜਾਣ ਦੀ ਮੰਗ ਕਰਦੀਆਂ ਨੇ, ਜਦੋਂ ਕਿ ਪਰਵਾਸ ਵਾਲੇ ਹਿੱਸੇ ਦੀਆਂ ਕਵਿਤਾਵਾਂ ਸੁਖਵਿੰਦਰ ਦੀ ਵਿਦੇਸ਼ ਵਿਚ ਹੰਢਾਈ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬਿਆਂ ਨੂੰ ਕਾਵਿਕ ਬਾਣਾ ਪਹਿਨਾਉਂਦੀਆਂ ਨੇ।

ਇਹਨਾਂ ਕਵਿਤਾਵਾਂ ਦੀ ਖਾਸ ਖੂਬੀ ਇਹ ਹੈ ਕਿ ਇਹਨਾਂ ਨੂੰ ਪੜ੍ਹਨ ਲਈ ਦਿਲ ਕਰਦਾ ਹੈ। ਕਵਿਤਾਵਾਂ ਪੜ੍ਹਦੇ ਮਹਿਸੂਸ ਹੁੰਦਾ ਹੈ ਕਿ ਕਵੀ 'ਕਵਿਤਾ' ਰਚਣ ਦੀ ਕੋਸ਼ਿਸ਼ ਵਿਚ ਹੈ ਨਾ ਕਿ ਵਾਰਤਕ ਨੂੰ ਤੋੜਕੇ ਸਤਰਾਂ ਬਣਾਉਣ ਦੇ ਆਹਰ ਵਿਚ। ਇਸੇ ਖੂਬੀ ਕਰਕੇ ਮੈਂ ਇਹਨਾਂ ਨਜ਼ਮਾਂ ਨੂੰ ਮੁੱਢ ਤੋਂ ਅੰਤ ਤੀਕਰ ਪੜ੍ਹਿਆ ਅਤੇ ਮਾਣਿਆ ਹੈ।

'ਵਤਨ' ਵਾਲੇ ਹਿੱਸੇ ਦੀਆਂ ਕਵਿਤਾਵਾਂ ਵਿਚ ਰਵਾਇਤੀ ਅਲਫ਼ਾਜ਼ੀ ਅਤੇ ਰੁਮਾਂਟਿਕ ਕਿਸਮ ਦੀ ਨਾਅਰੇਬਾਜ਼ੀ ਦੀ ਥਾਂ, ਜੁਝਾਰੂ ਦੌਰ ਦਾ ਵਿਸ਼ਲੇਸ਼ਣ ਵਧੇਰੇ ਉਘੜਦਾ ਹੈ। ਸੁਖਵਿੰਦਰ ਆਪਣੇ 'ਲਾਲ' ਰੰਗ ਨੂੰ ਬੇਝਿਜਕ ਪਰਵਾਨਦਾ ਹੋਇਆ, ਲਾਲ ਰੰਗ ਦੇ ਉਹਲੇ ਹੋ ਰਹੇ 'ਅਨਰਥ' ਨੂੰ ਨਕਾਰਦਾ ਨਜ਼ਰ ਆਉਂਦਾ ਹੈ। ਇੰਝ ਕਰਦਿਆਂ ਉਹ 'ਕਾਵਿਕਤਾ' ਨੂੰ ਲੱਭਣ ਦੇ ਯਤਨ ਤੋਂ ਅਵੇਸਲਾ ਹੁੰਦਾ ਨਜ਼ਰ ਨਹੀਂ ਆਉਂਦਾ:

"ਪਿਆਰੇ ਘਰ, ਕੀ ਤੇਰੀ ਕਸਮ ਖਾਵਾਂ
ਜੋ ਫਕੀਰੀਏ ਦੀ ਹੱਟੀ ਤੋਂ ਲੈਕੇ
ਬੈਂਕ ਦੀਆਂ ਮਿਸਲਾਂ ਤੀਕ ਤੋੜ ਜ਼ਖਮੀ ਹੈ...."

ਅਤੇ

ਅਫਸੋਸ ਕਿ ਘੋੜਿਆਂ ਦੀਆਂ ਪਿੱਠਾਂ
'ਤੇ ਉਸਰਨ ਵਾਲੇ ਸੱਚ ਦਾ ਇਤਿਹਾਸ
ਘੋੜਿਆਂ ਨਾਲ ਹੀ ਜਲਾਵਤਨ ਹੋ ਗਿਆ ਹੈ (ਸਫਾ 28)

ਇੰਝ ਹੀ 'ਕਾਮਰੇਡ ਦੀ ਸੇਵਾ ਹਿਤ' ਨਜ਼ਮ ਵਿਚ, ਸੁਖਵਿੰਦਰ ਨੇ, ਅਸਲੀਅਤ ਤੋਂ ਟੁੱਟ ਕੇ, ਸੁਪਨਮਈ ਸੰਸਾਰ ਵਿਚ ਵਿਚਰ ਰਹੇ ਜੁਝਾਰੂਆਂ (ਧਾਰਮਿਕ ਜੁਝਾਰੂ ਨਹੀਂ) ਨੂੰ ਹਲੂਣਾ ਦੇਣ ਲਈ, ਤਾਜ਼ਗੀ ਦੀ ਭਾਅ ਮਾਰਦੀ ਕਵਿਤਾ ਸਿਰਜੀ ਹੈ:

ਕਲਿੰਗਾਂ ਦੇ ਮੈਦਾਨ 'ਚੋਂ  ਅਸ਼ੋਕ ਨੂੰ
ਅਖੀਰ ਜਦੋਂ ਕੁੱਝ ਹੱਥ ਨਾ ਆਇਆ
ਤਾਂ ਉਹਦੇ ਸਾਹਮਣੇ ਸਿਰਫ ਲੋਕ ਸਨ
ਜਾਂ ਕਪਲਵਸਤੂ ਦਾ ਨਿੰਮਾ ਜਿਹਾ ਚਾਨਣ ਸੀ
ਜੀਹਦੇ ਮੂੰਹ ਹਨੇਰੇ 'ਚ ਉਹ ਲਾਸ਼ਾਂ ਦੀ ਨਦੀ ਤਰਕੇ
ਗਯਾ ਦੇ ਬੋਧ ਬਿਰਖ ਤੀਕ ਅੱਪੜਿਆ। (ਸਫਾ 30)

ਅਤੇ

ਇਸੇ ਲਈ ਗਜ਼ਨੀ ਸ਼ਹਿਰ ਦੀਆਂ ਹੁੱਸੜਭਾਮਾ ਵਿਚ
ਔਰਤਾਂ ਟਕੇ ਦੀ ਛਾਂ ਵਿਚ ਹੀ ਵਿਕਦੀਆਂ ਨੇ... (ਸਫਾ 30-31)

ਸੁਖਵਿੰਦਰ ਕੋਲ ਲਫ਼ਜ਼ਾਂ ਨੂੰ ਕਵਿਤਾ ਵਿਚ ਢਾਲਣ ਦੀ ਤਲਾਸ਼ ਹੈ; ਇਸੇ ਲਈ ਉਹਦੀ ਕਵਿਤਾ ਦੀਆਂ ਅਨੇਕਾਂ ਟੁਕੜੀਆਂ ਹਲੂਣਾ ਜਿਹਾ ਦੇਂਦੀਆਂ ਨੇ:

ਜਿਨ੍ਹਾਂ ਬੱਚਿਆਂ ਦੇ ਬਾਪ ਘਰ ਨਹੀਂ ਪਰਤਦੇ
ਉਹਨਾਂ ਦਾ ਚੰਨ ਅੰਧਾ ਹੁੰਦਾ ਹੈ। (ਸਫਾ 37)

ਅਤੇ

ਹੇ ਕ੍ਰਿਸ਼ਨ! ਤੂੰ ਕਿਹੜੀ ਫੌਜ ਸਿਰਜੇਂਗਾ
ਥੋ-ਸੀਸੇ ਲੋਕਾਂ ਦੀ ਭੀੜ ਨਾਲ। (ਸਫਾ 39)

'ਪਰਵਾਸ' ਵਾਲੇ ਹਿੱਸੇ ਵਿਚ ਸੁਖਵਿੰਦਰ ਨੇ ਵਿਦੇਸ਼ ਵਿਚ ਡੋਰੀ ਨਿਰਾਸ਼ਤਾ, ਉਦਾਸੀ, ਸੰਤਾਪ ਅਤੇ ਹੇਰਵੇ ਨੂੰ ਪੂਰੀ ਇਮਾਨਦਾਰੀ ਅਤੇ ਸ਼ਿੱਦਤ ਨਾਲ ਉਲੀਕਣ ਵੇਲੇ, ਕਵਿਤਾ ਨੂੰ ਜ਼ਿਊਂਦੀ ਰੱਖਣ ਦਾ ਯਤਨ ਕੀਤਾ ਹੈ। 'ਕੁਲੰਬਸ' ਵਾਲੀ ਕਵਿਤਾ ਵਿਚ, ਵਤਨ ਤੋਂ ਦੂਰ ਜਾਣ ਦੇ ਅਹਿਸਾਸ ਲਈ, ਬੁੱਧ ਦੇ ਪ੍ਰੰਪਰਕ ਚਿੰਨ ਦੀ ਥਾਂ 'ਕੁਲੰਬਸ' ਦਾ ਢੁਕਵਾਂ ਅਤੇ ਨਵਾਂ ਚਿੰਨ੍ਹ ਵਰਤਦੇ, ਸੁਖਵਿੰਦਰ ਨੇ ਸੰਜਰੇ ਹੋਣ ਦਾ ਸਬੂਤ ਦਿੱਤਾ ਹੈ:

ਰਿਸ਼ਤਿਆਂ ਦੀ ਛਾਨਣੀ 'ਚ ਛਣਦਾ
ਗਰੀਬ ਕੁਲੰਬਸ ਜਦੋਂ ਘਰੋਂ ਤੁਰਿਆ ਸੀ
ਤਾਂ ਜੇਬ 'ਚ ਪਹਾੜੀਆਂ ਤੇ ਡੁੱਬ ਰਿਹਾ ਸੂਰਜ ਨਹੀਂ ਸੀ
ਸਗੋਂ ਕੋਠੇ ਤੋਂ ਕੋਠੀ ਬਣਨ ਦਾ ਸੁਪਨਾ ਸੀ। (ਸਫਾ 91)

ਪਾਸ਼ ਦੀ ਯਾਦ ਵਾਲੀਆਂ ਨਜ਼ਮਾਂ ਵਿਚ ਵੀ ਸੁਖਵਿੰਦਰ ਕਵਿਤਾ ਦੇ ਆਸ ਪਾਸ ਹੀ ਵਿਚਰਦਾ ਹੈ।

ਤੇ ਇਸ ਕਿਤਾਬ ਦੀ ਅਹਿਮ ਪ੍ਰਾਪਤੀ  ਹੈ ਸੁਰਿੰਦਰ ਧੰਜਲ ਵੱਲੋਂ ਲਿਖਿਆ ਆਲੋਚਨਾਤਮਕ ਵਿਸ਼ਲੇਸ਼ਣ। ਇਹ ਵਿਸ਼ਲੇਸ਼ਣ ਕੈਨੇਡਾ ਵਿਚ ਪੰਜਾਬੀ ਆਲੋਚਨਾ ਦੇ ਮਿਆਰ ਦੀ ਸ਼ਾਹਦੀ ਭਰਦਾ ਹੈ। ਸੁਰਿੰਦਰ ਦੀ ਆਲੋਚਨਾ ਬਹੁਪੱਖੀ ਅਤੇ ਬੇਲਿਹਾਜ਼ ਹੋਣ ਦੇ ਨਾਲ ਨਾਲ ਉਸਾਰੂ ਅਤੇ ਮਿਆਰੀ ਵੀ ਹੈ।

ਸੁਖਵਿੰਦਰ ਦੀ ਕਵਿਤਾ ਦਾ ਇਕ ਜ਼ੋਰਦਾਰ ਲੱਛਣ ਇਹ ਹੈ ਕਿ ਇਹ ਮੁੱਢ ਤੋਂ ਅਖੀਰ ਤੱਕ ਇਕ ਬੇਚੈਨੀ ਅਤੇ ਅਕੇਵੇਂ ਦਾ ਪ੍ਰਭਾਵ ਛੱਡਦੀ ਹੈ। ਸ਼ਾਇਰ ਲਈ ਬੇਚੈਨ ਹੋਣਾ ਬਹੁਤ ਜ਼ਰੂਰੀ ਹੈ।

ਅਖੀਰ ਵਿਚ ਸੁਰਿੰਦਰ ਧੰਜਲ ਦੀ ਟਿੱਪਣੀ ਦੇਣੀ ਬਹੁਤ ਵਾਜਬ ਹੈ:

"ਸੁਖਵਿੰਦਰ ਕੋਲ ਬਹੁਤ ਕੁੱਝ ਨਿਰੋਲ ਉਹਦਾ ਆਪਣਾ ਹੈ- ਉਹਨੂੰ ਕਿਸੇ ਹੋਰ ਵਰਗਾ ਲੱਗਣ ਦੀ ਥਾਂ, ਆਪਣੀ ਮੌਲਿਕਤਾ ਵੱਲ ਵਿਸ਼ੇਸ਼ ਧਿਆਣ ਦੇਣ ਦੀ ਜ਼ਰੂਰਤ ਹੈ।"

**ਇਕਬਾਲ ਰਾਮੂਵਾਲੀਆ**

## ਤੁਲਸੀ ਦੇ ਪੱਤਰ (ਕਾਵਿ ਸੰਗ੍ਰਹਿ)
## ਲੇਖਕ: ਪ੍ਰੀਤਮ ਸਿੰਘ ਧੰਜਲ

'ਤੁਲਸੀ ਦੇ ਪੱਤਰ' ਪ੍ਰੀਤਮ ਸਿੰਘ ਧੰਜਲ ਦਾ ਪੰਜਾਬੀ ਵਿਚ ਦੂਸਰਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਨਾਲ ਉਹਨਾ ਆਪਣੇ ਆਪ ਨੂੰ ਪੰਜਾਬੀ ਸਾਹਿਤ ਵਿਚ ਸਥਾਪਿਤ ਕੀਤਾ ਹੈ ਤੇ ਸਾਹਿਤ ਨੂੰ ਇਕ ਚੰਗੀ ਦੇਣ ਦਿਤੀ ਹੈ।

ਮੈਨੂੰ ਇਹ ਕਿਤਾਬ ਪੜ੍ਹ ਕੇ ਬਹੁਤ ਖੁਸ਼ੀ ਹੋਈ  ਹੈ। ਮੈਂ ਇਸ ਨੂੰ ਇਕ ਪਾਠਕ ਦੇ ਤੌਰ ਤੇ ਅਲੋਚਿਆ ਹੈ। ਪਾਠਕ ਨੂੰ ਇਸ ਕਿਤਾਬ ਵਿਚੋਂ ਕਿਨ੍ਹਾ ਰਸ ਮਿਲਦਾ ਹੈ, ਉਹ ਤੁਹਾਡੇ ਨਾਲ ਸਾਂਝਾ ਕਰਾਂਗਾ।

ਪਾਠਕ ਤੇ ਲੇਖਕ ਦਾ ਰਿਸ਼ਤਾ, ਕਵਿਤਾ ਉਚਾਰਨ ਤੇ ਸੁਣਨ ਵਾਲਿਆਂ ਨਾਲੋਂ ਕੁੱਝ ਨਿਵੇਕਲਾ ਹੁੰਦਾ ਹੈ। ਪਾਠਕ ਕੋਲ ਸਮਾਂ ਹੁੰਦਾ ਹੈ, ਜੋ ਉਸ ਨੂੰ ਲੇਖਕ ਦੇ ਨਾਲ ਨਾਲ ਚਲਣ ਦਾ ਤੇ ਰਲਣ ਦਾ ਮੌਕਾ ਦਿੰਦਾ ਹੈ। ਲੇਖਕ ਆਪਣੇ ਖਿਆਲਾਂ ਨੂੰ, ਵਿਚਾਰਾਂ ਨੂੰ ਤੇ ਆਪਣੀ ਸੋਚ ਨੂੰ ਕਲਮ ਰਾਹੀਂ ਪੇਸ਼ ਕਰਦਾ ਹੈ। ਤੁਸੀਂ ਭਾਵੇਂ ਲੇਖਕ ਨੂੰ ਕਈ ਦੇਰ ਤੋਂ ਜਾਣਦੇ ਹੋਵੋਂ, ਪਰ ਉਸਦੇ ਸੁਚੇਤ ਤਕ ਪਹੁੰਚਣ ਲਈ ਉਸਦੀ ਲਿਖਤ ਨਾਲ ਦੋਸਤੀ ਲਾਉਣੀ ਪੈਂਦੀ ਹੈ।

ਹਰ ਇਨਸਾਨ ਦੀਆਂ ਇਸ ਜੀਵਨ ਵਿਚ ਕੁੱਝ ਖਾਹਿਸ਼ਾਂ ਹੁੰਦੀਆਂ ਹਨ, ਕੁੱਝ ਤਮੰਨਾ ਹੁੰਦੀਆਂ ਹਨ ਜਿਹਨਾਂ ਵਿਚੋਂ ਕੁੱਝ ਪੂਰੀਆਂ ਹੋ ਜਾਂਦੀਆਂ ਹਨ ਤੇ ਕੁੱਝ ਅਧੂਰੀਆਂ ਰਹਿ ਜਾਂਦੀਆਂ ਹਨ। ਕਵੀ ਦੀ ਦੁਨੀਆਂ ਵਿਚ ਇਹ ਬੱਦਲ ਬਣ ਕੇ, ਹਨੇਰੀ ਦੀ ਤਰ੍ਹਾਂ ਘੁਮਦੀਆਂ ਰਹਿੰਦੀਆਂ ਹਨ। ਇਹਨਾਂ ਬੱਦਲਾਂ ਦੀ ਹੱਦ ਯਥਾਰਥਵਾਦ ਤੋਂ ਲੈ ਕੇ ਆਦਰਸ਼ਵਾਦ ਤੱਕ ਹੁੰਦੀ ਹੈ। ਉਹ ਵਾਤਾਵਰਨ ਜੋ ਉਸ ਨਾਲ ਸਹਿਮਤ ਨਹੀਂ ਹੁੰਦਾ ਤਾਂ ਉਹ ਆਪਣੀ ਅਚੇਤ ਵਸਤਾਂ ਵਿਚ  ਉਸ ਨਾਲ ਨਿਭਦਾ  ਹੈ। ਆਪਣੇ ਸੁਚੇਤ ਵਿਚ ਆਪਣੀ ਅਚੇਤ ਵਾਰਤਾ ਦਾ ਵਰਨਣ ਕਰਦਾ ਹੈ ਤੇ ਬਾਕੀਆਂ ਨਾਲ ਸਾਂਝਾ ਕਰਦਾ ਹੈ। ਕੁੱਝ ਦੇ ਉਸ ਕੋਲ ਜਵਾਬ ਹੁੰਦੇ ਹਨ ਤੇ ਕੁੱਝ ਉਹ ਸਵਾਲ ਕਰਦਾ ਹੈ। ਇਸ ਤੁਲਸੀ ਦੇ ਪੱਤਰ ਕਾਵਿ ਸੰਗ੍ਰਹਿ ਵਿਚ ਕੁੱਝ ਪੱਖ ਤੁਹਾਡੇ ਨਾਲ ਸਾਂਝੇ ਕਰਾਂਗਾ।

ਜਦੋਂ ਅਸੀਂ ਆਪਣੇ ਮੁਲਕ ਤੋਂ ਬਾਹਰ ਆ ਜਾਂਦੇ ਹਾਂ, ਚੰਗੇ ਰੁਜ਼ਗਾਰ ਲਈ ਜਾਂ ਚੰਗੇ ਜੀਵਨ ਲਈ, ਤਾਂ ਅਸੀਂ ਬਹੁਤ ਕੁੱਝ ਆਪਣੇ ਸਭਿਆਚਾਰ ਦਾ ਪਿੱਛੇ ਛੱਡ ਆਉਂਦੇ ਹਾਂ। ਇਹ ਦੁੱਖ ਹਰ ਇਕ ਨੂੰ ਹੈ। ਕੁੱਝ ਘੁੱਟੇ ਵੱਟੇ ਇਸ ਨੂੰ ਪੀਵੀ ਜਾਂਦੇ ਹਨ, ਕੁੱਝ ਇਸ ਨਾਲ ਸਮਝੌਤਾ ਕਰ ਲੈਂਦੇ ਹਨ। ਕਵੀ ਆਪਣੀ ਕਵਿਤਾ

'ਪ੍ਰਵਾਸੀ' ਵਿਚ ਲਿਖਦਾ ਹੈ:

ਦੂਰ ਰਹੇ ਪਰ ਆਪਣਿਆਂ ਦੀ ਯਾਦ ਨਾ ਗਈ ਵਿਸਾਰੀ
ਪ੍ਰੀਤਮ ਉਥੇ ਹੀ ਚੁਗਾਏ ਹਾਂ, ਜਿਥੇ ਚੋਗ ਖਿਲਾਰੀ।

ਇਸ ਨਵੀਨ ਦੁਨੀਆਂ ਵਿਚ ਆ ਕੇ ਪੰਜਾਬੀ ਵੀਰ ਆਪਣੀ ਮੇਹਨਤ ਨਾਲ ਆਪਣਾ ਸਥਾਨ ਬਣਾ ਲੈਂਦਾ ਹੈ। ਪਰ ਇਸਦੇ ਨਾਲ ਉਹ ਇਸ ਪ੍ਰਫੁਲਤਾ ਦਾ ਮੁੱਲ ਵੀ ਤਾਰਦਾ ਹੈ। ਦੁੱਖ ਸਮੁੰਦਰੋਂ ਪਾਰ ਵਿਚ ਲਿਖਿਆ ਹੈ:

ਮਿਹਨਤ ਕਰਕੇ ਦੋਹਾਂ ਨੇ, ਰਲ ਮਿਲ ਕੇ ਮਹਿਲ ਬਣਾਇਆ।
ਸੌ ਸੌ ਖੁਸ਼ੀਆਂ ਦੇ ਸੁਪਨੇ ਲੈ, ਰੀਝਾਂ ਨਾਲ ਸਜਾਇਆ।
ਬੇਸਮਝੀ ਦੀ ਨ੍ਹੇਰੀ ਨੇ, ਉਹ ਪਲ ਵਿਚ ਆਣ ਮਿਟਾਇਆ।
ਹਾਲਾਤ ਦੇ ਚੱਕਰ ਨੇ, ਦੋਹਾਂ ਨੂੰ ਫਰਜ ਭੁਲਾਇਆ।
ਅੱਜ ਤੋਂ ਹੁਣ ਇਹ ਕੁੱਝ ਨਹੀਂ ਲੱਗਦੇ, ਆਪਣੇ ਘਰ ਸੰਸਾਰ ਦੇ।
ਫਿਰ ਪ੍ਰਦੇਸੀ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਦੋ ਸਭਿਆਚਾਰਾਂ ਵਿਚ ਉਪਜਿਆ ਇਨਸਾਨ ਆਪਣੇ ਪ੍ਰਮੁੱਖ ਸਭਿਆਚਾਰ ਨੂੰ ਭੁਲਾ ਨਹੀਂ ਸਕਦਾ। ਉਸ ਤੋਂ ਵੱਖ ਨਹੀਂ ਹੋ ਸਕਦਾ। ਉਹ ਹਮੇਸ਼ਾਂ ਉਸ ਬਾਰੇ ਸੋਚਦਾ ਰਹਿੰਦਾ ਹੈ। ਇਸ ਨਵੇਂ ਮਹੌਲ ਨੂੰ ਭਾਂਪਦਾ ਰਹਿੰਦਾ ਹੈ:

ਤੂੰ ਲਿਖਿਆ ਕਿ ਇਹਨਾਂ ਗਲੀਆਂ ਦੀ ਰੌਣਕ ਉਤੇ
ਹਰ ਸਮੇਂ ਮਾਦਪਨ ਦੇ ਸਾਏ ਨੇ।
ਇਹਨਾਂ ਗਲੀਆਂ ਵਿਚ ਫਿਰ ਰਹੇ ਲੋਕੀਂ
ਜਿਵੇਂ ਮੁਰਦਾ ਜਲਾ ਕੇ ਆਏ ਨੇ।

ਇਹਨਾਂ ਮੁਲਕਾਂ ਵਿਚ ਜੀਵਨ ਇਕ ਕੋਹਲੂ ਦੇ ਚਕਰ ਵਾਂਗ ਹੈ। ਜਿਸਦੀ ਰਫਤਾਰ ਐਨੀ ਤੇਜ ਹੋ ਜਾਂਦੀ ਹੈ ਕਿ ਇਨਸਾਨ ਕੋਲ ਚੰਦ ਮਿੰਟ ਰੁਕ ਕੇ ਸੋਚਣ ਦਾ ਸਮਾਂ ਨਹੀਂ ਹੁੰਦਾ। ਜੇ ਇਸ ਤਰਾਂ ਹੀ ਚਲਦਾ ਰਿਹਾ ਤਾਂ ਇਨਸਾਨ ਤੇ ਮਸ਼ੀਨ ਵਿਚ ਫਰਕ ਮਿੱਟਦਾ ਜਾਵੇਗਾ। ਇਸ ਸੋਚ ਬਾਰੇ ਕਵੀ ਲਿਖਦਾ ਹੈ:

ਐ ਮੇਰੀ ਦੋਸਤ, ਅਜ ਪੀੜਾਂ ਦੀ ਸੋਚ ਨਹੀਂ ਜਰਨੀ,
ਸਗੋਂ ਇਲਾਜ ਦਾ ਕੋਈ ਰਾਹ ਪੈਦਾ ਕਰਨਾ।
ਪਿੰਜਰਾ ਤੋੜਨ ਦੀ ਗਲ ਫੇਰ ਕਰਲਾਂਗੇ,
ਪਹਿਲਾਂ ਉੜ ਜਾਣ ਦੀ ਚਾਹ ਪੈਦਾ ਕਰਨਾ।

ਅੱਗੇ ਜਾ ਕੇ ਲਿਖਦਾ ਹੈ:

ਜ਼ਿੰਦਗੀ ਗੰਦ ਵੀ ਸਹੀ, ਬੋ ਵੀ ਸਹੀ, ਚੀਕ ਸਹੀ,
ਜ਼ਿੰਦਗੀ ਦਾ ਅਰਥ ਮਹਿਕ ਵੀ ਹੋ ਸਕਦਾ ਹੈ।
ਸਾਡਾ ਵਿਸ਼ਵਾਸ ਜਰਾ ਅੱਜ ਬੁਹੜਾ ਗੰਧਲਾ ਹੀ ਸਹੀ,
ਇਹ ਉਮਰਾਂ ਦੇ ਧੋਣੇ ਵੀ ਧੋ ਸਕਦਾ ਹੈ।

ਇਨਸਾਨ ਨੇ ਬਹੁਤ ਤਰੱਕੀ ਕੀਤੀ ਹੈ। ਵਿਗਿਆਨ ਇਸ ਜੀਵਨ ਦੀਆਂ ਕਈ ਗੁੰਝਲਾਂ ਖੋਹਲ ਚੁੱਕਾ ਹੈ ਤੇ ਕਈ ਖੋਹਲਣ ਵਿਚ ਰੁੱਝਿਆ ਹੋਇਆ ਹੈ। ਕੰਮਪਿਊਟਰ ਇਨਸਾਨ ਦਾ ਜੀਵਨ ਸਾਥੀ ਬਣ ਰਿਹਾ ਹੈ। ਇਹ ਤੇ ਅਜੇ ਸ਼ੁਰੂਆਤ ਹੀ ਹੈ ਤੇ ਅੰਤ ਪਤਾ ਨਹੀਂ। ਕਵੀ ਇਸ ਬਾਰੇ ਲਿਖਦਾ ਹੈ:

ਵਿਦਿਆ ਤੇ ਮਿਹਨਤ ਦੇ ਬਲ ਤੇ
ਰੋਗਾਂ ਸੋਗਾਂ ਤੋਂ ਨਿਕਲ ਕੇ
ਮੌਤ ਨੂੰ ਢਾਊਣ ਦੀ ਸੋਚ ਰਿਹਾ ਹੈ
ਮੰਤਰ ਤੰਤਰ ਦੀ ਥਾਂ, ਜੰਤਰ
ਕੋਲੋਂ, ਰਬ ਦਾ ਕੰਮ ਕਰਾ ਕੇ
ਆਪਣੇ ਨਵੇਂ ਰਬ ਦਾ ਆਪੇ
ਕਰਤਾ ਬਣਨਾਂ ਲੋਚ ਰਿਹਾ ਏ।

ਲੇਖਕ ਇਸ ਸਮਾਜ ਦੀਆਂ ਤਰੁਟੀਆਂ, ਔਖਿਆਈਆਂ ਤੇ ਰਸਮਾਂ ਰਿਵਾਜਾਂ ਦੀ ਭੱਠੀ ਵਿਚ ਪਕਦਾ ਹੈ ਤੇ ਫਿਰ ਉਹ ਪਕ ਕੇ ਲਿਖਦਾ ਹੈ:

ਖਿਲਾਂ ਵਿਚ ਤੇ ਰੋੜਾਂ ਵਿਚ ਫਰਕ ਐਨਾ ਹੀ ਹੈ ਪ੍ਰੀਤਮ
ਕਿ ਅੰਦਰੋਂ ਕੱਚਿਆਂ ਦੀ, ਸੇਕ ਨੇ ਸ਼ਕਲ ਬਦਲ ਦਿਤੀ।

ਕਵੀ ਸਮਾਜ ਦੇ ਹਰ ਪਹਿਲੂ ਨੂੰ ਬੜੇ ਧਿਆਨ ਨਾਲ ਘੋਖਦਾ ਹੈ। ਨਿਆਂ ਤੇ ਅਨਿਆਂ ਦੀ ਪਰਖ ਕਰਦਾ ਹੈ। ਉਸਦੀ ਕਵਿਤਾ ਨੂੰ ਪੜ੍ਹ ਕੇ ਪਾਠਕ ਵੀ ਉਸਦੀ ਅਚੇਤਨਾ ਵਿਚ ਵਗ ਰਹੀ ਹਨ੍ਹੇਰੀ ਵਿਚ ਇਕ ਛੋਟਾ ਜਿਹਾ ਬੱਦਲ ਬਣ ਜਾਂਦਾ ਹੈ:

ਇਸ ਜੀਵਨ ਦੀ ਕੀ ਆਸ਼ਾ ਹੈ?
ਕਿਥੋਂ ਆਵੇ? ਕਿਥੇ ਜਾਵੇ?
ਸੋਚਾਂ ਦੀ ਮੰਜ਼ਿਲ ਤੇ ਜਾਕੇ,
ਅਨਹਦ-ਨਾਦ ਵਜਾਵੇਗਾ ਇਹ,
ਅਨਹਦ-ਨਾਦ ਅਧੂਰਾ ਸੀ
ਇਨਸਾਨਾਂ ਦੇ ਜਜ਼ਬਾਤ ਬਿਨਾਂ,
ਇਸੇ ਲਈ ਹੀ ਜਨਮ ਹੋਇਆ ਏ
ਗੀਤਾਂ ਤੇ ਕਵਿਤਾਵਾਂ ਦਾ।

ਮੈਂ ਇਥੇ ਤੁਹਾਨੂੰ ਪ੍ਰੀਤਮ ਸਿੰਘ ਧੰਜਲ ਹੋਰਾਂ ਨਾਲ, ਉਹਨਾਂ ਦੀ ਕਵਿਤਾ ਨਾਲ, ਥੋੜ੍ਹੀ ਜਿਹੀ ਜਾਣ ਪਛਾਣ ਕਰਵਾਈ ਹੈ। ਅਸੀਂ ਧੰਜਲ ਹੋਰਾਂ ਨੂੰ ਵਧਾਈ ਦਿੰਦੇ ਹਾਂ ਤੇ ਉਮੀਦ ਰਖਦੇ ਹਾਂ ਕਿ ਆਉਂਦੇ ਸਮੇਂ ਵਿਚ ਆਪਣੀ ਲਿਖਤ ਰਾਹੀਂ ਸਾਡੇ ਨਾਲ ਸਾਂਝ ਜੋੜੀ ਰਖਣਗੇ। ❐

**ਡਾ: ਅਮਰਜੀਤ ਸਿੰਘ**

---

## ਰੀਵੀਊ ਹਿੱਤ ਆਈਆਂ ਪੁਸਤਕਾਂ

ਵਤਨ ਕੋਲ ਹੇਠ ਲਿਖੀਆਂ ਪੁਸਤਕਾਂ ਰੀਵੀਊ ਲਈ ਪਹੁੰਚੀਆਂ ਹਨ। ਆਉਣ ਵਾਲੇ ਅੰਕਾਂ ਵਿਚ ਅਸੀਂ ਇਹਨਾਂ ਦੇ ਰੀਵੀਊ ਛਾਪਣ ਦੀ ਪੂਰੀ ਪੂਰੀ ਕੋਸ਼ਿਸ਼ ਕਰਾਂਗੇ। ਕਿਤਾਬਾਂ ਭੇਜਣ ਵਾਲੇ ਲੇਖਕਾਂ ਅੱਗੇ ਬੇਨਤੀ ਹੈ ਕਿ ਜੇ ਸੰਭਵ ਹੋ ਸਕੇ ਤਾਂ ਰੀਵੀਊ ਲਈ ਕਿਤਾਬ ਦੀਆਂ ਦੋ ਕਾਪੀਆਂ ਭੇਜਣ।

| ਕਿਤਾਬ | ਲੇਖਕ |
| --- | --- |
| 1. ਪੰਜਾਬ ਸੰਕਟ: ਇਕ ਵਿਸ਼ਲੇਸ਼ਣ | ਅਮਰਜੀਤ ਸੂਫੀ |
| 2. ਕਾਫਲੇ (ਕਾਵਿ ਸੰਗ੍ਰਿਹ) | ਇਕਬਾਲ ਖਾਨ |
| 3. ਧਰਤੀ ਦੇ ਉਸ ਪਾਰ (ਕਹਾਣੀ ਸੰਗ੍ਰਿਹ) | ਯੁਵਰਾਜ ਰਤਨ |
| 4. ਕਾਲੇ ਅੰਗਰੇਜ਼ (ਕਹਾਣੀ ਸੰਗ੍ਰਿਹ) | ਜਗਦੇਵ ਜਟਾਣਾ |
| 5. ਸਵਾਂਤੀ ਬੂੰਦ (ਗ਼ਜ਼ਲ ਸੰਗ੍ਰਿਹ) | ਹਰਜਿੰਦਰ ਕੰਗ |
| 6. ਸ਼ੁੱਭਚਿੰਤਨ (ਕਾਵਿ+ਵਾਰਤਕ) | ਅਜਮੇਰ ਰੋਡੇ |
| 7. ਵੱਖਰੀ ਨਸਲ (ਲੇਖ ਸੰਗ੍ਰਿਹ) | ਹਰੀਸ਼ ਮਲਹੋਤਰਾ |
| 8. ਕਿੱਕਰ ਕੰਡੇ (ਕਵਿਤਾ/ਗ਼ਜ਼ਲ) | ਸੁਰਿੰਦਰ ਸਿੰਘ ਸੀਰਤ |
| 9. ਮੈਨੂੰ ਸੀਤਾ ਨਾ ਕਹੋ (ਕਵਿਤਾ) | ਅਮਰ ਜਿਉਤੀ |
| 10. ਦਰੋਪਦੀ ਤੋਂ ਦੁਰਗਾ | ਅਮਰ ਜਿਉਤੀ |
| 11. ਬੇਕਾਰ ਘੋੜਾ (ਮਿੰਨੀ ਕਹਾਣੀਆਂ) | ਸੁਰਿੰਦਰ ਕੈਲੇ |
| 12 ਆਓ ਪੰਜਾਬੀ ਨੂੰ ਕਤਲ ਕਰੀਏ (ਪਾਕਿਸਤਾਨ ਵਿਚ ਪੰਜਾਬੀ ਸੰਬੰਧੀ ਲੇਖ - ਸ਼ਾਹਮੁਖੀ ਲਿਪੀ ਵਿਚ) | ਚੌਧਰੀ ਨਜ਼ੀਰ ਕਾਹੂਟ |
| 13. ਅਖੀਰਲਾ ਪੰਜਾਬੀ (ਕਹਾਣੀਆਂ) | ਚੌਧਰੀ ਨਜ਼ੀਰ ਕਾਹੂਟ |

---

ਕੀ ਤੁਸੀਂ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ, ਨਾਟਕ ਤੇ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਵਿਚ ਜੋ ਕੁਝ ਲਿਖਿਆ ਵਿਚਾਰਿਆ ਜਾ ਰਿਹਾ ਹੈ ਉਸ ਨਾਲ ਪੂਰੀ ਵਾਕਫੀ ਕਾਇਮ ਰੱਖ ਰਹੇ ਹੋ? ਜੇ ਨਹੀਂ ਤਾਂ ਹੇਠਲੇ ਕੁਝ ਮੈਗਜ਼ੀਨ ਤੁਹਾਡੀ ਮਦਦ ਕਰ ਸਕਦੇ ਹਨ:

**ਸਿਰਜਣਾ:** 1728, ਸੈਕਟਰ 43 ਬੀ, ਚੰਡੀਗੜ੍ਹ - 160036
**ਮੰਥਨ:** 225, ਫੇਜ਼-6, ਮੋਹਾਲੀ-160055
**ਹਰਕਾਰਾ:** 5 ਨਿਊ ਮਾਰਕੀਟ, ਮਾਡਲ ਟਾਊਨ - ਜਲੰਧਰ
**ਵਿਚਾਰ ਮੰਚ:** ਪੋਸਟ ਬਾਕਸ ਨੰਬਰ 34, ਕੋਟਕਪੂਰਾ-151204
**ਸਿਰਨਾਵਾਂ:** 1023, ਸੈਕਟਰ 38-ਬੀ, ਚੰਡੀਗੜ੍ਹ
**ਸਾਹਿਤ ਧਾਰਾ:** ਅਮਨ ਨਿਵਾਸ, 757, ਟਿੱਬਾ ਸਾਹਿਬ, ਹੁਸ਼ਿਆਰਪੁਰ-146001
**ਚਿਰਾਗ:** ਪਿੰਡ ਫੱਤੂ ਚੱਕ, ਡਾਕਖਾਨਾ ਬਿਲਵਾਂ, ਕਪੂਰਥਲਾ -144804
**ਲਕੀਰ:** ਹਾਊਸ ਨੰਬਰ 593, ਮੋਤਾ ਸਿੰਘ ਨਗਰ, ਜਲੰਧਰ-144001
**ਸਮਦਰਸ਼ੀ:** ਸਦਰ ਥਾਣਾ ਰੋਡ, ਪਹਾੜ ਗੰਜ ਨਵੀਂ ਦਿੱਲੀ -110055
**ਆਰਸੀ:** ਕੇ-24, ਹਾਜ਼ ਖਾਸ, ਨਵੀਂ ਦਿੱਲੀ -16
**ਪ੍ਰੀਤ ਲੜੀ:** ਪ੍ਰੀਤ ਨਗਰ, ਅੰਮ੍ਰਿਤਸਰ - 143110
**ਨਜ਼ਮ:** 146-ਵੇਰਕਾ, ਅੰਮ੍ਰਿਤਸਰ

**ਪਾਕਿਸਤਾਨ ਵਿਚ ਸ਼ਾਹਮੁਖੀ ਲਿਪੀ ਵਿਚ ਛਪਣ ਵਾਲੇ:**
**ਲਹਿਰਾਂ:** 7/54 ਸੋਡੀਵਾਲ ਕਾਲੋਨੀ, ਮੁਲਤਾਨ ਰੋਡ, ਲਹੌਰ
**ਮਾਂ ਬੋਲੀ:** ਫਲੈਟ ਨੰ: 2, ਅਲੀ ਆਰਕੇਡ 14 ਮੂਨ ਮਾਰਕੀਟ, ਗੁਲਸ਼ਨ ਰਾਵੀ ਲਹੌਰ
**ਪੰਜ ਰੰਗ:** ਕਰਾਚੀ

# ... ਤੇ ਤੁਸੀਂ ਲਿਖਿਆ

'ਵਤਨ' ਦੇ ਅਕਤੂਬਰ-ਦਸੰਬਰ 92 ਦੇ ਪਰਚੇ ਵਿਚ ਛਪੀਆਂ ਮੁਲਾਕਾਤਾਂ ਬਹੁਤ ਵਧੀਆ ਹਨ। ਇਹ ਬੜਾ ਸਾਂਭਣ-ਜੋਗਾ ਅੰਕ ਹੈ। ਵਧਾਈਆਂ ਕਬੂਲ ਕਰੋ। ਇਸ ਵਿਚ ਜਿਹਨਾਂ ਕਲਾਕਾਰਾਂ/ਲੇਖਕਾਂ ਨਾਲ ਗੱਲਬਾਤ ਕੀਤੀ ਗਈ ਹੈ, ਉਹਨਾਂ ਵਿਚ ਆਪਣੇ ਖੇਤਰ ਦੇ ਅਜੋਕੇ ਮੋਹਰੀ ਸ਼ਾਮਿਲ ਹਨ। ਉਹਨਾਂ ਵਲੋਂ ਦਿੱਤੇ ਗਏ ਕਈ ਵਿਚਾਰ ਅਸਲੋਂ ਨਵੇਂ ਅਤੇ ਪ੍ਰਮਾਣਿਕ ਹਨ; ਪਾਠਕਾਂ ਦੀਆਂ ਅੱਖਾਂ ਖੋਹਲਣ ਵਾਲੇ, ਪੰਜਾਬ ਬਾਰੇ ਪਰਚਲਿਤ ਗ਼ਲਤ ਧਾਰਨਾਵਾਂ ਦੀਆਂ ਧਜੀਆਂ ਉਡਾਉਣ ਵਾਲੇ।

ਮੇਰਾ ਸੁਝਾਅ ਹੈ ਕਿ ਇਹ ਮੁਲਾਕਾਤਾਂ ਭਾਰਤ ਅਤੇ ਪਾਕਿਸਤਾਨ ਵਿਚ ਵੀ ਛਪਣੀਆਂ ਚਾਹੀਦੀਆਂ ਹਨ। ਰੋਜ਼ਾਨਾ ਪੰਜਾਬੀ ਪਰਚਿਆਂ ਰਾਹੀਂ – ਭਾਰਤ ਵਿਚ ਅਤੇ ਰਸਾਲਿਆਂ ਰਾਹੀਂ – ਪਾਕਿਸਤਾਨ ਵਿਚ ਛਪ ਕੇ ਇਹ ਲੱਖਾਂ ਪੰਜਾਬੀਆਂ ਤੱਕ ਅਪੜਨੀਆਂ ਚਾਹੀਦੀਆਂ ਹਨ। ਅੱਜ ਪੰਜਾਬ ਦੇ ਦੋਹਾਂ ਹਿੱਸਿਆਂ ਨੂੰ ਹੋਰ ਵੀ ਵਧੇਰੇ ਲੋੜ ਹੈ ਇਹਨਾਂ ਵਿਚਾਰਾਂ ਦੀ। ਅੱਜ, ਖੋਟੇ ਸਿਆਸਤਦਾਨਾਂ ਨੇ, ਆਪਣੇ ਸੌੜੇ ਹਿਤਾਂ ਲਈ, ਪੰਜਾਬ ਨੂੰ ਮਾਰੂ-ਚੌਰਾਹੇ ਉੱਤੇ ਲਿਆ ਕੇ ਕੌਮੀ-ਨਿਰਾਦਰ ਦੀ ਜਿਸ ਖੱਡ ਵਿਚ ਸੁੱਟ ਦਿੱਤਾ ਹੈ, ਓਥੇ ਸਾਨੂੰ ਪੰਜਾਬ ਦਾ ਅਮੀਰ ਅਤੇ ਮਾਣਯੋਗ ਸਭਿਆਚਾਰਕ ਵਿਰਸਾ ਉਜਾਗਰ ਕਰ ਕੇ ਪੰਜਾਬੀਆਂ ਦਾ ਸ੍ਵੈ ਭਰੋਸਾ ਬਹਾਲ ਕਰਨ ਦੀ ਤੁਰਤ ਲੋੜ ਹੈ। ਇਸ ਸਬੰਧ ਵਿਚ ਤੁਹਾਡਾ ਉਪਰਾਲਾ ਇਕ ਬਹੁਮੁੱਲੀ ਦੇਣ ਹੋਵੇਗਾ। ਇਸ ਚਾਨਣੇ ਵਿਰਸੇ ਨੂੰ ਉਹਲੇ ਵਿਚ ਰੱਖ ਕੇ, ਮੈਦਾਨ ਮੂਲਵਾਦੀ ਤੱਤਾਂ ਲਈ ਖ਼ਾਲੀ ਛੱਡਣ ਦੀ ਭੁੱਲ ਨਹੀਂ ਕਰਨੀ ਚਾਹੀਦੀ। ਇਸ ਯੱਗ ਵਿਚ ਹਰ ਕਿਸੇ ਨੂੰ ਸਮਰੱਥਾ ਅਨੁਸਾਰ ਤਿਲ-ਫੁਲ ਭੇਟ ਕਰਨੇ ਚਾਹੀਦੇ ਹਨ।

ਹੁਣ ਪਰਚੇ ਦੀ ਸਮੱਗਰੀ ਵਿਚ ਗ਼ਲਤ ਸ਼ਬਦ-ਜੋੜਾਂ ਅਤੇ ਵਾਕ-ਬਣਤਰ ਬਾਰੇ ਕੁੱਝ ਦੋਸਤਾਨਾ ਪੜਚੋਲ:-

ਸਫਾ 5, ਦੂਜਾ ਕਾਲਮ – ਸ਼ਬਦ ਲਿੱਪੀ ਨਹੀਂ, ਲਿਪੀ (script) ਹੈ। ਵਾਧੂ ਲੱਗੀ ਅਧਕ ( ੱ ) ਨੇ ਅਨਰਥ ਕਰ ਦਿੱਤਾ ਹੈ। ਮਿਸਾਲ ਲਈ 'ਕੰਧ ਲਿੱਪਣੀ ਹੈ' ਵਿਚ ਅਧਕ ਲੋੜੀਂਦੀ ਹੈ।

–(ਸ਼ਾਹਮੁਖੀ ਲਿਪੀ) ਤੋਂ ਪਹਿਲਾਂ 'ਫਾਰਸੀ ਲਿਪੀ' ਲਿਖਣ ਨਾਲ ਅਗਲਾ ਸਵਾਲ ਬੇਲੋੜਾ ਬਣ ਗਿਆ ਹੈ। ਚੰਗਾ ਹੁੰਦਾ ਜੇ ਮੁੱਢਲੇ ਸਵਾਲ ਦੇ ਜਵਾਬ ਵਿਚ ਸਿਰਫ 'ਸ਼ਾਹਮੁਖੀ ਲਿਪੀ' ਹੀ ਵਰਤਿਆ ਜਾਂਦਾ। ਫਾਰਸੀ ਲਿਪੀ ਦਾ ਜ਼ਿਕਰ ਹੀ ਨਾ ਹੁੰਦਾ।

– ਅਨੇਕਾਂ ਸ਼ਬਦਾਂ ਵਿਚ ਲੋੜੀਦੀ ਅਧਕ ਨਹੀਂ ਲਾਈ ਗਈ ਜਿਵੇਂ ਬੁੱਲੇਸ਼ਾਹ, ਵਿੱਚ, ਇੱਕ, ਉੱਪਰ।

ਸਫਾ 6, ਕਾਲਮ 2 – ਸ਼ਬਦ ਰੁਖ (ਭਾਵ ਸੇਧ) ਦੇ ਉੱਤੇ ਅਧਕ ਲਾਣ ਕਰਕੇ ਉਹ ਰੁੱਖ (ਦਰੱਖਤ) ਬਣ ਗਿਆ।

–ਸ਼ਬਦ ਲਹਿਜ਼ਾ ਨਹੀਂ, ਲਹਿਜਾ ਹੈ – ਜ ਹੇਠ ਬਿੰਦੀ ਫਾਲਤੂ ਹੈ।

– ਸ਼ਬਦ ਮਾਦਰੀ ਹੇਠ ਔਂਕੜ ਬੇਲੋੜਾ ਹੈ।

–ਸ਼ਬਦ ਤਿੰਨਾਂ ਦੇ 'ਨ' ਦੇ ਪੈਰ ਵਿੱਚ ੁ ਵਾਧੂ ਹੈ।

ਸਫਾ 10 – ਕਾਲਮ 1 : ਸ਼ਬਦ ਟਿਓਬੰਦੀ ਨਹੀਂ ਦਿਓਬੰਦੀ ਚਾਹੀਦਾ ਹੈ।

– ਸ਼ਬਦ ਬਰਿਲਵੀ ਨਹੀਂ ਬਰੇਲਵੀ ਚਾਹੀਦਾ ਹੈ।

ਸਫਾ 15 – ਕਾਲਮ 2 : ਮਨ (mind) ਟਿੱਪੀ ਲਾਏ ਜਾਣ ਨਾਲ ਮੰਨ (Agree) ਬਣ ਗਿਆ ਹੈ।

ਸਫਾ 20: ਸ਼ਬਦ ਜਾਨੀ ਯਾਨੀ ਹੋਣਾ ਚਾਹੀਦਾ ਹੈ ਜਾਂ ਜਾਣੋ ਜਾਂ ਜਾਣੀ

– ਇੱਕੋ ਵਾਕ ਵਿੱਚ ਸ਼ਬਦ ਬਗ਼ੈਰ ਅਤੇ ਬਿਨਾਂ ਦੋਵੇਂ ਵਰਤੇ ਗਏ ਹਨ। ਇਨ੍ਹਾਂ 'ਚੋਂ ਇੱਕ ਫ਼ਾਲਤੂ ਹੈ।

ਸਫਾ 24: ਸ਼ਾਹਣ ਨੂੰ ਵਾਹਠ ਲਿਖਿਆ ਗਿਆ ਹੈ।

– ਸ਼ਬਦ ਰੁੱਖਾ ਦੇ ਖ ਦੇ ਪੈਰ ਵਿਚ ੁ ਫਾਲਤੂ ਹੈ।

ਸਫਾ 26: ਭਾਈ ਜੋਧ ਸਿੰਘ ਨੂੰ ਤੁਸੀਂ ਯੋਧ ਸਿੰਗ ਬਣਾ ਦਿੱਤਾ।

ਸਫਾ 27: ਸ਼ਬਦ ਗਿਲਾ ਦੇ ਲ ਹੇਠਾਂ ੁ ਫ਼ਾਲਤੂ ਹੈ। ਸਫਾ 38 ਉੱਤੇ ਪੀੜ ਹੇਠਾਂ ਵੀ ਏਹੀ ਗੱਲ ਹੈ। ਸਫਾ 37 ਉੱਤੇ ਨੇੜ ਹੇਠਾਂ ਵੀ।

ਸਫਾ 28 ਤੇ 37: ਸ਼ਬਦ ਹਾਲਾਤ ਅਤੇ ਜਜ਼ਬਾਤ ਆਪਣੇ ਆਪ ਵਿੱਚ ਬਹੁਬਚਨ ਹਨ ਆਪਨੇ ਇਨ੍ਹਾਂ ਨੂੰ ਬੇਲੋੜਾ ਹਾਲਤਾਂ ਅਤੇ ਜਜਬਾਤਾਂ ਬਣਾ ਦਿੱਤਾ।

–ਸ਼ਬਦ ਨਾ (Neither/Nor) ਨੂੰ ਤੁਸੀਂ ਕਈ ਥਾਂ ਬਿੰਦੀ ਲਾ ਕੇ (Name) ਬਣਾ ਦਿੱਤਾ ਹੈ।

ਸਫਾ 28: ਸ਼ਬਦ 'ਓਵਰ-ਰੀਐਕਸ਼ਨ' ਵਿੱਚ ਤੁਸੀਂ ਔਵਰ ਛਾਪਿਆ ਹੈ। ਅ ਨੂੰ ਕਦੇ ਹੋੜਾ ਦੁਲੈਂਕੜ ਜਾਂ ਸਿਹਾਰੀ ਨਹੀਂ ਲੱਗਦੀ, ਇਹ ਆਵਾਜ਼ਾਂ ਓ, ਉ ਜਾਂ ਇ ਲਿਖੀਆਂ ਜਾਂਦੀਆਂ ਹਨ।

ਸਫਾ 37: ਵਾਕ 'ਮੈਨੂੰ ਐਡੀਟਰ ਹੋਣ ਦਾ ਤਕਾਜ਼ਾ ਦੇਣਾ ਪੈ ਰਿਹਾ ਹੈ' ਵਿੱਚ ਸ਼ਬਦ ਤਕਾਜ਼ਾ ਢੁਕਵਾਂ ਨਹੀਂ ਹੈ। ਇਸ ਤੋਂ ਛੁੱਟ ਛਪਾਈ ਦੀਆਂ ਹੋਰ ਵੀ ਗ਼ਲਤੀਆਂ ਹਨ ਜੋ ਆਪਦਾ ਧਿਆਨ ਮੰਗਦੀਆਂ ਹਨ।

ਵਿਸਥਾਰ ਵਾਲੀ ਉਪਰਲੀ ਪੜਚੋਲ ਕਰਨ ਲੱਗਿਆਂ ਮੈਂ ਬਹੁਤ ਝਿਜਕ ਮਹਿਸੂਸ ਕੀਤੀ ਹੈ। ਪਰ ਅੱਜ ਕੱਲ੍ਹ ਪਰਚਿਆਂ ਅਖਬਾਰਾਂ ਵਿੱਚ ਅਨੇਕਾਂ ਮਹਾਂਰਥੀਆਂ ਦੀ ਵਾਰਤਕ ਪੜ੍ਹੀਦੀ ਹੈ ਤਾਂ ਗੱਲ ਕੀਤੇ ਜਾਣ ਦੀ ਲੋੜ ਮਹਿਸੂਸ ਕਰੀਦੀ ਹੈ। ਸੋ ਮੈਂ ਸੋਚਿਆ ਕਿ ਆਪਣੇ ਮਿੱਤਰ-ਹਲਕਿਆਂ ਤੋਂ ਹੀ ਗੱਲ ਸ਼ੁਰੂ ਕਰੀਏ। ਆਸ ਹੈ ਇਹ ਖੁੱਲ੍ਹ ਲੈਣ ਲਈ ਮੈਨੂੰ ਖਿਮਾਂ ਕਰੋਗੇ।

ਇੱਕ ਗੱਲ ਦੀ ਖੁਸ਼ੀ ਹੋਈ ਹੈ ਕਿ ਰਘਬੀਰ ਸਿੰਘ ਹੋਰੀਂ ਗੱਲਾਂ ਕਰਦੇ ਮੈਨੂੰ ਪੂਰਾ ਸਮਝ ਆਉਂਦੇ ਹਨ, ਉਨ੍ਹਾਂ ਦੇ ਵਿਦਵਤਾ-ਭਰਪੂਰ ਅਕਾਦਮਿਕ ਲੇਖਾਂ ਵਾਲੀ ਗੱਲ ਨਹੀਂ। ਗੁਰਬਚਨ ਹੋਰਾਂ ਦਾ ਕਾਲਮ 'ਦੇਸ ਤੋਂ ਚਿੱਠੀ' ਬੜਾ ਭਾਵਪੂਰਤ ਅਤੇ ਦਿਲਚਸਪ ਹੈ। ਇਹ ਬੜੀ ਅਨੋਖੀ ਪ੍ਰਤਿਭਾ ਵਾਲਾ ਲੇਖਕ ਹੈ। ਇਹ ਕਾਲਮ ਪੱਕਾ ਕਰਕੇ ਤੁਸੀਂ ਬਹੁਤ ਚੰਗਾ ਕੀਤਾ ਹੈ। ਮੈਨੂੰ ਜਾਪਦਾ ਹੈ ਕਿ ਇਹ ਕਾਲਮ ਪਰਚੇ ਦੇ ਅਖੀਰ ਦੀ ਥਾਂ ਮੁੱਢ ਵਿੱਚ ਛਾਪਣਾ ਵਧੇਰੇ ਯੋਗ ਹੋਵੇਗਾ।

ਧੰਨਵਾਦ

'ਵਤਨ' ਨੂੰ ਹੋਰ ਵੀ ਚੰਗੇਰਾ ਦੇਖਣ ਦਾ ਚਾਹਵਾਨ

**ਗੁਰਚਰਨ ਰਾਮਪੁਰੀ, ਕੁਕਿਟਲਮ, ਬੀ. ਸੀ।**

'ਵਤਨ' ਦਾ ਅੰਕ ਇਕ ਦੋ ਮੁਲਾਕਾਤਾਂ ਪੜ੍ਹਨ ਦੇ ਇਰਾਦੇ ਨਾਲ ਚੁੱਕਿਆ ਸੀ, ਸਾਰਾ ਹੀ ਪੜ੍ਹਿਆ ਗਿਆ। ਦਿਲਚਸਪ ਹੀ ਇਤਨਾ ਸੀ। ਪੜ੍ਹ ਕੇ ਮਹਿਸੂਸ ਹੋਇਆ ਜਿਵੇਂ ਪੰਜ ਬਹੁਤ ਪੜ੍ਹੇ ਲਿਖੇ ਲੋਕ ਤੁਹਾਡੇ ਨਾਲ ਗੱਲਾਂ ਕਰਕੇ ਹਟੇ ਹੋਣ ਤੇ ਤੁਸੀਂ ਕਿਸੇ ਦਾ ਵੀ ਹੁੰਗਾਰਾ ਨਾ ਭਰ ਸਕੇ ਹੋਵੋਂ। ਪ੍ਰੋਫੈਸਰ 'ਕੰਮੀ' ਦੀ ਮੁਲਾਕਾਤ ਪੜ੍ਹੀ, ਬਹੁਤ ਕੁਝ ਨਵਾਂ ਪਤਾ ਲੱਗਿਆ। ਦੁੱਖ ਹੋਇਆ, ਆਪਣੀ ਹੀ ਧਰਤੀ ਉੱਤੇ ਕਿਸੇ ਬੋਲੀ ਦੀ ਇਤਨੀ ਦੁਰਦਸ਼ਾ! ਤੇ ਬੋਲੀ ਵੀ ਆਪਣੀ ਮਾਂ-ਬੋਲੀ। ਆਪਣੇ ਆਪ ਤੇ ਗੁੱਸਾ ਵੀ ਆਇਆ ਕਿ ਪਹਿਲਾਂ ਇਸ ਗੱਲ ਤੋਂ ਇਤਨੀ ਅਣਜਾਣਤਾ ਕਿਉਂ ਰਹੀ? ਸੋਚ ਹੀ ਰਿਹਾ ਸਾਂ ਕਿ ਅਗਲੇ ਪੰਨੇ 'ਤੇ ਖੜ੍ਹੇ ਓਮਪੁਰੀ ਉੱਤੇ ਨਜ਼ਰ ਪੈ ਗਈ। ਪੜ੍ਹਨੋਂ ਕਿਵੇਂ ਰਹਿ ਸਕਦਾ ਸੀ। ਓਮ ਦੀ ਫਿਲਮ ਵੇਖ ਕੇ ਅਕਸਰ ਸੋਚਦਾ ਹਾਂ ਕਿ ਜੇ ਉਸਦੀ ਅਦਾਕਾਰੀ ਜਿੰਨੀ ਸ਼ਿੱਦਤ ਅਤੇ ਸਹਿਜਸੁਭਾਵਕਤਾ ਕਵਿਤਾ ਵਿਚ ਭਰ ਸਕਾਂ। ਓਮ ਸਾਡੀ ਫਿਲਮ ਇੰਡਸਟਰੀ ਦਾ ਸਭ ਤੋਂ ਵੱਡਾ ਮਰਦ-ਅਦਾਕਾਰ। ਮੁਲਾਕਾਤ ਪੜ੍ਹ ਕੇ ਮਨ ਤੇ ਇਕ ਨਿਰਛੱਲ ਜਿਹੀ ਕਲਾਕਾਰ-ਸ਼ਖਸ਼ੀਅਤ ਦਾ ਪ੍ਰਭਾਵ ਛਾ ਗਿਆ; ਗੁੱਝੀ ਜਿਹੀ ਪ੍ਰੇਰਨਾ ਦੇਣ ਵਾਲਾ ਪ੍ਰਭਾਵ।

ਅੱਗੇ ਵਰਕਾ ਉਥੱਲਿਆ। ਰਘਬੀਰ ਸਿੰਘ ਦੀ ਮੁਲਾਕਾਤ ਵਿਚ ਹਾਈਲਾਈਟ ਕੀਤੀਆਂ ਇਹਨਾਂ ਸਤਰਾਂ ਤੇ ਨਜ਼ਰ ਪਈ:

"ਪ੍ਰਯੋਗਵਾਦੀ ਲੋਕ ਉਹ ਸਨ ਜੋ ਸਥਾਪਿਤੀ ਨਾਲ ਸਮਝੌਤਾ ਕਰ ਕੇ ਚਲਦੇ ਸਨ"।

ਰਘਬੀਰ ਸਿੰਘ ਵਰਗੇ ਇੰਟਲੈਕਚੂਅਲ ਲੇਖਕ ਤੋਂ ਇਹ ਸਵੈ ਵਿਰੋਧੀ ਕਥਨ ਅਜੀਬ ਲੱਗਿਆ। ਉਸਦੀ ਮੁਲਾਕਾਤ ਪੜ੍ਹੀ। ਇਸ ਕਥਨ ਦੁਆਲੇ ਰਘਬੀਰ ਸਿੰਘ ਨੇ ਉਹਨਾਂ ਸਾਹਿਤਕ ਵਾ-ਵਰੋਲਿਆਂ ਦਾ ਬਿਆਨ ਕੀਤਾ ਹੋਇਆ ਸੀ ਜੋ ਸਾਨੂੰ ਸਭ ਨੂੰ ਹੀ ਝੰਜੋੜ ਚੁੱਕੇ ਸਨ। ਵਾ-ਵਰੋਲਿਆਂ ਦੇ ਸਿਰਜਕ ਆਪਣੇ ਵੀ ਲੱਗੇ ਤੇ ਉਹਨਾਂ ਦੇ ਹੌਲੇ ਗੁੱਲੇ ਤੇ ਗੁੱਸਾ ਵੀ ਆਇਆ।

ਬਾਕੀ ਸਭ ਕੁਝ ਫੇਰ ਪੜ੍ਹਨ ਦੇ ਵਿਚਾਰ ਨਾਲ ਰਿਸਾਲਾ ਰੱਖਣ ਤੋਂ ਪਹਿਲਾਂ ਅਖੀਰ ਤੱਕ ਅਕਾਰਨ ਪੰਨੇ ਫੋਲੇ। ਅਚਾਨਕ ਸ਼ਸ਼ੀ ਸਮੁੰਦਰਾ ਨੂੰ ਕੀਤੇ ਇਸ ਪ੍ਰਸ਼ਨ ਤੇ ਨਜ਼ਰ ਪਈ: "ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਤੁਹਾਡੇ ਕੀ ਵਿਚਾਰ ਹਨ?" ਪਿਛਲਖੁਰੀ ਸਾਰੀ ਮੁਲਾਕਾਤ ਪੜ੍ਹੀ ਗਈ, ਸ਼ਸ਼ੀ ਵਲੋਂ ਕਿਹਾ ਗਿਆ ਤੱਤਾ ਠੰਡਾ ਸਭ ਕੁਝ, ਵਿਸ਼ੇਸ਼ ਕਰਕੇ ਔਰਤ ਲੇਖਕਾਂ ਦੀ ਸਾਇਕੀ ਬਾਰੇ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਬਾਰੇ ਦਿਲਚਸਪ ਗੱਲਾਂ ਸਾਹਮਣੇ ਆਈਆਂ। ਤੇ ਫੇਰ ਸੋਹਣ ਕਾਦਰੀ ਦੀ ਮੁਲਾਕਾਤ। ਸੋਹਣ ਨਾਲ ਪਿਛੇ ਜਿਹੇ ਹੀ ਟਰਾਂਟੋ ਵਿਚ ਉਸਦੀ ਧੀ ਪੂਰਬੀ ਦੇ ਘਰ ਰਾਤ ਬਿਤਾਈ ਸੀ। ਮੇਰੇ ਸਾਹਮਣੇ ਦੀਵਾਰ ਤੇ ਲੱਗੇ ਕਾਦਰੀ ਦੇ original ਚਿੱਤਰ ਦਾ ਪ੍ਰਭਾਵ ਇਤਨਾ ਸ਼ਕਤੀਸ਼ਾਲੀ ਸੀ ਕਿ ਅਜੇ ਤੱਕ ਵੀ ਅਸਰ ਉਸੇ ਤਰ੍ਹਾਂ ਹੈ। ਕਾਦਰੀ ਨਾਲ ਮੁਲਾਕਾਤ ਪੜ੍ਹਨ ਪਿਛੋਂ ਪੰਜਾਬ ਅਤੇ ਉਥੋਂ ਉਸਦੀ ਕਲਾ ਦਾ ਗੰਭੀਰ ਅਤੇ ਸੁਆਦ-ਸੁਆਦ ਜਿਹਾ ਪ੍ਰਭਾਵ ਮਨ ਤੇ ਰਹਿ ਗਿਆ।

ਮੈਂ ਰਿਸਾਲਾ ਬੰਦ ਕਰਕੇ ਮੁਲਾਕਾਤਾਂ ਬਾਰੇ ਸੋਚਣ ਲੱਗਾ – ਸਭ ਕੁਝ ਰਲਗੱਡ ਹੋ ਗਿਆ ਸੀ। ਮੁਲਾਕਾਤਾਂ ਵਿਚ ਕਿੰਨਾ ਕੁਝ ਨਵਾਂ ਸੀ। ਸੋਚਿਆ ਕਿ ਇਹ ਮੁਲਾਕਾਤਾਂ ਇਕ ਇਕ ਕਰਕੇ ਛਪਦੀਆਂ ਤਾਂ ਸ਼ਾਇਦ ਜ਼ਿਆਦਾ ਪ੍ਰਭਾਵਸ਼ਾਲੀ ਰਹਿੰਦੀਆਂ। ਪਿੱਛੇ ਜਿਹੇ 'ਕਨੇਡੀਅਨ ਫਿਕਸ਼ਨ ਮੈਗਜ਼ੀਨ' ਦੇ ਸੰਪਾਦਕ ਜੈੱਫ ਹੈਨਕਾਕ ਦੀ ਨਾਵਲਕਾਰ ਭਾਰਤੀ ਮੁਕਰਜੀ ਨਾਲ ਕੀਤੀ ਪੰਦਰਾਂ ਸਫੇ ਦੀ ਮੁਲਾਕਾਤ ਪੜ੍ਹੀ। ਮੁਲਾਕਾਤ ਵਿਚ ਭਾਰਤੀ ਨੇ ਆਪਣੇ ਬਾਰੇ, ਆਪਣੇ ਪਾਤਰਾਂ ਬਾਰੇ, ਲੋਕਾਂ ਦੇ ਉਸ ਦੀ ਲਿਖਤ ਵੱਲ ਪ੍ਰਤਿਕਰਮ ਬਾਰੇ ਖੁੱਲ ਕੇ ਗੱਲਾਂ ਕੀਤੀਆਂ। ਮੁਲਾਕਾਤ ਦਾ ਇਕ ਵਿਸ਼ੇਸ਼ ਪੱਖ ਇਹ ਵੀ ਸੀ ਕਿ ਸੰਪਾਦਕ ਨੇ, ਸਵਾਲਾਂ ਦੇ ਜਵਾਬ ਦੇ ਰਹੀ ਭਾਰਤੀ ਦੇ ਹਾਵ ਪ੍ਰਭਾਵ, ਅਦਾਵਾਂ ਦਾ ਵਰਨਣ ਵੀ ਨਾਲ ਨਾਲ ਕੀਤਾ ਜਿਸ ਨਾਲ ਮੁਲਾਕਾਤ ਵਿਚ ਇਹ ਹੋਰ ਡਾਈਮੈਨਸ਼ਨ ਭਰ ਗਈ, ਮੁਲਾਕਾਤ ਹੋਰ ਰੋਚਕ ਹੋ ਗਈ। ਇਸ ਪੱਖੋਂ 'ਵਤਨ' ਵਾਲੀਆਂ ਮੁਲਾਕਾਤਾਂ ਕੁਝ ਇਕਹਿਰੀਆਂ ਜਿਹੀਆਂ ਲੱਗੀਆਂ। ਮੁਲਾਕਾਤੀਆਂ ਨੂੰ ਇਕ ਕਤਾਰ ਵਿਚ ਖੜ੍ਹੇ ਕਰਕੇ, ਨਿਰੇ ਸਿੱਧੇ ਸਪਾਟ ਪ੍ਰਸ਼ਨ।

ਪਰ ਇਸ ਅੰਕ ਵਿਚ ਅਜਿਹੀਆਂ ਨਿੱਕੀਆਂ ਮੋਟੀਆਂ ਊਣਤਾਈਆਂ ਨਾਲੋਂ ਗੁਣ ਭਾਰੂ ਹਨ। ਇਸ ਤਰ੍ਹਾਂ ਦਾ ਪੰਜਾਬੀ ਵਿਚ ਇਹ ਸ਼ਾਇਦ ਪਹਿਲਾ ਹੀ ਅੰਕ ਹੋਵੇ: ਸਾਰੀਆਂ ਮੁਲਾਕਾਤਾਂ। ਉਂਜ ਵੀ ਪਿਛੋਂ ਮੁਲਾਕਾਤਾਂ ਇਕ ਇਕ ਕਰਕੇ ਪੜ੍ਹੀਆਂ ਜਾ ਸਕਦੀਆਂ ਹਨ – ਮੇਰੇ ਵਾਂਗ ਸਾਰੀਆਂ ਇਕੱਠੀਆਂ ਪੜ੍ਹਨੀਆਂ ਜ਼ਰੂਰੀ ਨਹੀਂ। (ਮੇਰਾ ਮੁਲਾਕਾਤਾਂ ਨੂੰ ਇਕੋ ਸਾਹੇ ਪੜ੍ਹਨ ਦਾ ਇਕ ਕਾਰਨ ਇਹ ਵੀ ਸੀ ਕਿ ਪ੍ਰੋ: ਕੰਮੀ ਨੂੰ ਛੱਡ ਕੇ ਬਾਕੀ ਸਾਰੇ ਕਲਾਕਾਰ ਜਾਣੇ ਪਛਾਣੇ ਅਤੇ ਦੋਸਤ ਮਿੱਤਰ ਸਨ)। ਅਜਿਹਾ ਯਾਦਗਾਰੀ ਅੰਕ ਕੱਢਣ ਲਈ 'ਵਤਨ' ਦੇ ਸੰਪਾਦਕ ਪ੍ਰਬੰਧਕ, ਮੁਲਾਕਾਤੀ ਅਤੇ ਮੁਲਾਕਾਤਾਂ ਵਾਲੇ ਕਲਾਕਾਰ ਵਧਾਈ ਦੇ ਹੱਕਦਾਰ ਹਨ। ਉਮੀਦ ਹੈ 'ਵਤਨ' ਅਗੋਂ ਵੀ ਅਜਿਹੀਆਂ ਪਿਰਤਾਂ ਪਾਉਂਦਾ ਰਹੇਗਾ।

ਹਾਂ ਸੱਚ ਗੁਰਬਚਨ ਦੇ ਸਥਾਈ ਕਾਲਮ ਨੂੰ ਜੀ ਆਇਆਂ। ਉਸਦੀ ਪ੍ਰਤਿਭਾ ਦਾ ਮਿਰਚ ਮਸਾਲਾ ਕੁਝ ਸਾਡੀਆਂ ਕੌਲੀਆਂ ਵਿਚ ਵੀ ਪਵੇਗਾ।

**ਅਜਮੇਰ ਰੋਡੇ, ਬਰਨਬੀ, ਬੀ. ਸੀ.।**

'ਵਤਨ' ਦਾ ਤਾਜ਼ਾ ਅੰਕ 'ਮੁਲਾਕਾਤ ਵਿਸ਼ੇਸ਼ ਅੰਕ' ਪੜ੍ਹਿਆ। ਇਸ ਵਿਚ ਕੁਝ ਨੁਕਤੇ ਉਭਰਕੇ ਸਾਹਮਣੇ ਆਉਂਦੇ ਹਨ ਪਰ ਇਨ੍ਹਾਂ ਮੁਲਾਕਾਤਾਂ ਵਿਚ ਸੰਜਰਾਪਣ ਨਹੀਂ ਸੀ ਕਿਉਂਕਿ ਪੁਰਾਣੀਆਂ ਗੱਲਾਂ ਹੀ ਦੁਹਰਾਈਆਂ ਗਈਆਂ ਹਨ। ਪਰ ਇਹ ਯਤਨ ਆਪਣੇ ਆਪ ਵਿਚ ਸਰਾਹੁਣਯੋਗ ਹੈ। 'ਵਤਨ' ਦੇ ਅੰਕਾਂ ਵਿਚ ਸਾਮੱਗਰੀ ਨਿੱਘਰ, ਸੇਹਤਮੰਦ ਤੇ ਨਿਵੇਕਲਾ ਪ੍ਰਭਾਵ ਪਾਉਣ ਵਾਲੀ ਹੁੰਦੀ ਹੈ ਅਤੇ ਇਸਦੀ ਸੰਪਾਦਨਾ ਪਿਛੇ ਮਿਹਨਤੀ ਅਤੇ ਸੂਝਵਾਨ ਵਿਅਕਤੀਆਂ ਦਾ ਹੱਥ ਨਜ਼ਰ ਆਉਂਦਾ ਹੈ ਪਰ ਇਸਦੇ ਅੰਕਾਂ ਨੂੰ ਵਧੇਰੇ ਅਕਾਦਮਿਕ ਅਤੇ ਇਤਿਹਾਸਕ ਪੱਖੋਂ ਸਾਂਭਣਯੋਗ ਬਣਾਉਣ ਲਈ ਚੰਗਾ ਹੋਵੇਗਾ ਜੇ ਲੇਖਕ ਸੰਬੰਧੀ ਜਾਣਕਾਰੀ ਜਾਂ ਉਹ ਕਿਸ ਦੇਸ ਨਾਲ ਸੰਬੰਧਤ ਹੈ, ਸੰਬੰਧੀ ਸੂਚਨਾ ਵੀ ਦੇ ਦਿੱਤੀ ਜਾਵੇ। ਇਸ ਨਾਲ ਰਚਨਾ ਨੂੰ ਉਸਦੇ ਸਹੀ ਪਰਿਪੇਖ ਵਿਚ ਸਮਝਣ ਤੇ ਰੱਖਣ ਦਾ ਮੌਕਾ ਮਿਲ ਜਾਵੇਗਾ ਤੇ ਪਾਠਕਾਂ ਨੂੰ ਲੇਖਕ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਪਰਵਾਸੀ ਜੀਵਨ ਦੇ ਨਕਾਰਾਤਮਕ ਤੇ ਸਕਾਰਾਤਮਕ ਪੱਖਾਂ ਨੂੰ ਵੀ ਵਧੇਰੇ ਉਜਾਗਰ ਕਰਨ ਦੀ ਲੋੜ ਹੈ। ਇਹ ਟਿਪਣੀਆਂ ਮਹਜ਼ ਮਨ ਵਿਚ ਆਏ ਵਿਚਾਰ ਹਨ, ਜੋ ਇਸ ਪਤ੍ਰਿਕਾ ਨੂੰ ਮੇਰੀ ਜਾਚੇ ਮਹੱਤਵਪੂਰਨ ਬਣਾ ਸਕਦੇ ਹਨ।

**ਐਸ. ਪੀ. ਸਿੰਘ, ਅੰਮ੍ਰਿਤਸਰ**

'ਵਤਨ' ਇਕ ਵਧੀਆ ਪਰਚਾ ਹੈ। ਕਨੇਡਾ ਚੋਂ ਇਹੋ ਜਿਹੇ ਕਾਰਜ ਨੂੰ ਆਰੰਭਣਾ ਤੇ ਜਾਰੀ ਰੱਖਣਾ ਤੁਹਾਡੀ ਮਿਹਨਤ ਤੇ ਲਗਨ ਦਾ ਸਬੂਤ ਹੈ। ਪੰਜਾਬੀ ਮਾਂ ਬੋਲੀ ਤੇ ਸਭਿਆਚਾਰ ਦੀ ਸੇਵਾ ਹਿੱਤ ਤੁਹਾਡੇ ਹੋਰ ਕੰਮ ਵੀ ਸ਼ਲਾਘਾਯੋਗ ਹਨ। 'ਵਤਨ' ਨਵੀਆਂ ਪੁਲਾਂਘਾ ਪੁੱਟਦਾ ਹੋਇਆ ਅਗਾਂਹ ਵਧਦਾ ਰਵ੍ਹੇ। ਇਹੀ ਮੇਰੀ ਕਾਮਨਾ ਹੈ।

**ਜਰਨੈਲ ਸਿੰਘ, ਟਰਾਂਟੋ।**

'ਵਤਨ' –13 ਮਿਲਿਆ ਤਾਂ ਬਹੁਤ ਖੁਸ਼ੀ ਹੋਈ। ਇੰਝ ਲੱਗਾ ਜਿਵੇਂ ਤੁਸੀਂ ਸਾਰੇ ਇਕੱਠੇ ਮਿਲ ਪਏ ਹੋਵੋਂ। ਅਸਲ ਵਿਚ ਮੈਂ ਅੱਜ ਕੱਲ ਇਕੱਲਾ ਇਕੱਲਾ ਟੁੱਟਿਆ ਟੁੱਟਿਆ ਰਹਿੰਦਾ ਹਾਂ। ਉਮੀਦ ਰੱਖਦਾ ਹਾਂ ਕਿ ਸਭ ਠੀਕ ਠਾਕ ਹੋ ਜਾਵੇਗਾ।

ਇਸ ਅੰਕ ਦੀਆਂ ਕਵਿਤਾਵਾਂ ਸਾਰੀਆਂ ਹੀ ਅੱਛੀਆਂ ਹਨ। ਪਰ ਸ਼ਸ਼ੀ ਸਮੁੰਦਰਾ, ਸਦਰ ਨਜ਼ੀਰ ਅਤੇ ਸਾਧੂ ਦੀ 'ਵਤਨੋਂ ਦੂਰ ਨਹੀਂ', ਜ਼ਿਆਦਾ ਹੀ ਜਚੀਆਂ ਹਨ।

ਅਮਨਪਾਲ ਸਾਰਾ ਦੀ ਕਹਾਣੀ ਸਾਰੀ ਹੀ ਅੱਛੀ ਹੈ। ਪਰ ਕਿਧਰੇ – ਕਿਤੇ ਕੁਝ ਖੜਕਦਾ ਹੈ। ਜਿਵੇਂ ਡੱਬੇ ਵਿਚ ਰੋੜ, ਪਰ ਇਹ ਰੋੜ ਹੀ ਤਾਂ ਟੁਣਕਾਰ ਪੈਦਾ ਕਰਦੇ ਹਨ।

ਸੁਖਵੰਤ 'ਪਰਦਾ' ਸੁਹਣਾ ਉਠਾਂਦਾ ਹੈ, ਬੜੀ ਮਿਹਨਤ ਅਤੇ ਲਗਨ ਨਾਲ। ਸੁਖਵੰਤ ਅਤੇ ਟਿਵਾਣਾ ਦੇ ਲੇਖ ਵੀ ਵਧੀਆ ਹਨ। ਟਿਵਾਣਾ ਦੇ ਲੇਖ ਵਿਚ ਹਨੇਰੀ ਰਾਤ ਵਿਚ ਜੁਗਨੂੰ ਦੀ ਲੋਰ ਵਾਂਗ ਕੁਝ ਕੁਝ ਹੈ – ਆਸ ਦੀ ਕਿਰਨ।

**ਇਕਬਾਲ ਖਾਨ, ਕੈਲੇਫੋਰਨੀਆਂ।**

ਅਕਤੂਬਰ ਨਵੰਬਰ ਦਸੰਬਰ 1992 ਦਾ 'ਵਤਨ' ਮੈਂ ਪੜ੍ਹ ਲਿਆ ਹੈ। ਇਹ ਅੰਕ ਵਾਕਿਆ ਹੀ ਸਾਂਭਣਯੋਗ ਹੈ। ਇਹੋ ਜਿਹੇ ਅੰਕ ਇਕ ਕਿਸਮ ਦੇ ਛੋਟੀ ਜਿਹੀ ਪੁਸਤਕ ਲੜੀ ਬਣ ਗਏ ਹਨ ਤੇ ਯਾਦਗਾਰੀ ਤਾਂ ਰਹਿਣਗੇ ਹੀ।

ਓਮਪੁਰੀ, ਸ਼ਸ਼ੀ ਸਮੁੰਦਰਾ ਅਤੇ ਸੋਹਣ ਕਾਦਰੀ ਦੀਆਂ ਮੁਲਾਕਾਤਾਂ ਮਨ ਜ਼ਿਆਦਾ ਟੁੰਬਿਆ ਹੈ। ਪ੍ਰੋ: ਸਈਅਦ ਫਿਰਾਨੀ ਕੰਮੀ ਅਤੇ ਡਾ: ਰਘਬੀਰ ਸਿੰਘ ਦੀਆਂ ਮੁਲਾਕਾਤਾਂ ਤੋਂ ਵੀ ਬੜੀ ਜਾਣਕਾਰੀ ਮਿਲੀ ਹੈ। ਤੁਹਾਡਾ ਇਹ ਉਪਰਾਲਾ ਚੰਗਾ ਹੈ।

'ਵਤਨ' ਕਿਉਂਕਿ ਵਿਦੇਸ਼ੀ ਰਿਸਾਲਾ ਹੈ, ਇਸ ਕਰਕੇ ਵਿਦੇਸ਼ੀ ਲਿਖਾਰੀਆਂ, ਆਰਟਿਸਟਾਂ ਦੀਆਂ ਮੁਲਾਕਾਤਾਂ ਦਾ ਸਿਲਸਲਾ ਚੰਗਾ ਰਹੇਗਾ। ਦੇਸ ਛਪਦੇ ਮੇਗਜ਼ੀਨ ਉਥੇ ਦੇ ਲੋਕਾਂ ਬਾਰੇ ਕੁਝ ਨਾ ਕੁਝ ਲਿਖਦੇ ਹੀ ਰਹਿੰਦੇ ਹਨ। ਸਾਡੇ ਵਲੋਂ ਉਹਨਾਂ ਨੂੰ ਜਾਣਕਾਰੀ ਸੰਚਾਰ ਕਰਨ ਦਾ ਇਹ ਵਧੀਆ ਸਾਧਨ ਵੀ ਹੋ ਨਿਬੜੇਗਾ।

**ਰਕੀਬ ਮਲਹੋਤਰਾ, ਬਰਮਿੰਘਮ।**

ਅਚਨਚੇਤ ਹੀ ਆਪ ਜੀ ਦਾ ਤ੍ਰੈਮਾਸਿਕ ਰਿਸਾਲਾ 'ਵਤਨ' ਹੱਥ ਲੱਗਾ। ਪ੍ਰੋਫੈਸਰ ਸਈਅਦ ਫਿਰਾਨੀ ਅਤੇ ਡਾਕਟਰ ਰਘਬੀਰ ਸਿੰਘ ਨਾਲ ਮੁਲਾਕਾਤਾਂ ਪੜ੍ਹ ਕੇ ਮਨ ਬਹੁਤ ਪ੍ਰਭਾਵਤ ਹੋਇਆ।

**ਚਰਜਾਪ ਸਿੰਘ, ਨਿਊ ਜਰਸੀ, ਅਮਰੀਕਾ।**

'ਵਤਨ' – 13 (ਜੁਲਾਈ/ਅਗਸਤ/ਸਤੰਬਰ) ਵਿਚ 'ਪਰਦਾ ਜੋ ਉਠ ਗਿਆ' ਹੇਠ ਸੁਖਵੰਤ ਹੁੰਦਲ ਦਾ ਕੋਲੰਬਸ ਬਾਰੇ ਲਿਖਿਆ ਲੇਖ ਬਹੁਤ ਹੀ ਪਸੰਦ ਆਇਆ। ਇਸ ਲਈ ਸੁਖਵੰਤ ਹੁੰਦਲ ਵਧਾਈ ਦਾ ਹੱਕਦਾਰ ਹੈ। ਜਿਸ ਮਿਹਨਤ ਤੇ ਲਗਨ ਨਾਲ ਤੁਸੀ ਇਹ ਪਰਚਾ ਕੱਢ ਰਹੇ ਹੋ, ਸਾਰੇ ਹੀ ਵਧਾਈ ਦੇ ਪਾਤਰ ਹੋ।

**ਹਾਕਮ ਬਰਾੜ, ਪਰਿੰਸ ਜਾਰਜ, ਬੀ. ਸੀ.।**

ਜੁਲਾਈ/ਅਗਸਤ/ਸਤੰਬਰ ਦਾ 'ਵਤਨ' ਪ੍ਰਾਪਤ ਹੋਇਆ। ਇਕ ਤਸੱਲੀ ਹੋਈ ਕਿ ਸਮੁੰਦਰੋਂ ਪਾਰ ਵੀ ਪੰਜਾਬੀਅਤ ਦੀ ਮਹਿਕ ਉਠ ਰਹੀ ਹੈ – 'ਵਤਨ' ਤੋਂ ਦੂਰ 'ਵਤਨ' ਦੀ ਗੱਲ। ਨਿਰੋਲ ਸਾਹਿਤਕ ਪਰਚੇ ਲਈ ਅਦਾਰੇ ਨੂੰ ਮੁਬਾਰਕਾਂ। ਪ੍ਰੀਤਮ ਸਿੰਘ ਪੰਜਲ ਦੀ ਗ਼ਜ਼ਲ ਦਰਅਸਲ ਨਜ਼ਮ (ਕਵਿਤਾ) ਹੈ – ਜੋ 'ਹੂਰ' ਦੇ ਕੇਂਦਰੀ ਬਿੰਦੂ ਦੁਆਲੇ ਘੁੰਮਦੀ ਹੈ – ਪਸੰਦ ਆਈ। ਸ਼ਸ਼ੀ ਸਮੁੰਦਰਾ ਕਵਿਤਾ ਵਿਚ ਗੱਲ ਕਹਿ ਜਾਂਦੀ ਹੈ, ਇਹ ਉਸਦੀ ਪ੍ਰਾਪਤੀ ਹੈ। ਗਿੱਲ ਮੋਰਾਂਵਾਲੀ ਸਾਹਿਬ ਛੋਟੀਆਂ ਬਹਿਰਾਂ ਵਿਚ ਗ਼ਜ਼ਲ ਲਿਖ ਰਹੇ ਹਨ ਜੋ ਇਨੀਆਂ ਸੌਖੀਆਂ ਨਹੀਂ। ਪੁਸਤਕ ਪਰਿਚੇ ਵਿਚ ਦਰਸ਼ਨ ਗਿੱਲ ਦੀ ਕਿਤਾਬ 'ਅੱਗ ਦਾ ਸਫਰ' ਉੱਤੇ ਗੱਲ ਕਰਦਿਆਂ ਜਨਾਬ ਨਦੀਮ ਪਰਮਾਰ ਨੇ ਗ਼ਜ਼ਲ ਵਿਚ ਤਗ਼ੱਜ਼ਲ ਦੀ ਗੱਲ ਕੀਤੀ ਹੈ। ਉਹਨਾਂ ਦੀ ਖਿਦਮਤ ਵਿਚ ਅਰਜ਼ ਹੈ ਕਿ ਤਗ਼ੱਜ਼ਲ, ਲੈਅ, ਨਹੀਂ ਹੁੰਦੀ। ਤਗ਼ੱਜ਼ਲ ਦਾ ਅਰਥ ਹੈ ਰੰਗ-ਏ-ਗ਼ਜ਼ਲ ਜੋ ਸੁਭਾਵਕ ਤਿੰਨ ਰੰਗਾਂ ਵਿਚ ਸਵੀਕਾਰਿਆ ਗਿਆ ਹੈ – ਜਿਵੇਂ ਰੰਗੇ-ਏ-ਆਸ਼ਕਾਨਾ; ਰੰਗ-ਏ-ਰਿੰਦਾਨਾ ਅਤੇ ਰੰਗ-ਏ-ਸੂਫ਼ੀਆਨਾ।

**ਸੁਰਿੰਦਰ ਸੀਰਤ, ਸੈਨ ਹੋਜ਼ੇ, ਕੈਲੇਫੋਰਨੀਆਂ।**

ਆਪਦਾ ਪਿਛਲਾ ਅੰਕ ਮਿਲਿਆ ਜੋ ਕਿ ਮੁਲਾਕਾਤ ਅੰਕ ਹੈ। ਇਸਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਥੋੜ੍ਹੀ ਹੈ। ਹੋਰ ਵੀ ਬਹੁਤ ਸਾਰੇ ਲੋਕਾਂ ਨੇ ਇਸਨੂੰ ਇਥੇ ਸਲਾਹਿਆ ਹੈ। ਅਸੀਂ ਸੱਭ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਤਰ੍ਹਾਂ ਦਾ ਅੰਕ ਹਰ ਸਾਲ ਇਕ ਕੱਢਿਆ ਕਰੋਗੇ। ਵਤਨ ਤਰੱਕੀ ਕਰੇ ਅਤੇ ਸਾਨੂੰ ਆਪਣੇ ਵਤਨ ਨਾਲ ਜੋੜੀ ਰੱਖੇ। ਇਹ ਮੇਰੀ ਦਿਲੀ ਕਾਮਨਾ ਹੈ। ਤੁਹਾਨੂੰ ਸੱਭ ਨੂੰ ਇਸ ਅੰਕ ਵਾਸਤੇ ਕੀਤੀ ਮਿਹਨਤ ਦੀ ਵਧਾਈ।

**ਬਲਤੇਜ ਸਿੰਘ ਪੰਨੂੰ, ਟਰਾਂਟੋ।**

ਮਿਹਨਤ ਨਾਲ ਤਿਆਰ ਕੀਤਾ 'ਵਤਨ' ਦਾ ਚੌਦਵਾਂ ਅੰਕ ਚੌਦਵੀਂ ਦੇ ਚੰਦ ਵਰਗਾ ਹੀ ਹੈ। ਅੱਜ ਕੱਲ ਏਨੀ ਮਿਹਨਤ ਨਾਲ ਪਰਚਿਆਂ ਤੇ ਕੋਈ ਘੱਟ ਹੀ ਕੰਮ ਕਰਦਾ ਹੈ। ਇਕ ਦੋ ਗੱਲਾਂ ਵੱਲ ਸੰਖੇਪ ਧਿਆਨ ਦੁਆਣਾ ਚਾਹਵਾਂਗਾ। ਫ਼ਰਾਨੀ ਵਾਲੀ ਮੁਲਾਕਾਤ ਵਿਚ ਉਸਦਾ ਨਾਂਅ 'ਸਈਅਦ' ਲਿਖਿਆ ਗਿਆ ਹੈ ਨਾ ਕਿ 'ਸਾਈਦ'। ਸ਼ਾਇਦ ਇਹ ਪਰੈੱਸ ਦੀ ਗਲਤੀ ਹੋਵੇ। ਸਾਡੇ ਏਧਰਲੇ ਪਾਸੇ ਇਨ੍ਹਾਂ ਦੋਵਾਂ ਨਾਵਾਂ 'ਚ ਫਰਕ ਵੀ ਨਹੀਂ ਲੱਗਦਾ। ਪਰ ਜਦੋਂ ਮੈਂ ਪਿਛਲੇ ਵਰ੍ਹੇ ਟਰਾਂਟੋ 'ਚ ਉਨ੍ਹਾਂ ਨੂੰ ਮਿਲਿਆ ਸੀ ਤਾਂ ਉਨ੍ਹਾਂ ਉਚੇਚਾ ਮੇਰਾ ਧਿਆਨ ਇਸ ਵੱਲ ਦੁਆਇਆ ਸੀ। 'ਸਈਅਦ' ਸ਼ਬਦ ਉਨ੍ਹਾਂ ਦੇ ਕਹਿਣ ਮੁਤਾਬਕ ਜਗੀਰਦਾਰਾਂ ਦਾ ਹੈ। ਤੇ 'ਸਾਈਦ' ਮਿਹਨਤੀ ਲੋਕਾਂ ਦਾ। ਇਸੇ ਲਈ ਉਨ੍ਹਾਂ ਆਪਣਾ ਉਪ ਨਾਂਅ 'ਕੰਮੀ' ਰੱਖਿਆ ਹੈ।

ਖੈਰ...। 'ਦੇਸ ਤੋਂ ਚਿੱਠੀ' ਕਾਲਮ ਸ਼ੁਰੂ ਕਰਨ ਲਈ ਮੁਬਾਰਕ। ਪਰ ਚੰਗਾ ਹੋਵੇ ਇਹ ਸਥਾਈ ਕਾਲਮ ਪਹਿਲਾਂ ਵਾਂਗ ਕਿਸੇ ਏਧਰਲੇ ਲੇਖਕ ਕੋਲੋਂ ਹੀ ਲਿਖਵਾਇਆ ਜਾਵੇ ਕਿਉਂਕਿ ਇਸ ਨਾਲ ਇਧਰਲੀ ਜ਼ਿੰਦਗੀ ਬਾਰੇ ਸਾਡੇ ਹਿੰਦੁਸਤਾਨ ਅਤੇ ਹੋਰ ਪੰਜਾਬੀ ਬੋਲਦੇ ਮੁਲਕਾਂ ਦੇ ਪਾਠਕਾਂ ਨੂੰ ਜਾਣਕਾਰੀ ਮਿਲਦੀ ਰਹੇ। ਉਂਜ ਵੀ ਜੇਕਰ ਤੁਹਾਨੂੰ ਯਾਦ ਹੋਵੇ ਇਹ ਤੁਹਾਡੀ ਪਹਿਲਾਂ ਬਣੀ ਸਮਝ, ਜਿਸਦਾ ਜ਼ਿਕਰ ਤੁਸੀ ਕਿਸੇ ਅੰਕ ਵਿਚ ਵੀ ਕੀਤਾ ਸੀ ਕਿ 'ਵਤਨ' ਤੋਂ ਭਾਵ (ਦੇਸ ਤੋਂ) ਤੁਹਾਡਾ ਕੈਨੇਡਾ ਤੋਂ ਹੈ। ਸੋ ਹੁਣ ਤੁਸੀਂ ਭਾਰਤ ਨੂੰ ਕਿਵੇਂ 'ਦੇਸ ਤੋਂ ਚਿੱਠੀ' ਕਹਿ ਸਕਦੇ ਹੋ? ਵਿਚਾਰ ਲੈਣਾ ਮੈਨੂੰ ਤਾਂ ਅਜੇ ਵੀ ਪੰਜਾਬ ਨਾਲ ਓਨਾ ਹੀ ਮੋਹ ਹੈ ਜਿੰਨਾ ਅਮਰੀਕਨ ਨਾਗਰਿਕ ਬਣਨ ਤੋਂ ਪਹਿਲਾਂ ਸੀ। ਉਂਜ ਵੀ ਗੁਰਬਚਨ ਨੂੰ ਮੈਂ ਇਕੋ ਇਕ ਅਲੋਚਕ ਮੰਨਦਾ ਹਾਂ ਜਿਹੜਾ ਦੋਸਤੀ, ਇਨਾਮਾਂ, ਧੜੇਬੰਦੀਆਂ ਅਤੇ ਜਾਤ ਪਾਤ ਜਿਹੀਆਂ ਕੋਹੜੀ ਬਿਮਾਰੀਆਂ ਤੋਂ ਉਪਰ ਉੱਠ ਕੇ ਤਰਕ ਭਰਪੂਰ ਅਤੇ ਪੜ੍ਹਨ ਵਾਲੇ ਦੇ ਮਨ ਨੂੰ ਸੋਚਣ ਲਈ ਮਜ਼ਬੂਰ ਕਰਨ ਵਾਲੀਆਂ ਗੱਲਾਂ ਲਿਖਦਾ ਹੈ। ਉਸਦੇ ਬਰਾਬਰ ਦਾ ਬੰਦਾ ਅਜੇ ਤੱਕ ਮੈਂ ਪੰਜਾਬੀ ਸਾਹਿਤ 'ਚ ਨਹੀਂ ਪੜ੍ਹਿਆ। ਉਸਨੇ ਕਦੀ ਕਿਸੇ ਦਾ ਲਿਹਾਜ਼ ਨਹੀਂ ਕੀਤਾ। ਮੈਂ ਸੁਝਾਅ ਦੇਵਾਂਗਾ ਕਿ ਇਸ ਕਾਲਮ ਦਾ ਨਾਮ "ਦੇਸ ਤੋਂ ਚਿੱਠੀ" ਦੀ ਜਗ੍ਹਾ ਕੁਝ ਹੋਰ ਰੱਖ ਲਿਆ ਜਾਵੇ। ਜਿਹੜਾ ਪਰਚੇ ਦੀ ਮੁਖਧਾਰਾ ਦੇ ਅਨੁਕੂਲ ਹੋਵੇ। ਜਿਵੇਂ 'ਗੁਰਬਚਨ ਲਿਖਦੇ / ਲਿਖਦਾ ਹਨ/ ਹੈ ...ਆਦਿ।

**ਰਵਿੰਦਰ ਸਹਿਰਾਅ, ਬਾਲਟੀਮੋਰ, ਅਮਰੀਕਾ**

ਤੁਹਾਨੂੰ ਸਾਰਿਆਂ ਨੂੰ 'ਵਤਨ' ਦੇ ਏਸ ਵਿਸ਼ੇਸ਼ ਮੁਲਾਕਾਤ ਅੰਕ ਕਢਣ ਦੀ ਵਧਾਈ। ਇਸ ਅੰਕ ਨਾਲ ਤੁਸਾਂ ਆਪਣੇ ਬਹੁਤ ਸਾਰੇ ਪਾਠਕਾਂ ਦੀ ਰੂਹਾਨੀ ਤ੍ਰਿਪਤੀ ਹੀ ਨਹੀਂ ਕੀਤੀ ਸਗੋਂ ਕਈਆਂ ਦੇ ਉਹ ਖਾਸ ਗਿਆਨ ਦੇ ਦਰਵਾਜੇ ਵੀ ਖੋਹਲੇ ਹਨ ਜਿਹੜੇ ਪਤਾ ਨਹੀਂ ਹੋਰ ਕਿੰਨਾ ਚਿਰ ਬੰਦ ਰਹਿੰਦੇ। ਇਹ ਸਚਮੁੱਚ ਹੀ ਤੁਹਾਡਾ ਧਤਾਨਤਮਕ ਕਦਮ ਹੈ ਜਿਸ ਨਾਲ ਮਨੁੱਖੀ ਸੋਚ ਇਕ ਖਾਸ ਸੇਧ ਵਲ ਤੁਰਦੀ ਹੈ। ਸਾਹਿਤ

ਦੇ ਖੇਤਰ ਵਿਚ ਇਹ ਤੁਹਾਡੀ ਉਚਿਤ ਪੁਲਾਂਘ ਹੈ।

ਜੇ ਪ੍ਰੋ: ਸੱਯਦ ਫਿਰਾਨੀ ਕੈਮੀ ਪੰਜਾਬੀ ਜਬਾਨ ਦੇ ਸੰਬੰਧ ਵਿਚ ਆਪ ਕੋਈ ਲੇਖ ਲਿਖਦੇ ਤਾਂ ਹੋ ਸਕਦਾ ਸੀ ਕਿ ਉਹ ਸਾਰਾ ਕੁਝ ਨਾ ਦਰਸਾ ਸਕਦੇ ਜਿਹੜਾ ਉਹਨਾਂ ਨੇ ਤੁਹਾਡੇ ਸੁਆਲਾਂ ਦਾ ਜੁਆਬ ਦੇ ਕੇ ਸਾਡੇ ਨਾਲ ਰਾਬਤਾ ਕਾਇਮ ਕੀਤਾ ਹੈ। ਉਹਨਾਂ ਦੀ ਮੁਲਾਕਾਤ ਵਿਚ ਵਖਰੇ ਵਖਰੇ ਕੋਨਾਂ ਤੋਂ ਜਿਹੜੇ ਪ੍ਰਸ਼ਨ ਕੀਤੇ ਗਏ ਹਨ, ਉਹ ਬਹੁਤ ਸਾਰੇ ਪੱਖਾਂ ਨੂੰ ਉਜਾਗਰ ਕਰਦੇ ਹਨ। ਇਹ ਮੁਲਾਕਾਤ, ਪਾਕਿਸਤਾਨ ਵਿਚ ਪੰਜਾਬੀ ਬੋਲੀ ਲਈ ਹੋ ਰਹੀ ਜਦੋ-ਜਹਿਦ ਦਾ ਇਕ ਇਤਿਹਾਸ ਵੀ ਬਣ ਗਈ ਹੈ। ਪ੍ਰੋ: ਕੈਮੀ ਹੁਰਾਂ ਬਹੁਤ ਵਧੀਆ ਨੁਕਤੇ ਉਠਾਏ ਹਨ ਜਿਵੇਂ ਪੰਜਾਬੀ ਦਾ ਦੋਹਾਂ ਲਿਪੀਆਂ ਵਿਚ ਸਾਹਿਤ ਰਚਣਾ ਤਾਂ ਕਿ ਦੋਹਾਂ ਪੰਜਾਬਾਂ ਵਿਚ ਪੰਜਾਬੀ ਸਾਹਿਤ ਪਹੁੰਚ ਸਕੇ। ਭਾਵੇਂ ਇਹ ਠੀਕ ਹੈ ਕਿ ਪੰਜਾਬੀ ਬੋਲੀ ਲਈ ਗੁਰਮੁਖੀ ਲਿਪੀ ਹੀ ਢੁਕਵੀਂ ਲਿਪੀ ਹੈ। ਪਰ ਫਿਲਹਾਲ ਵਕਤੀ ਤੌਰ ਉਤੇ ਦੋਹਾਂ ਪਾਸਿਆਂ ਦੇ ਪੰਜਾਬੀਆਂ ਤਕ ਪਹੁੰਚਣ ਲਈ ਇਹੋ ਬਿਹਤਰ ਹੋਏਗਾ ਕਿ ਦੋਨਾਂ ਲਿਪੀਆਂ ਦੀ ਵਰਤੋ ਕੀਤੀ ਜਾਵੇ। ਪ੍ਰੋ: ਕੈਮੀ ਦਾ ਇਹ ਸੁਝਾਓ ਬਹੁਤ ਵਧੀਆ ਹੈ ਕਿ ਪੰਜਾਬੀ ਦੇ ਉਚੇਰੇ ਇਮਤਿਹਾਨਾਂ ਲਈ ਭਾਰਤੀ ਪੰਜਾਬ ਵਿਚ ਇਕ ਪਰਚਾ ਉਰਦੂ ਲਿਪੀ ਵਿਚ ਤੇ ਪਾਕਿਸਤਾਨੀ ਪੰਜਾਬ ਵਿਚ ਇਕ ਪਰਚਾ ਗੁਰਮੁਖੀ ਲਿਪੀ ਵਿਚ ਲਾਜ਼ਮੀ ਕਰ ਦਿਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਦੋਹਾਂ ਦੇਸ਼ਾਂ ਦਾ ਪੰਜਾਬੀ ਸਾਹਿਤ ਇਕ ਦੂਜੇ ਦੇ ਵਧੇਰੇ ਨੇੜੇ ਹੀ ਨਹੀਂ ਹੋਵੇਗਾ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ ਸਰਵੇਖਣ ਆਸਾਨੀ ਨਾਲ ਕੀਤਾ ਜਾ ਸਕੇਗਾ।

ਓਮ ਪੁਰੀ ਭਾਰਤੀ ਫਿਲਮ ਇੰਡਸਟਰੀ ਵਿਚ ਇਕ ਸਿਤਾਰੇ ਦੇ ਤੌਰ ਤੇ ਉਭਰੇ ਹਨ। ਉਹਨਾਂ ਦੀ ਮਿਹਨਤ, ਲਗਨ ਤੇ ਸਿਰੜ ਕਰਕੇ ਹੀ ਦਰਸ਼ਕਾਂ ਨੂੰ ਵਧੀਆ ਫਿਲਮਾਂ ਦੇਖ ਸਕਣ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾਂ ਦੀ ਮੁਲਾਕਾਤ ਵੀ ਪਾਠਕਾਂ ਲਈ ਇਕ ਦਿਲਚਸਪ ਫਿਲਮ ਵਰਗਾ ਰਸ ਪੈਦਾ ਕਰਦੀ ਹੈ। ਪਰ ਉਹਨਾਂ ਦੀ ਇਹ ਗਲ ਅਸੀਂ ਨਹੀਂ ਸਮਝ ਸਕੇ, ਜਦੋਂ ਉਹ ਕਹਿੰਦੇ ਹਨ ਕਿ 'ਬਿਹਾਰ ਵਿਚ ਜੇਕਰ ਦਸ ਮਜਦੂਰ ਮਾਰ ਦਿੰਦੇ ਹਾਂ ਤਾਂ ਉਹ ਸਰਕਾਰ ਨਹੀਂ ਮਾਰਦੀ, ਬੰਦੇ ਮਾਰਦੇ ਹਨ।'

ਡਾ: ਰਘਬੀਰ ਸਿੰਘ ਨੇ ਆਪਣੀ ਮੁਲਾਕਾਤ ਵਿਚ ਨਾ ਸਿਰਫ ਆਪਣੇ ਬਾਰੇ ਹੀ ਜਾਣਕਾਰੀ ਦਿਤੀ ਹੈ ਸਗੋਂ ਪੰਜਾਬੀ ਸਾਹਿਤ ਤੇ ਸਾਹਿਤਕ ਸੋਚ ਦੀ transition ਤੋਂ ਵੀ ਜਾਣੂ ਕਰਵਾਇਆ ਹੈ। 60ਵਿਆਂ ਤੋਂ ਲੈ ਕੇ ਹੁਣ ਤਕ ਪੰਜਾਬੀ ਸਾਹਿਤ ਤੇ ਸਾਹਿਤਕਾਰ ਕਿਹੜੇ ਕਿਹੜੇ ਦੌਰਾਂ ਵਿਚੋਂ ਲੰਘੇ ਹਨ ਇਹ ਵਾਕਫੀ ਸਿਰਫ ਸਾਡੇ ਲਈ ਹੀ ਉਪਲਬਧ ਨਹੀਂ ਸਗੋਂ ਨਵੇਂ ਉਠ ਰਹੇ ਲਿਖਾਰੀਆਂ ਲਈ ਵੀ ਚਾਨਣ ਦੀ ਲੀਕ ਸਿੱਧ ਹੋ ਸਕਦੀ ਹੈ। ਖਾਸ ਕਰਕੇ ਸੰਪਾਦਕਾਂ (ਸਾਹਿਤ ਦੇ ਖੇਤਰ ਵਿਚ) ਲਈ ਇਹ ਜ਼ਰੂਰ ਇਕ ਸੇਧ ਫੜਦੀ ਹੈ। ਪਰ ਜਿਹੜੀ ਗਲ ਉਹਨਾਂ ਪੰਜਾਬੀ ਦੀ ਸ਼ਬਦਾਵਲੀ ਦੇ ਸਰੋਤ ਦੇ ਸੰਬੰਧ ਵਿਚ ਕਹੀ ਹੈ ਉਹ ਹੋਰ ਵਧੇਰੇ ਵਿਸਥਾਰ ਦੀ ਮੰਗ ਕਰਦੀ ਹੈ। ਇੰਜ ਲਗਦਾ ਹੈ ਜਿਵੇਂ ਕਈ ਗਲਾਂ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋ ਸਕੀਆਂ। ਭਵਿੱਖ ਵਿਚ ਅਦਾਰਾ ਵਤਨ ਜੇ ਇਹਦੇ ਬਾਰੇ ਕੋਈ ਬਹਿਸ ਛੇੜ ਸਕੇ ਤਾਂ ਵਧੀਆ ਰਹੇਗਾ ਜਾਂ ਰਘਬੀਰ ਹੁਰੀਂ ਹੀ 'ਸਿਰਜਣਾ' ਰਾਹੀਂ ਏਸ ਮਸਲੇ ਤੇ ਵਧੇਰੇ ਚਾਨਣ ਪਾ ਸਕਣ ਦੀ ਖੇਚਲ ਕਰਨ। ਹਾਂ, ਲਿਪੀ ਦੇ ਸੰਬੰਧ ਵਿਚ ਅਸੀਂ ਉਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਪੰਜਾਬੀ ਬੋਲੀ ਤੇ ਸਭਿਆਚਾਰ ਦੀ ਪ੍ਰਦਰਸ਼ਨੀ ਗੁਰਮੁਖੀ ਲਿਪੀ ਤੋਂ ਬਿਨਾਂ ਹੋਰ ਕਿਸੇ ਵੀ ਲਿਪੀ ਵਿਚ ਨਹੀਂ ਹੋ ਸਕਦੀ। ਜਿਵੇਂ 'ਨ' ਤੇ 'ਣ' - 'ਰ' ਤੇ 'ੜ' ਆਦਿ ਦੀਆਂ ਆਵਾਜ਼ਾਂ ਨੂੰ ਹੋਰ ਕਿਸੇ ਲਿਪੀ ਵਿਚ ਵਿਅਕਤ ਨਹੀਂ ਕੀਤਾ ਜਾ ਸਕਦਾ।

ਜੋਗਿੰਦਰ ਕਲਸੀ ਹੋਰਾਂ ਸੋਹਣ ਕਾਦਰੀ ਦੀ ਮੁਲਾਕਾਤ ਕਰਕੇ ਕਈ ਗਿਆਨ ਦੇ ਦਰਵਾਜੇ ਖੋਹਲੇ ਹਨ। ਆਰਟ, ਪੇਂਟਿੰਗ, ਪੋਸਟਰ, ਕੈਲੰਡਰ ਨੂੰ ਇਕ ਵਖਰੇ ਕੋਨ ਤੋਂ ਵੇਖ ਸਕਣ ਦੀ ਜਿਹੜੀ ਸਮਰਥਾ ਵਲ ਉਹਨਾਂ ਇਸ਼ਾਰਾ ਕਨ੍ਹੀਤਾ ਹੈ ਉਹ ਸਚਮੁਚ ਹੀ ਬਹੁਤ ਵਧੀਆ ਗਲ ਹੈ। ਹਰ ਚੀਜ ਨੂੰ ਸਮਝਣ ਲਈ ਸਿਖਿਆ ਦੀ ਲੋੜ ਹੈ। ਇਹਦੇ ਸੰਬੰਧ ਵਿਚ ਸੋਹਣ ਕਾਦਰੀ ਨੇ ਸਾਡਾ 'ਹੋਰਾਈਜ਼ਨ' ਵੀ ਚੌੜਾ ਕੀਤਾ ਹੈ।

ਸ਼ਸ਼ੀ ਸਮੁੰਦਰਾ ਦੀ ਮੁਲਾਕਾਤ ਇਕ ਔਸਤ ਇਸਤਰੀ ਲੇਖਕ ਦੀ ਮੁਲਾਕਾਤ ਹੈ। ਸ਼ਸ਼ੀ ਦਾ ਇਹ ਕਹਿਣਾ ਕਿ 'ਲੇਖਕ ਕਿਸੇ ਨਾ ਕਿਸੇ ਤਰ੍ਹਾਂ ਸਮਾਜ ਨਾਲ ਜੁੜਿਆ ਹੁੰਦਾ ਹੈ' - ਬਹੁਤ ਸਹੀ ਹੈ। ਜਿਹੜਾ ਲੇਖਕ ਇਹ ਗਲ ਸਮਝਦਾ ਹੈ ਉਹ ਮਾੜੀ ਰਚਨਾ ਨਹੀਂ ਕਰ ਸਕਦਾ। ਪਰ ਅਸੀਂ ਸ਼ਸ਼ੀ ਸਮੁੰਦਰਾ ਦੇ ਇਸ ਕਥਨ ਨਾਲ ਸਹਿਮਤ ਨਹੀਂ ਹਾਂ, ਜਦੋਂ ਉਹ ਕਹਿੰਦੇ ਹਨ, 'ਲਿਖਣਾ ਬੜੀ ਪਰਸਨਲ ਜਹੀ ਚੀਜ਼ ਹੈ' ਸ਼ਾਇਦ ਸ਼ਸ਼ੀ ਜੀ ਇਹਦੀ ਕੁਝ ਵਿਆਖਿਆ ਕਰ ਸਕਣ।

ਗੁਰਬਚਨ ਦਾ ਸਥਾਈ ਕਾਲਮ ਸ਼ੁਰੂ ਕਰਕੇ ਤੁਸੀਂ ਬਹੁਤ ਵਧੀਆ ਕੀਤਾ ਹੈ। ਗੁਰਬਚਨ ਦੀ ਸ਼ੈਲੀ ਅੱਜ ਦੇ ਸੰਦਰਭ ਵਿਚ ਉਚੀ ਸੁਰ ਵਾਲੀ ਹੈ ਜਿਸਦੀ ਬਹੁਤ ਲੋੜ ਹੈ। ਗੁਰਬਚਨ ਜਹੇ ਸੂਝ ਰਖਣ ਵਾਲੇ ਅਦੀਬਾਂ ਤੋਂ ਹੀ ਆਸ ਬੱਝ ਸਕਦੀ ਹੈ ਕਿ ਪੰਜਾਬੀ ਸਾਹਿਤ ਤੇ ਪੰਜਾਬੀਅਤ ਸਹੀ ਸੇਧ ਅਪਣਾ ਸਕੇ।

**ਅਮਰਜੀਤ ਅਤੇ ਗੁਰਦੀਪ ਥਿਨਿਪੇਗ**


**Sutton Group Medallion Realty**
**#1-9200-120th St.**
**Surrey,B.C. V3V 4B7**

Sutton GROUP

ਜਦੋਂ ਵੀ ਤੁਸੀਂ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸੁਲਾਹ ਮਸ਼ਵਰੇ ਲਈ ਫੋਨ ਕਰੋ।

KULDIP GILL M.A.B.Ed.



Member of Fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion

Ph. 581-1211 Res. 590-8066



# GOYAL TRAVELS INC.

**BOOK NOW FLY LATER SAVE MONEY**

**Special fares to: San Francisco Toronto London**

Cheapest fares to **New Delhi, Bombay, Madras, Calcutta, Karachi, Colombo & Kathmandu**

**Authorized agents for:**

■ Cathay Pacific ■ Air Canada ■ Japan Air Lines
■ Canadian ■ Wardair ■ KLM

**4152 Fraser St., Vancouver, B.C., V5V 4E8**

Toll free from B.C., Alberta, Saskatchewan & Manitoba: 1-800-663-8638
**Phone: Vancouver 877-7777 Calgary (403) 235-6808 Toronto: (416) 593-6966**

ਕੈਨੇਡੀਅਨ ਸੀਨੀਅਰ ਵਰਕਰਜ਼ ਐਸੋਸੀਏਸ਼ਨ ਆਫ ਕੈਲਗਰੀ ਦੇ ਹਾਲ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰੀਆਂ ਦੀ ਯਾਦ ਵਿਚ ਇਕ ਸਮਾਗਮ ਕੀਤਾ ਗਿਆ। ਇਸੇ ਸਮਾਗਮ ਵਿਚ ਕੈਨੇਡਾ ਦੇ ਇਨਕਲਾਬੀ ਪੰਜਾਬੀ ਸ਼ਾਇਰ ਇਕਬਾਲ ਖਾਨ ਦੀ ਕਾਵਿ ਪੁਸਤਕ 'ਕਾਫ਼ਲੇ' ਰਿਲੀਜ਼ ਕੀਤੀ ਗਈ। ਨਕਸਲਬਾੜੀ ਲਹਿਰ ਦੀ ਸੰਗਰਾਮੀ ਜ਼ਿੰਦਗੀ ਦੇ ਦੌਰਾਨ ਇਕਬਾਲ ਖਾਨ ਸਰਕਾਰੀ ਜਬਰ ਦਾ ਸ਼ਿਕਾਰ ਹੋਇਆ ਹੈ ਅਤੇ ਜੇਲ੍ਹ ਵਿਚ ਸ਼ਹੀਦ ਪਾਸ਼ ਦਾ ਸਾਥੀ ਵੀ ਰਿਹਾ ਹੈ। ਉਸਦੀ ਕਵਿਤਾ ਉਸਦੇ ਇਸੇ ਅਨੁਭਵ ਵਿਚੋਂ ਪੈਦਾ ਹੋਈ ਹੈ। ਇਸ ਤੋਂ ਇਲਾਵਾ ਪ੍ਰੋਗਰਾਮ ਦੇ ਦੌਰਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਸਮੁੱਚੀ ਗਦਰ ਲਹਿਰ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਸਰਾਭੇ ਦੀ ਵਾਰ ਅਤੇ ਸ਼ਹੀਦਾਂ ਨੂੰ ਸਮਰਪਿਤ ਹੋਰ ਨਜ਼ਮ, ਕਵਿਤਾਵਾਂ ਅਤੇ ਉਸਾਰੂ ਗੀਤ ਵੀ ਪੇਸ਼ ਕੀਤੇ ਗਏ। ਸਰੋਤਿਆਂ ਵਿਚ ਔਰਤਾਂ ਦੀ ਹਾਜ਼ਰੀ ਇਕ ਜ਼ਿਕਰਯੋਗ ਪ੍ਰਾਪਤੀ ਸੀ। - **ਰਾਜ ਕੈਲਗਰੀ**

**6 ਦਸੰਬਰ, 1992, ਵੈਨਕੂਵਰ:** ਰਿਚਮੰਡ ਕਮਿਊਨਿਟੀ ਸੈਂਟਰ ਵਿਚ ਸ਼ਾਮ ਦੇ ਦੋ ਵਜੇ ਤੋਂ 8 ਵਜੇ ਤੱਕ ਪੰਜਾਬੀ ਲੇਖਕ ਮੰਚ, ਵੈਨਕੂਵਰ ਦੀ ਸਾਲਾਨਾ ਮੀਟਿੰਗ ਅਤੇ ਡਿਨਰ ਹੋਇਆ। ਮੰਚ ਦੇ ਕੋਆਰਡੀਨੇਟਰ ਦਰਸ਼ਨ ਗਿੱਲ ਨੇ ਸਾਲ 1992 ਦੀ ਸਾਲਾਨਾ ਰੀਪੋਰਟ ਪੇਸ਼ ਕੀਤੀ। ਮੰਚ ਦੇ ਖਜ਼ਾਨਚੀ ਗੁਰਚਰਨ ਰਾਮਪੁਰੀ ਨੇ ਸਾਲਾਨਾ ਹਿਸਾਬ ਕਿਤਾਬ ਕਰਦਿਆਂ ਦੱਸਿਆ ਕਿ ਮੰਚ ਦੇ ਬੈਂਕ-ਖਾਤੇ ਵਿਚ ਇਕ ਹਜ਼ਾਰ ਡਾਲਰ ਤੋਂ ਉਤੇ ਰਾਸ਼ੀ ਜਮ੍ਹਾਂ ਹੈ।

ਦਰਸ਼ਨ ਗਿੱਲ ਨੇ ਸਾਲਾਨਾ ਰੀਪੋਰਟ ਪੇਸ਼ ਕਰਦਿਆਂ ਕਿਹਾ ਕਿ 1992 ਵਿਚ ਮੰਚ ਦੀਆਂ 22 ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਔਸਤਨ ਹਾਜ਼ਰੀ 20 ਦੇ ਕਰੀਬ ਰਹੀ। ਇਸ ਵਰ੍ਹੇ ਵਿਚ ਮੰਚ ਦੇ ਤਿੰਨ ਲੇਖਕਾਂ - ਦਰਸ਼ਨ ਗਿੱਲ, ਮੰਗਾ ਸਿੰਘ ਬਾਸੀ ਅਤੇ ਮਹਿੰਦਰ ਸੂਮਲ ਦੀਆਂ ਨਵੀਆਂ ਪੁਸਤਕਾਂ ਛਪੀਆਂ ਅਤੇ ਇਨ੍ਹਾਂ ਦੇ ਰੀਲੀਜ਼ ਸਮਾਗਮ ਕੀਤੇ ਗਏ। ਪੰਜਾਬੀ ਲੇਖਕ ਮੰਚ, ਵੈਨਕੂਵਰ ਵਲੋਂ ਇਕ ਕਾਵਿ-ਸੰਗ੍ਰਹਿ 'ਮਨ ਪਰਦੇਸੀ ਜੇ ਥੀਐ' ਦਾ ਖਰੜਾ ਤਿਆਰ ਕਰਕੇ ਛਪਣ ਹਿਤ ਭੇਜਿਆ ਗਿਆ।

ਇਸ ਵਰ੍ਹੇ ਮੰਚ ਦੀਆਂ ਮੀਟਿੰਗਾਂ ਵਿਚ ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ, ਯੂਰਪ ਅਤੇ ਕੈਨੇਡਾ ਦੇ ਲੇਖਕ ਵੀ ਸ਼ਾਮਲ ਹੋਏ ਜਿਨ੍ਹਾਂ ਦੇ ਵੈਨਕੂਵਰ ਆਉਣ ਉਤੇ ਵਿਸ਼ੇਸ਼ ਮੀਟਿੰਗਾਂ ਕੀਤੀਆਂ ਗਈਆਂ। ਇਹਨਾਂ ਮਹਿਮਾਨ ਲੇਖਕਾਂ, ਕਲਾਕਾਰਾਂ ਤੇ ਪੱਤਰਕਾਰਾਂ ਦੇ ਨਾਂ ਹਨ: ਪੰਜਾਬੀ ਫਾਊਂਡੇਸ਼ਨ ਆਫ ਕੈਨੇਡਾ ਦੇ ਪ੍ਰਤੀਨਿਧ ਤਰਸੇਮ ਸਿੰਘ ਪੁਰੇਵਾਲ, ਹਿੰਦੀ ਲੇਖਕ ਡਾ: ਅਸ਼ੋਕ ਸ਼ਰਮਾ ਜੋ ਅਲਾਹਾਬਾਦ ਯੂਨੀਵਰਸਿਟੀ ਵਿਚ ਹਿੰਦੀ ਦੇ ਪ੍ਰੋਫੈਸਰ ਹਨ, 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਹਰਭਜਨ ਹਲਵਾਰਵੀ, ਵਿਸ਼ਵ-ਪ੍ਰਸਿੱਧ ਆਰਟਿਸਟ ਸੋਹਨ ਕਾਦਰੀ, ਅਮਰੀਕਾ 'ਚ ਰਹਿ ਰਹੀ ਪ੍ਰਸਿੱਧ ਪੰਜਾਬੀ ਕਵਿਤਰੀ ਸ਼ਸ਼ੀ ਸਮੁੰਦਰਾ, ਡਾ: ਤੇਜਵੰਤ ਗਿੱਲ, ਪਾਕਿਸਤਾਨ ਤੋਂ ਪੰਜਾਬੀ ਲੇਖਕ ਸਾਈਦ ਫਿਰਾਨੀ 'ਕੰਮੀ', ਡਾ: ਰਘਬੀਰ ਸਿੰਘ (ਸੰਪਾਦਕ 'ਸਿਰਜਣਾ'), ਰੰਗ ਮੰਚ ਦੇ ਕਲਾਕਾਰ ਇੰਗਲੈਂਡ-ਨਿਵਾਸੀ ਨਰਿੰਦਰ ਦੁਸਾਂਝ, ਐਡਮੰਟਨ ਤੋਂ ਲਾਟ ਭਿੰਡਰ ਅਤੇ 'ਨਵਾਂ ਜ਼ਮਾਨਾ' ਦੇ ਸੰਪਾਦਕ ਜਗਜੀਤ ਸਿੰਘ ਆਨੰਦ।

21 ਜੂਨ ਨੂੰ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਮੈਂਬਰ ਪੰਜਾਬੀ ਆਰਟਸ ਐਂਡ ਰੀਕਰੀਏਸ਼ਨਲ ਸੁਸਾਇਟੀ ਮਿਸ਼ਨ ਦੇ ਸੱਦੇ ਉਤੇ ਪੰਜਾਬੀ ਕਵੀ ਦਰਬਾਰ ਵਿਚ ਸ਼ਾਮਲ ਹੋਏ। 26 ਸਤੰਬਰ ਨੂੰ ਪੰਜਾਬੀ ਲੇਖਕ ਮੰਚ ਵਲੋਂ ਹਰ ਵਰ੍ਹੇ ਦੀ ਤਰ੍ਹਾਂ ਪਾਸ਼ ਦੇ ਜਨਮ-ਦਿਨ ਉਤੇ 'ਕਵਿਤਾ ਦਿਵਸ' ਮਨਾਇਆ ਗਿਆ। ਕਵੀ ਦਰਬਾਰ ਦੀ ਪ੍ਰਧਾਨਗੀ ਡਾ: ਰਘਬੀਰ ਸਿੰਘ ਨੇ ਕੀਤੀ।

ਸਾਲਾਨਾ ਮੀਟਿੰਗ ਵਿਚ ਇੰਦਰੇਸ਼ ਨੇ 1992 ਦੇ ਕੋਆਰਡੀਨੇਟਰਾਂ - ਦਰਸ਼ਨ ਗਿੱਲ, ਸਾਧੂ ਤੇ ਮੰਗਾ ਸਿੰਘ ਬਾਸੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਨੇ ਇਸ ਵਰ੍ਹੇ ਮੰਚ ਨੂੰ ਸਰਗਰਮੀਆਂ ਦਾ ਕੇਂਦਰ ਬਣਾਈ ਰੱਖਿਆ। ਮੰਚ ਵਲੋਂ ਸੀਤਾ ਰਾਮ ਅਹੀਰ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਮੰਚ ਦੇ ਸਾਰੇ ਸਮਾਗਮਾਂ ਦੀਆਂ ਫੋਟੋ ਖਿੱਚੀਆਂ। ਨਵਜੋਤ ਬਾਸੀ ਦਾ ਵੀਡੀਓ ਬਨਾਉਣ ਲਈ ਧੰਨਵਾਦ ਕੀਤਾ ਗਿਆ। ਪਾਲ ਬਿਨਿੰਗ ਦਾ ਹਾਲ ਦੇ ਪ੍ਰਬੰਧ ਲਈ ਸ਼ੁਕਰੀਆ ਅਦਾ ਕੀਤਾ ਗਿਆ।

ਮੀਟਿੰਗ ਵਿਚ ਸਾਲ 1993 ਲਈ ਨਵੇਂ ਕੁਆਰਡੀਨੇਟਰ ਨਾਮਜ਼ਦ ਕੀਤੇ ਗਏ। ਨਵੇਂ ਕੋਆਰਡੀਨੇਟਰ ਹਨ - ਬਲਦੇਵ ਦੂਹੜੇ, ਇੰਦਰੇਸ਼, ਗੁਰਚਰਨ ਟੱਲੇਵਾਲੀਆ ਅਤੇ ਸ਼੍ਰੀਮਤੀ ਚਰਨਪ੍ਰੀਤ ਕੌਰ ਰੰਧਾਵਾ।

ਅਗਲੇ ਵਰ੍ਹੇ ਲਈ ਮੰਚ ਦੀਆਂ ਮੀਟਿੰਗਾਂ ਕਿਲਾਰਨੀ ਕਮਿਊਨਿਟੀ ਸੈਂਟਰ, ਵੈਨਕੂਵਰ ਵਿਚ ਕਰਨ ਦਾ ਫੈਸਲਾ ਕੀਤਾ ਗਿਆ। **-ਦਰਸ਼ਨ ਗਿੱਲ**

**28 ਦਸੰਬਰ, ਵਿਨੀਪੈਗ:** ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੈਗ ਦੀ ਮੀਟਿੰਗ ਹੋਈ। ਮੀਟਿੰਗ ਵਿਚ ਹਿੰਦੂ ਫਿਰਕਾਪ੍ਰਸਤਾਂ ( ਬੀ.ਜੇ.ਪੀ., ਹਿੰਦੂ ਪ੍ਰੀਸ਼ਦ, ਆਰ.ਐਸ.ਐਸ., ਅਤੇ ਬਜਰੰਗ ਦਲੀਏ) ਵਲੋਂ ਸਦੀਆਂ ਪੁਰਾਣੀ ਬਾਬਰੀ ਮਸਜਿਦ ਨੂੰ ਢਾਹੇ ਜਾਣ ਦੀ ਨਿਖੇਧੀ ਕੀਤੀ ਗਈ। ਆਪਣੀਆਂ ਸੌੜੀਆਂ-ਸਿਆਸੀ ਗਿਣਤੀਆਂ ਮਿਣਤੀਆਂ ਤਹਿਤ ਯੂ.ਪੀ. ਵਿਚ ਬੀ.ਜੇ.ਪੀ. ਦੀ ਸਰਕਾਰ ਅਤੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਸਿਰ ਢੁੱਕਵੀਂ ਕਾਰਵਾਈ ਨਾ ਕਰਕੇ ਇਸ ਹੋਣੀ ਨੂੰ ਵਾਪਰਨ ਦਿੱਤਾ। ਇਸ ਤੋਂ ਵੀ ਵੱਧ ਇਸ ਸਾਰੇ ਘਟਨਾ ਕਰਮ ਦੌਰਾਨ ਸੁਰੱਖਿਆ ਦਲਾਂ ਦਾ ਮੂਕ ਦਰਸ਼ਕ ਬਣਕੇ ਖੜੇ ਰਹਿਣਾ ਇਸ ਘਟਨਾ ਦੀ ਗੰਭੀਰਤਾ ਵਿਚ ਹੋਰ ਵੀ ਵਾਧਾ ਕਰਦਾ ਹੈ।

ਇਸ ਘਟਨਾ ਨੇ ਮੁਸਲਿਮ ਭਾਈਚਾਰੇ ਵਿਚ ਰੋਸ, ਬੇਵਸੀ ਅਤੇ ਬੇਗਾਨਗੀ ਦੀ ਭਾਵਨਾ ਪੈਦਾ ਕੀਤੀ ਹੈ। ਜੇ ਕਰ ਇਸ ਵੱਲ ਬਣਦਾ ਧਿਆਨ ਨਾ ਦਿੱਤਾ ਗਿਆ ਤਾਂ ਬੇਗਾਨਗੀ ਦੀ ਇਹ ਭਾਵਨਾ ਉਨ੍ਹਾਂ ਨੂੰ ਮੁਸਲਿਮ ਫਿਰਕਾਪ੍ਰਸਤਾਂ ਵੱਲ ਧੱਕੇਗੀ, ਜਿਸ ਨਾਲ ਫਿਰਕੂ ਜ਼ਹਿਰ ਹੋਰ ਫੈਲੇਗੀ।

ਅਸੀਂ ਜਿੱਥੇ ਇਸ ਦੁਰਘਟਨਾ ਤੇ ਦੁੱਖ ਪ੍ਰਗਟ ਕਰਦੇ ਹਾਂ ਉਥੇ ਹੋਰ ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ ਨਾਲ ਮਿਲਕੇ ਮੰਗ ਕਰਦੇ ਹਾਂ ਕਿ:

1. ਫਿਰਕੂ ਦੰਗੇ ਭੜਕਾਉਣ ਵਾਲੇ ਲੀਡਰਾਂ ਤੇ ਮੁਕੱਦਮੇ ਚਲਾਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ।
2. ਸਾਰੇ ਫਿਰਕੂ ਗਰੁੱਪਾਂ ਅਤੇ ਧਾਰਮਿਕ ਸਿਆਸੀ ਪਾਰਟੀਆਂ ਉੱਤੇ ਪਾਬੰਦੀ ਲਾਈ ਜਾਵੇ।

ਇਸਦੇ ਨਾਲ ਹੀ ਸਭਾ ਕਿਸਾਨ ਆਗੂ ਗਿਆਨ ਸਿੰਘ ਸੰਘਾ ਦੀ ਦਹਿਸ਼ਤ-ਗਰਦਾਂ ਵੱਲੋਂ ਕੀਤੇ ਕਤਲ ਦੀ ਨਿਖੇਧੀ ਕਰਦੀ ਹੈ ਅਤੇ ਉਹਨਾਂ ਦੇ ਪਰਿਵਾਰ ਨਾਲ ਇਸ ਦੁੱਖ ਵਿਚ ਸ਼ਰੀਕ ਹੁੰਦੀ ਹੈ। ਇਸ ਕਤਲ ਨਾਲ ਪੰਜਾਬ ਦੀ ਜਮਹੂਰੀ ਅਤੇ ਦਹਿਸ਼ਤਗਰਦ ਵਿਰੋਧੀ ਲਹਿਰ ਦਾ ਇਕ ਹੋਰ ਅਣਥੱਕ ਘੁਲਾਟੀਆ ਸ਼ਹੀਦ ਹੋਇਆ ਹੈ ਅਤੇ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। - **ਐਚ. ਧਾਲੀਵਾਲ**

# ਸਾਹਿਤ ਵਿਚਾਰ ਮੰਚ ਵਿਨੀਪੈਗ ਵਲੋਂ ਸਾਹਿਤਕ ਕਾਨਫਰੰਸ ਦਾ ਸੱਦਾ।

ਅਸੀਂ ਮਹਿਸੂਸ ਕਰਦੇ ਹਾਂ ਕਿ ਐਸ ਵੇਲੇ ਪੰਜਾਬੀ ਸਾਹਿਤ ਇਕ ਸੰਕਟ ਵਿਚੋਂ ਲੰਘ ਰਿਹਾ ਹੈ। ਇਸ ਸਬੰਧ ਵਿਚ ਅਸੀਂ ਕਈ ਸਾਹਿਤਕਾਰਾਂ ਤੇ ਸਾਹਿਤਕ ਸੂਝ ਰੱਖਣ ਵਾਲੇ ਦੋਸਤਾਂ ਮਿੱਤਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਹੈ, ਜਿਸਨੂੰ ਮੁੱਖ ਰੱਖ ਕੇ ਅਸੀਂ "ਸਾਹਿਤ ਵਿਚਾਰ ਮੰਚ" ਵਿਨੀਪੈਗ, ਵਲੋਂ 1993 ਦੀਆਂ ਗਰਮੀਆਂ ਵਿਚ ਇਕ ਸਾਹਿਤਕ ਕਾਨਫਰੰਸ ਕਰ ਰਹੇ ਹਾਂ। ਇਸ ਕਾਨਫਰੰਸ ਦਾ ਮੁੱਖ ਮੰਤਵ ਸਾਹਿਤ ਦੀ ਪ੍ਰਤੀਬੱਧਤਾ ਅਤੇ ਸਾਹਿਤ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਹੋਵੇਗਾ।

ਕਾਨਫਰੰਸ ਵਾਸਤੇ ਅਸੀਂ ਹੇਠ ਲਿਖੇ ਵਿਸ਼ੇ ਚੁਣੇ ਹਨ:-

**1. ਸਾਹਿਤ ਅਤੇ ਸਾਹਿਤਕਾਰ ਦੀ ਪ੍ਰਤੀਬੱਧਤਾ**
**2. ਸਾਹਿਤ ਵਿਚ ਗਲਤ ਰੁਝਾਨਾਂ ਦੀ ਭਰਮਾਰ**
**3. ਪੰਜਾਬੀ ਸਾਹਿਤਕਾਰਾਂ ਦਾ ਸਿਆਸੀ-ਪਾਰਟੀਆਂ ਦੇ ਪਿਛਲੱਗ ਬਣਨਾ**
**4. ਸਾਹਿਤ ਵਿਚ ਇਨਾਮਾਂ ਦਾ ਰੋਲ**
**5. ਪੰਜਾਬੀ ਸਾਹਿਤ ਵਿਚ ਪਾਠਕਾਂ ਦੀ ਸਮੱਸਿਆ**

ਇਹਨਾਂ ਵਿਸ਼ਿਆਂ ਦੇ ਚੌਖਟੇ ਵਿਚ ਜੇ ਤੁਸੀਂ ਹੋਰ ਵਿਸ਼ੇ ਚਿਤਵ ਸਕਦੇ ਹੋ ਤਾਂ ਸਾਨੂੰ ਸੁਝਾ ਭੇਜੋ। ਅਸੀਂ ਤੁਹਾਡੇ ਸਹਿਯੋਗ, ਸੁਝਾਵਾਂ ਅਤੇ ਸ਼ਮੂਲੀਅਤ ਦਾ ਸਵਾਗਤ ਕਰਾਂਗੇ।

ਸੰਪਰਕ ਲਈ ਪਤਾ:
**ਸਾਹਿਤ ਵਿਚਾਰ ਮੰਚ ਵਿਨੀਪੈਗ**
**649 ਲੌਂਗਸਾਈਡ ਸਟਰੀਟ, ਵਿਨੀਪੈਗ, ਮੈਨੀਟੋਬਾ, R 3B 2T9 ਫੋਨ: (204) 783-0184**

# ਸਰਗਰਮੀਆਂ

**26 ਸਤੰਬਰ, 1992, ਕੈਲਗਰੀ:** ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਕਵੀ ਅਵਤਾਰ ਪਾਸ਼ ਨੂੰ ਸਮਰਪਤ ਕਵਿਤਾ ਦਿਵਸ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਪਾਸ਼ ਵਲੋਂ ਕੈਲਾਫੋਰਨੀਆਂ ਵਿਚ ਪੜ੍ਹੀ ਇਕ ਕਵਿਤਾ ਦੀ ਵੀਡੀਉ ਵਿਖਾਈ ਗਈ। ਇਸ ਤੋਂ ਬਿਨਾਂ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿਚ ਮਾਰਚ 1992 ਨੂੰ ਹੋਏ ਸ਼ਹੀਦੀ ਸਮਾਗਮ ਦੀ ਵੀਡੀਉ ਦਿਖਾਈ ਗਈ।

ਕਵਿਤਾ ਭਾਗ ਵਿਚ ਲੋਕ ਸਭਿਆਚਾਰਕ ਮੰਚ, ਕੈਲਗਰੀ ਦੀ ਟੀਮ ਨੇ ਗੁਰਵਿੰਦਰ ਦੀ ਅਗਵਾਈ ਵਿਚ ਪਾਸ਼ ਦੇ ਗੀਤ ਪੇਸ਼ ਕੀਤੇ। ਇਸਤੋਂ ਬਿਨਾਂ ਕਵਿਤਾ ਪਾਠ ਵਿਚ ਬਹਾਦਰ ਅਜ਼ਾਦ, ਗੁਰਵਿੰਦਰ, ਰਾਜ ਕੈਲਗਰੀ, ਲਖਵਿੰਦਰ ਕੈਨੇਡਾ, ਮਾਸਟਰ ਗੁਰਦੇਵ ਸਿੰਘ, ਸ: ਅਵਤਾਰ ਸਿੰਘ ਧਾਲੀਵਾਲ, ਅਤੇ ਨਰਿੰਜਨ ਸਿੰਘ ਚੀਮਾ ਨੇ ਭਾਗ ਲਿਆ।




ਅਮਰਜੀਤ ਸੂਫੀ ਦੀ ਕਿਤਾਬ **ਪੰਜਾਬ ਸੰਕਟ: ਇਕ ਵਿਸ਼ਲੇਸ਼ਣ** ਦੇ ਰੀਲੀਜ਼ ਸਮਾਗਮ ਸਮੇਂ ਕਵਿਤਾ ਸੁਣਾ ਰਹੇ ਸੁਖਵਿੰਦਰ ਕੌਰ ਬੈਂਸ। ਪਿਛੇ ਬੈਠੇ ਹਨ (ਖੱਬਿਓਂ ਸੱਜੇ) ਗੁਰਚਰਨ ਟੱਲੇਵਾਲੀਆ, ਇੰਦਰੇਸ਼, ਬਲਦੇਵ ਦੂਹੜੇ, ਸੋਹਣ ਸੁਰਿੰਦਰ ਸੰਘਾ, ਅਮਰਜੀਤ ਸੂਫੀ ਤੇ ਚਰਨਪ੍ਰੀਤ ਕੌਰ ਰੰਧਾਵਾ।

ਪ੍ਰਿੰਸੀਪਲ ਮਨਜੀਤ ਸਿੰਘ ਹੋਰਾਂ ਪਾਸ਼ ਇੰਟਰਨੈਸ਼ਨਲ ਟਰੱਸਟ ਦੇ ਕਨਵੀਨਰ ਤੇ ਪੰਜਾਬੀ ਦੇ ਪ੍ਰਸਿੱਧ ਕਵੀ, ਕਾਮਰੇਡ ਪ੍ਰੋਫੈਸਰ ਸੁਰਿੰਦਰ ਧੰਜਲ ਵਲੋਂ ਲੋਕ ਸਭਿਆਚਾਰਕ ਮੰਚ ਕੈਲਗਰੀ ਦੇ ਨਾਮ ਭੇਜਿਆ ਸੁਨੇਹਾ ਪੜ੍ਹ ਕੇ ਸੁਣਾਇਆ ਜਿਸ ਵਿਚ ਉਹਨਾਂ ਇਸ ਸਾਹਿਤਕ ਇਕਤਰਤਾ ਤੇ ਖੁਸ਼ੀ ਪਰਗਟ ਕਰਦਿਆਂ ਆਪਣੀਆਂ ਸਰਗਰਮੀਆਂ ਜਾਰੀ ਰੱਖਣ ਤੇ ਅਗਾਂਹਵਧੂ ਤੇ ਸਾਫ ਸੁਥਰਾ ਕਲਚਰ ਸਾਂਭ ਰੱਖਣ ਲਈ ਕਿਹਾ। ਪ੍ਰੋਗਰਾਮ ਦੇ ਅੰਤ ਵਿਚ "ਪੰਜਾਬ ਏਕ ਯਾਤਰਾ" ਫਿਲਮ ਦਿਖਾਈ ਗਈ। ਇਸ ਪ੍ਰੋਗਰਾਮ ਵਿਚ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰਾਜ ਕੈਲਗਰੀ ਨੇ ਨਿਭਾਈ। **– ਰਾਜ ਕੈਲਗਰੀ**



ਇਕਬਾਲ ਖਾਨ ਆਪਣੀ ਪੁਸਤਕ **'ਕਾਫਲੇ'** ਪ੍ਰਿੰਸੀਪਲ ਮਨਜੀਤ ਸਿੰਘ ਨੂੰ ਭੇਟ ਕਰ ਰਹੇ ਹਨ। ਨਾਲ ਖੜੇ ਹਨ ਰਾਜ ਕੈਲਗਰੀ।

**11 ਅਕਤੂਬਰ, 1992, ਟੋਰਾਂਟੋ:** ਰਵਿੰਦਰ ਗਿੱਲ ਦੇ ਉੱਦਮ ਨਾਲ ਟੋਰਾਂਟੋ ਦੇ ਵੈਸਟ ਹੰਬਰ ਕਾਲਜੀਏਟ ਵਿਚ ਹੋਏ ਸਾਲਾਨਾ ਪੰਜਾਬੀ ਸਭਿਆਚਾਰਕ ਮੇਲੇ ਨੇ ਪਿਛਲੇ ਦੋ ਸਾਲਾਂ ਦੀ ਤਰ੍ਹਾਂ ਇਕ ਵਾਰ ਫਿਰ ਸਫਲਤਾ ਦੀਆਂ ਬੁਲੰਦੀਆਂ ਨੂੰ ਛੋਹਿਆ। ਇਸ ਪੂਰੇ ਦਿਨ ਭਰ ਦੇ ਮੇਲੇ ਦਾ ਪਰੋਗਰਾਮ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਪਹਿਲਾ ਭਾਗ ਦੁਪਹਿਰ 12 ਵਜੇ ਅਮਨਪਾਲ ਸਾਰਾ (ਵੈਨਕੂਵਰ ਸੰਥ) ਦੀ ਵਿਲੱਖਣ ਫਿਲਮ 'ਓਹਲਾ', ਜਿਸ ਵਿਚ ਸਮੁੱਚੇ ਪੰਜਾਬ ਦੀ ਝਲਕ ਦਿਖਾਈ ਦਿੰਦੀ ਸੀ, ਨਾਲ ਸ਼ੁਰੂ ਹੋਇਆ। ਦਰਸ਼ਕਾਂ ਨੇ ਇਸ ਫਿਲਮ ਦੀ ਭਰਪੂਰ ਸ਼ਲਾਘਾ ਕੀਤੀ। ਅਗਲੇ ਹਿੱਸੇ ਵਿਚ ਗੀਤ, ਸੰਗੀਤ ਤੇ ਕਵਿਤਾ ਪਾਠ ਹੋਇਆ, ਜਿਸ ਵਿਚ ਟੋਰਾਂਟੋ ਤੇ ਇਸਦੇ ਆਸ ਪਾਸ ਰਹਿਣ ਵਾਲੇ ਉੱਘੇ ਗੀਤਕਾਰਾਂ, ਸੰਗੀਤਕਾਰਾਂ ਤੇ ਕਵੀ ਸੱਜਣਾਂ ਨੇ ਭਾਗ ਲਿਆ। ਇਨ੍ਹਾਂ ਵਿਚ ਸੁਨੀਲ ਕੁਮਾਰ, ਗੁਲਜ਼ਾਰ ਲਹੌਰੀਆ, ਹਰਜੀਤ, ਕੁਲਦੀਪ ਸੰਧੂ, ਜਗਦੀਸ਼ ਦੀਸ਼ਾ, ਰਵਿੰਦਰ ਗਿੱਲ, ਮੇਜਰ ਅਮਰਜੀਤ ਟਿਵਾਣਾ, ਨਜ਼ੀਰ ਸਦਰ, ਅਤੇ ਇਕਬਾਲ ਰਾਮੂਵਾਲੀਆ ਦੇ ਨਾਂ ਖਾਸ ਤੌਰ ਤੇ ਵਰਨਣ ਯੋਗ ਹਨ। ਸਟੇਜ ਦੀ ਜ਼ਿੰਮੇਵਾਰੀ ਯਾਰਕ ਯੂਨੀਵਰਸਿਟੀ ਦੇ ਵਿਦਿਆਰਥੀ ਤੇ ਉਭਰ ਰਹੇ ਸੋਸ਼ਲ ਵਰਕਰ ਪਰਮਜੀਤ ਸਿੰਘ ਬੱਲ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

ਇਸ ਤੋਂ ਬਾਅਦ ਇਕਬਾਲ ਰਾਮੂਵਾਲੀਆ ਨੇ 'ਸੋਚਣ ਵਾਲੀ ਗੱਲ' ਡਰਾਮੇ ਬਾਰੇ ਸੰਖੇਪ ਜਾਣਕਾਰੀ ਦੇ ਕੇ ਇਸ ਨੂੰ ਸ਼ੁਰੂ ਕਰਵਾਇਆ। ਰਵਿੰਦਰ ਗਿੱਲ ਦੇ ਲਿਖੇ ਇਸ ਡਰਾਮੇ ਦੀ ਡਾਇਰੈਕਸ਼ਨ ਅਮਨਪਾਲ ਸਾਰਾ ਨੇ ਦਿੱਤੀ ਸੀ। ਇਸ ਵਿਚ ਅਮਨਪਾਲ ਸਾਰਾ ਅਤੇ ਰਵਿੰਦਰ ਗਿੱਲ ਤੋਂ ਬਿਨ੍ਹਾਂ ਨਵੇਂ ਚਿਹਰਿਆਂ ਮਿਸ ਦੀਪਾ, ਕਰਨਲ ਬੁਲੰਦ ਇਕਬਾਲ ਤੇ ਬੈਬੀ ਨੇ ਭਾਗ ਲਿਆ। ਇਸਦਾ ਵਿਸ਼ਾ ਪੰਜਾਬੀ ਮਾਪਿਆਂ ਤੇ ਜਵਾਨ ਬੱਚਿਆਂ ਵਿਚਕਾਰ ਵਧ ਰਹੇ ਫਾਸਲੇ ਬਾਰੇ ਸੀ ਜਿਸਨੇ ਸਰੋਤਿਆਂ ਦੇ ਮਨਾਂ ਨੂੰ ਟੁੰਬਿਆ।

ਪ੍ਰੋਗਰਾਮ ਦਾ ਦੂਜਾ ਹਿੱਸਾ, ਐਥਨਿਕ ਐਕਸਪ੍ਰੈਸ਼ਨ ਵਲੋਂ ਸਪਾਂਸਰ ਕੀਤੇ ਇਕ ਦਿਲ ਖਿਚਣ ਵਾਲੇ ਫੈਸ਼ਨ ਸ਼ੋਅ ਨਾਲ ਸ਼ੁਰੂ ਹੋਇਆ, ਜਿਸ ਵਿਚ ਕੋਈ 15 ਕੁੜੀਆਂ ਨੇ ਭਾਗ ਲਿਆ। ਇਸਦਾ ਮੁੱਖ ਉਦੇਸ਼ ਕਨੇਡੀਅਨ ਨਵੀਂ ਪੰਜਾਬੀ ਪੀੜ੍ਹੀ ਨੂੰ ਸੁਹਣੇ ਭਾਰਤੀ ਪਹਿਰਾਵੇ ਪਹਿਨਣ ਦੀ ਪ੍ਰੇਰਨਾ ਦੇਣਾ ਸੀ ਤਾਂ ਕਿ ਉਹ ਬਾਹਰ–ਅੰਦਰ ਪੰਜਾਬੀ ਪਹਿਰਾਵੇ ਪਹਿਨਣ ਤੋਂ ਗੁਰੇਜ਼ ਨਾ ਕਰਨ। ਇਸਦੇ ਨਾਲ ਹੀ ਕੁੜੀਆਂ ਵਲੋਂ ਪੰਜਾਬੀ ਗਿੱਧਾ ਪੇਸ਼ ਕੀਤਾ ਗਿਆ ਜਿਸਦੀ ਸ਼ੁਰੂਆਤ 'ਜਾਗੋ' ਨਾਲ ਹੋਈ। ਇਸ ਗਿੱਧੇ ਨੇ ਪੰਜਾਬ ਦੀਆਂ ਤੀਆਂ ਦੀ ਯਾਦ ਤਾਜ਼ਾ ਕੀਤੀ ਤੇ ਫਿਰ ਮੁੰਡਿਆਂ ਵਲੋਂ ਪੇਸ਼ ਕੀਤੇ ਭੰਗੜੇ ਨਾਲ ਸਾਰਾ ਮਾਹੌਲ ਝੂਮ ਉਠਿਆ। ਭੰਗੜੇ ਤੋਂ ਬਾਅਦ ਇਸ ਮੇਲੇ ਵਿਚ ਪਿਛਲੇ ਦੋ ਸਾਲਾਂ ਤੋਂ ਕਰਵਾਏ ਜਾ ਰਹੇ ਡਾਂਸ ਮੁਕਾਬਲੇ ਦਾ ਆਰੰਭ ਹੋਇਆ। ਪ੍ਰੋਗਰਾਮ ਦੇ ਦੂਜੇ ਹਿੱਸੇ ਦਾ ਅੰਤ ਰੂਬੀ ਕੁਈਨ ਵਲੋਂ ਸਪਾਂਸਰ ਕੀਤੇ ਫੈਸ਼ਨ ਸ਼ੋਅ ਨਾਲ ਹੋਇਆ। ਇਹ ਮੇਲਾ ਰਾਤ ਦੇ ਬਾਰ੍ਹਾਂ ਵਜੇ ਤਕ ਬੜਾ ਹੀ ਰੌਚਕ ਰਿਹਾ ਅਤੇ ਕੋਈ ਹਜ਼ਾਰ ਤੋਂ ਉਪਰ ਪੰਜਾਬੀਆਂ ਨੇ ਪਰਵਾਰਾਂ ਸਮੇਤ ਇਸਦਾ ਹੀ ਆਨੰਦ ਮਾਣਿਆਂ।



ਡਰਾਮਾ ਸੋਚਣ ਵਾਲੀ ਗੱਲ ਦੇ ਕਲਾਕਾਰ – ਬੈਬੀ, ਕਰਨਲ ਬੁਲੰਦ ਇਕਬਾਲ, ਕਰਮਜੀਤ ਦੀਪਾ, ਅਮਨਪਾਲ ਸਾਰਾ ਤੇ ਰਵਿੰਦਰ ਗਿੱਲ।

ਬੇਸ਼ਕ ਟੋਰਾਂਟੋ ਦੇ ਸਾਲਾਨਾ ਮੇਲਿਆਂ ਦੀ ਇਹ ਲੜੀ ਹੁਣ ਹਰ ਸਾਲ ਜਾਰੀ ਰਹੇਗੀ, ਪਰ ਹੋਰ ਵੀ ਕਾਮਯਾਬੀ ਦੀਆਂ ਸਿਖਰਾਂ ਛੋਹਣ ਲਈ ਚੰਗਾ ਹੈ, ਜੇ ਰਵਿੰਦਰ ਇਨ੍ਹਾਂ ਮੇਲਿਆਂ ਨੂੰ ਇਕੱਲਾ ਕੰਡਕਟ ਕਰਨ ਦੀ ਬਜਾਏ, ਬਿਜਨਿਸ ਕਮਿਊਨਿਟੀ ਤੇ ਹੋਰ ਅਦਾਰਿਆਂ ਨੂੰ ਪ੍ਰਬੰਧਕੀ ਕਮੇਟੀ ਵਿਚ ਸ਼ਾਮਲ ਕਰੇ। – **ਅਮਰ ਬਾਜਵਾ**

**19 ਨਵੰਬਰ 1992, ਕੈਲਗਰੀ:** ਲੋਕ ਸਭਿਆਚਾਰਕ ਮੰਚ ਕੈਲਗਰੀ ਵੱਲੋਂ ਇੰਡੋ

**ਬਾਕੀ ਸਫਾ 42 'ਤੇ**

**WATAN**
P.O.Box 67681 Stn.'O'
Vancouver, B.C. [redacted]

*S. No. 15, Vol. 4*
No. 3; Spring, 1993
Jan./Feb./Mar. 1993

2nd Class Mail Reg. No. 8753

To

# ਸ਼ੁਭਚਿੰਤਨ



## ਅਜਮੇਰ ਰੋਡੇ

ਅਜਮੇਰ ਰੋਡੇ ਨੇ ਆਪਣੀ ਨਵੀਂ ਪੁਸਤਕ ਸ਼ੁੱਭਚਿੰਤਨ ਵਿਚ ਆਪਣੇ 'ਮਨ ਵਿਚਲੇ ਭਾਵਾਂ ਦੇ ਸਮੁੰਦਰ' ਨੂੰ ਪਾਠਕਾਂ ਨਾਲ ਸਾਂਝੇ ਕਰਨ ਲਈ ਕਵਿਤਾ ਤੇ ਵਾਰਤਕ ਨੂੰ ਇਕ ਵੱਖਰੇ ਅੰਦਾਜ਼ ਵਿਚ ਵਰਤਿਆ ਹੈ। ਅਜਮੇਰ ਦੀ ਧਾਰਨਾ ਹੈ ਕਿ ਮਨੁੱਖ ਨੂੰ ਅੱਜ ਸਿਰਫ ਚਿੰਤਨ ਦੀ ਨਹੀਂ ਸ਼ੁੱਭਚਿੰਤਨ ਦੀ ਲੋੜ ਹੈ। ਤੇ ਇਸ ਕਾਰਜ ਵਿਚ ਜਿਥੇ ਉਹ ਇਸ ਪੁਸਤਕ ਰਾਹੀਂ ਆਪਣਾ ਹਿੱਸਾ ਪਾਉਂਦਾ ਹੈ ਉਥੇ ਉਹ ਪੰਜਾਬੀ ਸਾਹਿਤ ਤੇ ਚਿੰਤਨ ਤੋਂ ਵੀ ਵੱਡੀਆਂ ਆਸਾਂ ਰੱਖਦਾ ਹੈ। ਸਾਡੀ ਦੁਆ ਹੈ ਕਿ ਅਜਮੇਰ ਦਾ ਇਹ ਸੁਹਣਾ ਸੁਪਨਾ ਸਾਕਾਰ ਹੋਵੇ। ਅਸੀਂ ਵਤਨ ਵਲੋਂ ਸ਼ੁੱਭਚਿੰਤਨ ਨੂੰ ਜੀ ਆਇਆਂ ਆਖਦੇ ਹਾਂ।

– ਅਦਾਰਾ ਵਤਨ

ਮਨੁੱਖੀ ਮਨ ਭਾਵਾਂ ਦਾ ਸਮੁੰਦਰ ਹੈ; ਚਿੰਤਨ ਇਸ ਸਮੁੰਦਰ ਵਿਚ ਇਕ ਨਿੱਕਾ ਜਿਹਾ ਟਾਪੂ। ਪਰ ਇਹ ਟਾਪੂ ਮਹੱਤਵਪੂਰਣ ਹੈ; ਇਸ ਉੱਤੇ ਰੌਸ਼ਨੀ ਹੈ। ਅਤੇ ਇਹ ਰੌਸ਼ਨ ਟਾਪੂ ਹੀ ਮਨੁੱਖ ਨੂੰ ਬਾਕੀ ਜੀਵ-ਸੰਸਾਰ ਨਾਲੋਂ ਵੱਖਰੀ ਹਸਤੀ ਬਖ਼ਸ਼ਦਾ ਹੈ। ਭਾਵਾਂ ਦੀਆਂ ਛੱਲਾਂ ਇਸ ਨਾਲ ਟਕਰਾ ਕੇ ਸ਼ਾਂਤ ਹੋ ਜਾਂਦੀਆਂ ਹਨ। ਇਸ ਦੀ ਹੋਂਦ ਛੱਲਾਂ ਨੂੰ ਦਿਸ਼ਾ ਬਖ਼ਸ਼ਦੀ ਹੈ, ਇਹਨਾਂ ਦੇ ਉਤਰਾ ਚੜ੍ਹਾ ਮਾਪਦੀ ਹੈ।

ਮਨੁੱਖੀ ਸਭਿਆਚਾਰ ਮਨੁੱਖੀ ਮਨਾਂ ਦਾ ਹੀ ਸਮੂਹਕ ਪ੍ਰਤਿਬਿੰਬ ਹੈ। ਚਿੰਤਨ ਅਤੇ ਭਾਵਾਂ ਦਾ ਸੰਤੁਲਨ ਜਾਂ ਅਸੰਤੁਲਨ ਹੀ ਮੁੱਖ ਤੌਰ 'ਤੇ ਕਿਸੇ ਸਭਿਆਚਾਰ ਦੇ ਸੁਭਾਓ ਨੂੰ ਪ੍ਰਗਟਾਉਂਦਾ ਹੈ। ਪੰਜਾਬੀਆਂ ਦੀ ਪ੍ਰਕਿਤੀ ਵਿਚ ਚਿੰਤਨ ਅਜੇ ਧਰਮ ਅਤੇ ਕਵਿਤਾ ਵਾਂਗ ਨਹੀਂ ਸਮਾਇਆ। ਸਾਡੇ ਉੱਤੇ ਅਜੇ ਵੀ ਰੋਮਾਂਸ ਹਾਵੀ ਹੈ। ਅਵਿਕਸਤ ਚਿੰਤਨ ਸਦਕਾ ਹੀ ਪੰਜਾਬ ਵਿਚ ਅੱਜ ਲਹੂ ਦੀਆਂ ਨਦੀਆਂ ਵਗ ਰਹੀਆਂ ਹਨ। ਉਜ ਕਿਸੇ ਸਭਿਆਚਾਰ ਵਿਚ ਚਿੰਤਨ ਦਾ ਪ੍ਰਫੁੱਲਿਤ ਹੋਣਾ ਵੀ ਉੱਤਮ ਸਭਿਆਚਾਰ ਦੀ ਗਰੰਟੀ ਨਹੀਂ। ਅਮਰੀਕਾ ਵਿਚ ਚਿੰਤਨ-ਪ੍ਰਕਿਰਿਆ ਦੀ ਘਾਟ ਨਹੀਂ ਪਰ ਅਮਰੀਕਾ ਨੇ ਹੀ ਅੱਜ ਇਤਿਹਾਸ ਦੀ ਸੱਭ ਤੋਂ ਵੱਧ ਹਉਮੈਂਵਾਦੀ, ਲਾਲਚੀ ਅਤੇ ਵਿਰਾਟ ਸਲਤਨਤ ਨੂੰ ਜਨਮ ਦਿਤਾ ਹੈ।

ਵਾਸਤਵ ਵਿਚ ਲੋੜ ਅੱਜ ਸ਼ੁੱਭਚਿੰਤਨ ਦੀ ਹੈ, ਕੇਵਲ ਚਿੰਤਨ ਦੀ ਨਹੀਂ। ਜਿਸ ਚਿੰਤਨ ਪਿੱਛੇ ਸ਼ੁਭ-ਭਾਵਨਾ ਨਹੀਂ, ਉਸ ਦੀ ਅੱਖ ਵਿਚ ਕਦੇ ਵੀ ਸਵਾਰਥ ਦੀ ਮੈਲ ਭਰ ਸਕਦੀ ਹੈ ਅਤੇ ਉਸ ਅੱਖ ਵਿਚੋਂ ਕਦੇ ਵੀ ਲਹੂ ਟਪਕ ਸਕਦਾ ਹੈ।

ਇਹ ਪਹਿਲੀ ਕਵਿਤਾ (ਕਿਤਾਬ ਸ਼ੁੱਭਚਿੰਤਨ ਦੀ ਪਹਿਲੀ ਕਵਿਤਾ) ਉਹਨਾਂ ਪਲਾਂ ਵਿਚ ਲਿਖੀ ਗਈ ਸੀ ਜਦੋਂ ਜਾਪਦਾ ਸੀ ਪੰਜਾਬ ਵਿਚ ਸ਼ੁੱਭਚਿੰਤਨ ਦਾ ਪਹੁਫੁਟਾਲਾ ਹੋਣ ਲੱਗਾ ਹੈ। ਇਹ ਕਵਿਤਾ ਉਸੇ ਸ਼ੁੱਭਚਿੰਤਨ ਨੂੰ ਭੇਟ ਹੈ ਜਿਸ ਦੀ ਉਡੀਕ ਵਿਚ ਸਾਰੇ ਪੰਜਾਬ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ।

– ਸ਼ੁੱਭਚਿੰਤਨ ਵਿਚੋਂ

Watan (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Commnuity. The contributors include well-known Punjabi writers throughout the world.

ਵਤਨ

ਤਿੰਨ ਡਾਲਰ